# ਵਿਗਿਆਨ ਜੋਤ

**ਸਾਲ 12, ਅੰਕ 6**

ਨਵੰਬਰ ਦਸੰਬਰ, 2017

PUNPUN/2006/17457



ਮੁੱਖ ਸੰਪਾਦਕ:
ਮੇਘ ਰਾਜ ਮਿੱਤਰ

ਸੰਪਾਦਕ:
ਅਜਮੇਰ ਸਿੱਧੂ
ਸੁਰਜੀਤ ਗੱਗ

ਮੁੱਖ ਪ੍ਰਬੰਧਕ:
ਅਮਿੱਤ ਮਿੱਤਰ

ਸੰਪਾਦਕੀ ਬੋਰਡ
* ਰਾਜਾ ਰਾਮ ਹੰਢਿਆਇਆ
* ਮੇਘ ਰਾਜ ਰੱਲਾ
* ਸਰਜੀਤ ਤਲਵਾਰ
* ਗੁਰਪ੍ਰੀਤ ਮੱਲੋਕੇ
* ਮਨਿੰਦਰ ਰੰਧਾਵਾ
* ਨਗਿੰਦਰ ਮਾਨਾਂ

ਸਲਾਹਕਾਰੀ ਬੋਰਡ
* ਡਾ. ਹਰੀਸ਼ ਮਲਹੋਤਰਾ ਬਰਮਿੰਘਮ
* ਅਵਤਾਰ ਨਿਊਜ਼ੀਲੈਂਡ
* ਡਾ. ਵਿਸ਼ਾਲ ਭਾਰਤੀ (ਐਮ.ਡੀ.)



## ਦਰ ਚੰਦਾ

| | |
|---|---|
| ਸਲਾਨਾ ਚੰਦਾ | 100/- |
| ਦੋ ਸਾਲਾਂ ਦਾ ਚੰਦਾ | 150/- |
| ਪੰਜ ਸਾਲ ਲਈ | 350/- |
| ਵਿਦੇਸ਼ਾਂ ਲਈ ਸਲਾਨਾ ਚੰਦਾ | 500/- |
| ਵਿਦੇਸ਼ਾਂ 'ਚ ਪੰਜ ਸਾਲ ਲਈ | 2000/- |



ਚੰਦੇ ਅਤੇ ਰਚਨਾਵਾਂ ਭੇਜਣ ਲਈ ਪਤਾ:
ਅਮਿੱਤ ਮਿੱਤਰ
ਤਰਕਸ਼ੀਲ ਨਿਵਾਸ, ਕੱਚਾ ਕਾਲਜ ਰੋਡ,
ਗਲੀ ਨੰਬਰ 8, ਬਰਨਾਲਾ-148101
ਫ਼ੋਨ 01679-241744
Email : tarksheel@gmail.com



ਨੋਟ ਸਿੱਖਿਆ ਵਿਭਾਗ ਵੱਲੋਂ 'ਵਿਗਿਆਨ ਜੋਤ' ਸਕੂਲਾਂ ਲਈ ਪ੍ਰਵਾਨਿਤ ਹੈ

ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਹੁਕਮ ਨੰਬਰ 4/2-2003 ਮਿਤੀ 2-5-2003 ਐਡੀਟਰ ਪੰਜਾਬੀ ਰਾਹੀਂ ਰਾਜ ਦੀਆਂ ਸਾਰੀਆਂ ਵਿੱਦਿਅਕ ਸੰਸਥਾਵਾਂ ਲਈ ਪ੍ਰਵਾਨਿਤ ਹੈ।



ਵਿਸ਼ੇਸ਼ ਨੋਟ : ਕਿਸੇ ਵੀ ਤਰ੍ਹਾਂ ਦਾ ਵਾਦ ਵਿਵਾਦ ਸਿਰਫ਼ ਬਰਨਾਲਾ ਦੀ ਅਦਾਲਤ ਵਿੱਚ ਨਜਿੱਠਿਆ ਜਾਵੇਗਾ।


ਸੰਪਾਦਕੀ

# ਸੱਚ ਦਾ ਨਿਤਾਰਾ...



ਤਰਕਸ਼ੀਲ ਸੁਸਾਇਟੀ ਨੇ 1984 ਤੋਂ ਆਪਣੇ ਪ੍ਰਚਾਰ ਪ੍ਰਸਾਰ ਦਾ ਕਾਰਜ ਸ਼ੁਰੂ ਕੀਤਾ ਹੋਇਆ ਹੈ। ਇਸਦਾ ਪ੍ਰਚਾਰ ਧਾਰਮਿਕ ਅਦਾਰਿਆਂ ਡੇਰਿਆਂ ਪੁਜਾਰੀਆਂ ਅਤੇ ਸਾਧਾਂ-ਸੰਤਾਂ ਨੂੰ ਕੰਬਣੀਆਂ ਛੇੜ ਰਿਹਾ ਹੈ। ਉਨ੍ਹਾਂ ਨੂੰ ਆਪਣਾ ਅੰਤ ਨੇੜੇ ਜਾਪਦਾ ਹੈ। ਭਾਵੇਂ ਤਰਕਸ਼ੀਲ ਸੁਸਾਇਟੀ ਕਿਸੇ ਵੀ ਧਾਰਮਿਕ ਸਥਾਨ ਮਟੀ ਜਾਂ ਮੂਰਤੀ ਨੂੰ ਹੱਥ ਵੀ ਨਹੀਂ ਲਾਉਂਦੀ। ਫਿਰ ਵੀ ਬਹੁਤ ਸਾਰੇ ਪਾਖੰਡੀ ਤਰਕਸ਼ੀਲ ਵਿਅਕਤੀਆਂ ਜਾਂ ਸੁਸਾਇਟੀ ਨੂੰ ਨੁਕਸਾਨ ਪਹੁੰਚਾਉਣ ਲਈ ਹਰ ਹੀਲਾ ਵਰਤੋਂ ਵਿੱਚ ਲਿਆਉਂਦੇ ਰਹਿੰਦੇ ਹਨ। ਪਿੱਛੇ ਜਿਹੇ ਜਦੋਂ ਬਰਗਾੜੀ ਵਿਖੇ ਧਾਰਮਿਕ ਗ੍ਰੰਥਾਂ ਦੀ ਬੇਅਦਬੀ ਹੋਈ ਤਾਂ ਇੱਕ ਪ੍ਰਚਾਰਕ ਨੇ ਇਹ ਗੱਲ ਆਪਣੇ ਕੀਰਤਨ ਦਰਬਾਰ ਵਿੱਚ ਕਹੀ ਕਿ "ਹੋ ਸਕਦਾ ਹੈ ਇਹ ਕਾਰਾ ਤਰਕਸ਼ੀਲਾਂ ਦਾ ਹੋਵੇ।" ਪਰ ਲੋਕਾਂ ਨੇ ਉਸ ਦੀ ਗੱਲ ਨੂੰ ਕੋਈ ਤਵੱਜੋਂ ਨਹੀਂ ਦਿੱਤੀ।

ਸ਼੍ਰੋਮਣੀ ਗੁਰੂਦੁਆਰਾ ਪ੍ਰਬੰਧਕ ਕਮੇਟੀ (ਪੰਜਾਬ) ਪੈਸੇ ਵਾਲਾ ਅਤੇ ਧਾਰਮਿਕ ਸ਼ਰਧਾ ਵਾਲਾ ਸਭ ਤੋਂ ਵੱਡਾ ਅਦਾਰਾ ਹੈ। ਇਸ ਦੇ ਮੈਂਬਰ ਜਥੇਦਾਰ ਸ੍ਰ. ਸੁੱਚਾ ਸਿੰਘ ਜੀ ਲੰਗਾਹ ਦੀ ਵੀਡੀਓ ਵਾਇਰਲ ਹੋਈ ਹੈ। "ਸ਼ੁਕਰ ਹੈ ਕਿਸੇ ਨੇ ਇਹ ਨਹੀਂ ਕਿਹਾ ਕਿ ਇਹ ਕਾਰਾ ਤਰਕਸ਼ੀਲਾਂ ਨੇ ਉਸ ਬੀਬੀ ਨੂੰ ਸਿਖਾ ਕੇ ਕਰਵਾਇਆ ਹੈ।" ਪਰ ਹੁਣ ਤਾਂ ਸਿਰਸੇ ਡੇਰੇ ਵਾਲਿਆਂ ਨੇ ਇਹ ਗੱਲ ਆਪਣੇ ਦੁਆਰਾ ਦੋ ਭਾਗਾਂ ਵਿੱਚ ਜਾਰੀ ਕੀਤੇ ਦਸਤਾਵੇਜ਼ਾਂ ਵਿੱਚ ਲਿਖਣੀ ਸ਼ੁਰੂ ਕਰ ਦਿੱਤੀ ਕਿ "ਬਲਾਤਕਾਰ ਦਾ ਸ਼ਿਕਾਰ ਹੋਈਆਂ ਸਾਧਵੀਆਂ ਦੀ ਕੋਈ ਹੋਂਦ ਹੀ ਨਹੀਂ। ਇਹ ਤਾਂ ਸਿਰਫ਼ ਇੱਕ ਵਿਅਕਤੀ ਤਰਕਸ਼ੀਲ ਸੁਸਾਇਟੀ ਦੇ ਪ੍ਰਧਾਨ ਰਾਜਾ ਰਾਮ ਦੇ ਮਨ ਦੀ ਉਪਜ ਸਨ। ਸੰਨ 2002 ਵਿੱਚ ਰਾਜਾ ਰਾਮ ਕੰਪਿਊਟਰ ਦਾ ਮਾਹਿਰ ਸੀ ਅਤੇ ਉਸ ਕੋਲ ਇੰਟਰਨੈੱਟ ਪ੍ਰਿੰਟਰ ਆਦਿ ਦੀਆਂ ਸਾਰੀਆਂ ਸਹੂਲਤਾਂ ਸਨ। ਸਾਰੇ ਅਖ਼ਬਾਰਾਂ ਦੇ ਪਤੇ ਵੀ ਉਸ ਕੋਲ ਸਨ। ਇਸ ਲਈ ਉਸਨੇ ਖ਼ੁਦ ਹੀ ਇਹ ਚਿੱਠੀ ਲਿਖੀ ਅਤੇ ਵੱਖ-ਵੱਖ ਥਾਵਾਂ ਨੂੰ ਭੇਜ ਦਿੱਤੀ। ਇਸ ਪੰਫ਼ਲੈੱਟ ਵਿੱਚ ਇਹ ਵੀ ਲਿਖਿਆ ਹੈ ਕਿ ਰਾਜਾ ਰਾਮ ਆਰ.ਐਸ.ਐਸ. ਜਾਂ ਬੀ.ਜੇ. ਪੀ. ਦਾ ਬੰਦਾ ਹੈ।"

ਇੱਥੇ ਅਸੀਂ ਇਹ ਸਪੱਸ਼ਟ ਕਰ ਦੇਣਾ ਚਾਹੁੰਦੇ ਹਾਂ ਕਿ ਸ੍ਰੀ ਰਾਜਾ ਰਾਮ ਜੀ ਸਾਡੀ ਸੰਸਥਾ ਤਰਕਸ਼ੀਲ ਸੁਸਾਇਟੀ ਭਾਰਤ ਦਾ ਪ੍ਰਧਾਨ ਹੈ। ਸਾਡੀ ਪੂਰੀ ਸੰਸਥਾ ਉਸਦੇ ਨਾਲ ਹੈ। 2002 ਦੀ ਗੱਲ ਤਾਂ ਛੱਡੋ ਰਾਜਾ ਰਾਮ ਕੋਲ ਅੱਜ ਤੱਕ ਵੀ ਕੰਪਿਊਟਰ ਨਹੀਂ ਫਿਰ ਇੰਟਰਨੈੱਟ ਜਾਂ ਪ੍ਰਿੰਟਰ ਕਿਵੇਂ ਹੋ ਸਕਦਾ ਹੈ? ਨਾ ਹੀ ਕਿਸੇ ਗੁੰਮਨਾਮ ਸਾਧਵੀ ਨੂੰ ਜਾਣਦਾ ਸੀ ਅਤੇ ਨਾ ਹੀ ਉਨ੍ਹਾਂ ਦੇ ਘਰ ਵਾਲਿਆਂ ਨਾਲ ਕੋਈ ਨਜ਼ਦੀਕੀ ਸੀ ਨਾ ਹੀ ਅੱਜ ਤੱਕ ਉਹ ਤੁਹਾਡੇ ਡੇਰੇ ਸਿਰਸੇ ਗਿਆ ਹੈ। ਅਸਲ ਵਿੱਚ ਡੇਰਾ ਆਪਣੇ ਭਗਤਾਂ ਨੂੰ ਝੂਠੀਆਂ ਅਫ਼ਵਾਹਾਂ ਛੱਡ ਕੇ ਉਨ੍ਹਾਂ ਦਾ ਧਿਆਨ ਅਸਲੀਅਤ ਤੋਂ ਪਰ੍ਹਾਂ ਹਟਾਉਣਾ ਚਾਹੁੰਦਾ ਹੈ। ਅਸੀਂ ਸਮਝਦੇ ਹਾਂ ਕਿ ਚਿੱਠੀ ਕਿਸੇ ਦੁਖੀ ਸਾਧਵੀ ਵੱਲੋਂ ਲਿਖਵਾਈ ਜ਼ਰੂਰ ਗਈ ਹੋਵੇਗੀ। ਸੀ.ਬੀ.ਆਈ. ਕੋਲ ਆਪਣੇ ਦੁੱਖਾਂ ਨੂੰ ਫਰੋਲਣ ਵਾਲੀਆਂ ਸਾਧਵੀਆਂ ਦੀ ਹੋਂਦ ਵੀ ਜ਼ਰੂਰ ਹੋਵੇਗੀ। ਇਸ ਲਈ ਡੇਰੇ ਵੱਲੋਂ ਬੋਲੇ ਗਏ ਝੂਠ, ਅਸਲੀਅਤ ਨੂੰ ਛੁਪਾ ਨਹੀਂ ਸਕਣਗੇ। ਡੇਰੇ ਦੇ ਬੋਲਣ ਤੋਂ ਲੱਗਦਾ ਹੈ ਕਿ ਪਿਛਲੇ ਦੋ ਮਹੀਨਿਆਂ ਵਿਚ ਵਾਪਰੀਆਂ ਘਟਨਾਵਾਂ ਕਰਕੇ ਉਹ ਬੀ.ਜੇ. ਪੀ. ਆਰ.ਐਸ.ਐਸ. ਅਤੇ ਅਕਾਲੀ ਦਲ ਵੱਲੋਂ ਉਨ੍ਹਾਂ ਦੀ ਸਮੇਂ ਸਿਰ ਮੱਦਦ ਨਾ ਕਰਨ ਕਰਕੇ ਦੁਖੀ ਹਨ। ਉਹ ਬੇਸ਼ੱਕ ਕਹੀ ਜਾਣ ਸਾਡਾ ਇਸ ਨਾਲ ਕੋਈ ਲੈਣਾ-ਦੇਣਾ ਨਹੀਂ ਹੈ। ਬੇਨਾਮੀ ਚਿੱਠੀ ਕਰਕੇ ਹੋਏ ਕਤਲ ਵੀ ਸ਼ਾਇਦ ਨਾ ਹੋਏ ਹੋਣ ਇਹ ਸਭ ਗੱਲਾਂ ਡੇਰਾ ਭਗਤਾਂ ਦਾ ਧਿਆਨ ਮੰਗਦੀਆਂ ਹਨ। ਉਨ੍ਹਾਂ ਨੂੰ ਕੀ ਕਿਉਂ ਕਿਵੇਂ ਕਦੋਂ ਕਿੱਥੇ ਦੇ ਤਰਕ ਨਾਲ ਵਾਪਰੀਆਂ, ਘਟਨਾਵਾਂ ਦੀ ਨਿਰਖ-ਪੜਤਾਲ ਜ਼ਰੂਰ ਕਰਨੀ ਚਾਹੀਦੀ ਹੈ। ਸਾਰੇ ਡੇਰਾ ਪ੍ਰੇਮੀ ਸਾਡੇ ਭੈਣ-ਭਰਾ ਹਨ। ਅਸੀਂ ਅਪੀਲ ਕਰਾਂਗੇ ਕਿ ਉਹ ਆਪਣੀਆਂ ਟੋਲੀਆਂ ਵਿੱਚ ਇਨ੍ਹਾਂ ਵਾਪਰੀਆਂ ਘਟਨਾਵਾਂ ਦੀ ਚੀਰ-ਫਾੜ ਕਰਕੇ ਸੱਚ ਦਾ ਨਿਤਾਰਾ ਕਰਨ। ਜੇ ਤਰਕਸ਼ੀਲ ਝੂਠੇ ਹੋਣ ਤਾਂ ਉਨ੍ਹਾਂ ਨੂੰ ਮੂੰਹ ਨਹੀਂ ਲਾਉਣਾ ਚਾਹੀਦਾ।

ਇਸ ਗੱਲ ਵਿੱਚ ਵੀ ਕੋਈ ਝੂਠ ਨਹੀਂ ਕਿ ਤਰਕਸ਼ੀਲਾਂ ਨੇ ਲੋਕਾਂ ਦੀ ਚੇਤਨਤਾ ਵਧਾਈ ਹੈ। ਹੁਣ ਉਨ੍ਹਾਂ ਵਿੱਚੋਂ ਬਹੁਤੇ ਸਾਧਾਂ-ਸੰਤਾਂ ਰਿਸ਼ੀਆਂ ਪੁਜਾਰੀਆਂ ਦੀ ਨਿਰਖ-ਪਰਖ ਕਰਨ ਲੱਗ ਪਏ ਹਨ। ਇਸ ਲਈ ਬਹੁਤ ਸਾਰੇ ਪਾਜ ਉਘੜ ਰਹੇ ਹਨ। ਆਉਣ ਵਾਲੇ ਸਮੇਂ ਵਿੱਚ ਚੇਤਨ ਹੋਏ ਲੋਕਾਂ ਨੇ ਹੋਰ ਬਹੁਤ ਸਾਰੇ ਪਾਖੰਡੀਆਂ ਦੀਆਂ ਧੱਜੀਆਂ ਉਡਾ ਦੇਣੀਆਂ ਹਨ। ਪਰ ਇਹ ਕੋਈ ਜ਼ਰੂਰੀ ਨਹੀਂ ਕਿ ਤਰਕਸ਼ੀਲ ਸੁਸਾਇਟੀ ਦੇ ਅਹੁਦੇਦਾਰ ਹੀ ਇਨ੍ਹਾਂ ਗੱਲਾਂ ਲਈ ਜ਼ਿੰਮੇਵਾਰ ਹੋਣ।

**-ਮੇਘ ਰਾਜ ਮਿੱਤਰ**
ਮੁੱਖ ਸੰਪਾਦਕ

# ਇੱਕ ਚਿੱਠੀ ਦੀ ਕਹਾਣੀ ਜੋ ਬੰਬ ਬਣ ਕੇ ਫਟੀ

ਰਾਜਾ ਰਾਮ ਹੰਡਿਆਇਆ

ਉਹਨੀਂ ਦਿਨੀਂ ਮੈਂ ਤਰਕਸ਼ੀਲ ਸੁਸਾਇਟੀ ਹਰਿਆਣਾ ਦਾ ਪ੍ਰਧਾਨ ਸਾਂ। ਤਰਕਸ਼ੀਲ ਸੁਸਾਇਟੀ ਦਾ ਮੁੱਖ ਉਦੇਸ਼ ਸਮਾਜ ਵਿੱਚੋਂ ਹਰ ਪ੍ਰਕਾਰ ਦੇ ਵਹਿਮਾਂ-ਭਰਮਾਂ ਅਤੇ ਅੰਧਵਿਸ਼ਵਾਸ਼ਾਂ ਦਾ ਖਾਤਮਾ ਕਰਨਾ ਲੋਕਾਂ ਦੀ ਗੈਰਵਿਗਿਆਨ-ਰੂੜੀਵਾਦੀ ਸੋਚ ਨੂੰ ਬਦਲ ਕੇ ਤਾਰਕਿਕ ਅਤੇ ਵਿਗਿਆਨਕ ਜਾਣਕਾਰੀ ਦੇਣਾ ਹੈ। ਤਰਕਸ਼ੀਲ ਸੰਸਥਾਵਾਂ ਪੂਰੇ ਭਾਰਤ ਵਿੱਚ ਹੀ ਨਹੀਂ ਸਗੋਂ ਪੂਰੇ ਵਿਸ਼ਵ ਵਿੱਚ ਭਿੰਨ-ਭਿੰਨ ਨਾਵਾਂ ਹੇਠ ਲੋਕਾਂ ਦੀ ਸੋਚ ਨੂੰ ਬਦਲਣ ਵਿੱਚ ਲੱਗੀਆਂ ਹੋਈਆਂ ਹਨ ਪਰ ਇਹ ਕੰਮ ਇੰਨ੍ਹਾਂ ਸੌਖਾ ਨਹੀਂ ਹੈ।

ਭਾਵੇਂ ਭਾਰਤੀ ਸੰਵਿਧਾਨ ਦੀ ਧਾਰਾ 51ਏ(8) ਦੇ ਤਹਿਤ ਇਹ ਸਾਡੀ ਸਰਕਾਰ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਅਜਿਹੀ ਸਿੱਖਿਆ ਪ੍ਰਣਾਲੀ ਲਾਗੂ ਕਰੇ ਜਿਸ ਦੇ ਤਹਿਤ ਹਰ ਨਾਗਰਿਕ ਤਾਰਕਿਕ ਅਤੇ ਵਿਗਿਆਨਕ ਦ੍ਰਿਸ਼ਟੀਕੋਣ ਅਪਣਾਵੇ ਮਾਨਵਤਾਵਾਦ ਨੂੰ ਵਧਾਵੇ ਅਤੇ ਗਿਆਨ ਪ੍ਰਾਪਤੀ ਅਤੇ ਸੁਧਾਰ ਦੀ ਭਾਵਨਾ ਦਾ ਵਿਕਾਸ ਕਰੇ ਪਰ ਸਰਕਾਰ ਨੇ ਕਦੇ ਵੀ ਇਹ ਜ਼ਿੰਮੇਦਾਰੀ ਇਮਾਨਦਾਰੀ ਨਾਲ ਨਹੀਂ ਨਿਭਾਈ। ਇਸ ਕਰਕੇ ਸਮਾਜ ਸੁਧਾਰ ਦੀ ਭਾਵਨਾ ਰੱਖਣ ਵਾਲੇ ਪ੍ਰਗਤੀਸ਼ੀਲ ਵਿਅਕਤੀ ਇੱਕ ਸੰਸਥਾ ਦੇ ਰੂਪ ਵਿੱਚ ਸਰਕਾਰ ਦੀ ਇਸ ਜ਼ਿੰਮੇਵਾਰੀ ਨੂੰ ਨਿਭਾਉਣ ਦਾ ਬੀੜਾ ਚੁੱਕਦੇ ਹਨ ਅਤੇ ਆਪਣੇ ਦੇਸ਼ ਦੀ ਅਨਪੜ੍ਹ ਅੱਧਪੜ ਅਤੇ ਅਗਿਆਨੀ ਜਨਤਾ ਨੂੰ ਕਵਿਤਾ, ਗੀਤ, ਨਾਟਕ, ਜਾਦੂ ਦੇ ਸ਼ੋਅ ਅਤੇ ਚੰਗੀਆਂ ਗਿਆਨਵਰਧਕ ਕਿਤਾਬਾਂ ਰਾਹੀਂ ਜਾਗ੍ਰਿਤ ਕਰਨ ਦਾ ਯਤਨ ਕਰਦੇ ਹਨ। ਉਹ ਪਿੰਡ-ਪਿੰਡ ਜਾ ਕੇ ਆਪਣੇ ਭਾਸ਼ਣਾਂ ਰਾਹੀਂ ਵੀ ਜਨਤਾ ਦੀ ਪੁਰਾਣੀ ਸੋਚ ਬਦਲਣ ਦਾ ਅਤੇ ਨਵੀਂ ਜਾਣਕਾਰੀ ਦੇਣ ਦਾ ਯਤਨ ਕਰਦੇ ਹਨ। ਇਹ ਪ੍ਰਚਾਰ ਉਹਨਾਂ ਲੋਕਾਂ ਜਾਂ ਸੰਸਥਾਵਾਂ ਦੇ ਵਿਰੁੱਧ ਜਾਂਦਾ ਹੈ ਜਿਹਨਾਂ ਵਿਅਕਤੀਆਂ ਜਾਂ ਸੰਸਥਾਵਾਂ ਦਾ ਮੁੱਖ ਰੋਲ ਹੀ ਲੋਕਾਂ ਨੂੰ ਵਹਿਮਾਂ-ਭਰਮਾਂ, ਅੰਧਵਿਸ਼ਵਾਸਾਂ ਵਿੱਚ ਉਲਝਾ ਕੇ ਉਹਨਾਂ ਦੀ ਆਰਥਿਕ ਮਾਨਸਿਕ ਬੌਧਿਕ ਰਾਜਨੀਤਕ ਤੇ ਸਰੀਰਕ ਲੁੱਟ ਕਰਨਾ ਹੈ।

ਇਹਨਾਂ ਜਨਤਾ ਦੀ ਲੁੱਟ ਕਰਨ ਵਾਲੇ ਪਾਖੰਡੀਆਂ ਦੀ ਆਮ ਤੌਰ ਤੇ ਸਮੇਂ-ਸਮੇਂ ਤੇ ਇਹਨਾਂ ਦੇ ਚੇਲਿਆਂ ਦੁਆਰਾ ਹੀ ਪੋਲ ਖੁੱਲ੍ਹਦੀ ਆਈ ਹੈ ਪਰ ਫਿਰ ਵੀ ਇਹ ਤਰਕਸ਼ੀਲਾਂ ਨੂੰ ਆਪਣਾ ਦੁਸ਼ਮਣ ਸਮਝਦੇ ਹਨ ਕਿਉਂਕਿ ਤਰਕਸ਼ੀਲ ਹੌਲੀ-ਹੌਲੀ ਇਹਨਾਂ ਦੇ ਲੁੱਟ ਦੇ ਕਿਲਿਆਂ ਨੂੰ ਢਾਹੁਣ ਵਿੱਚ ਕਾਮਯਾਬ ਹੋ ਰਹੇ ਹਨ।

ਹਰਿਆਣੇ ਵਿੱਚ ਮੈਂ ਲੰਬਾ ਸਮਾਂ ਗੁਜ਼ਾਰਿਆ। 31 ਸਾਲ ਦਾ ਅਧਿਆਪਨ ਕਾਲ ਅਤੇ ਉਸ ਤੋਂ ਪਹਿਲਾਂ ਅਧਿਆਪਕ ਦੀ ਟ੍ਰੇਨਿੰਗ ਲਈ। ਭਾਵ ਆਪਣੇ ਜੀਵਨ ਦੇ 33 ਮਹੱਤਵਪੂਰਨ ਸਾਲ ਮੈਂ ਹਰਿਆਣੇ ਵਿੱਚ ਗੁਜ਼ਾਰੇ। ਉੱਥੇ ਤਰਕਸ਼ੀਲ ਸੰਸਥਾ ਨੂੰ ਸਥਾਪਿਤ ਕੀਤਾ। ਸੁਸਾਇਟੀ ਦੀ ਪੱਤ੍ਰਿਕਾ ਕੱਢਣੀ ਸ਼ੁਰੂ ਕੀਤੀ। ਕਿਤਾਬਾਂ ਹਿੰਦੀ ਵਿੱਚ ਲਿਖੀਆਂ ਅਤੇ ਅਨੁਵਾਦ ਕੀਤੀਆਂ ਤੇ ਕਰਵਾਈਆਂ। ਹਜ਼ਾਰਾਂ ਮਾਨਸਿਕ ਰੋਗੀਆਂ ਨੂੰ ਨਵੀਂ ਜ਼ਿੰਦਗੀ ਜੀਣਾ ਸਿਖਾਇਆ ਹੈ। ਤਰਕਸ਼ੀਲ ਸੰਸਥਾ 2002 ਤੱਕ ਆਪਣਾ ਕੰਮ (ਬਿਨਾਂ ਕਿਸੇ ਵੱਡੇ ਵਿਰੋਧ ਜਾਂ ਖ਼ਤਰੇ ਦੇ) ਕਰਦੀ ਰਹੀ ਪਰ ਅਚਾਨਕ 2002 ਵਿੱਚ ਇਸ ਸੰਸਥਾ ਨੂੰ ਇੱਕ ਵੱਡਾ ਝਟਕਾ ਲੱਗ ਗਿਆ।

8 ਮਈ 2002 ਨੂੰ ਮੇਰੇ ਕੋਲ ਇੱਕ ਗੁੰਮਨਾਮ ਕੁੜੀ ਦੀ ਚਿੱਠੀ ਡਾਕ ਰਾਹੀਂ ਆਈ ਜਿਸ ਵਿੱਚ ਡੇਰਾ ਸਿਰਸਾ ਦੇ ਮੁਖੀ ਗੁਰਮੀਤ ਰਾਮ ਰਹੀਮ ਸਿੰਘ ਉੱਤੇ ਬਲਾਤਕਾਰ ਅਤੇ ਕਤਲ ਦੇ ਇਲਜ਼ਾਮ ਲਗਾਏ ਗਏ ਸਨ। ਅਸਲ ਵਿੱਚ ਇਹ ਚਿੱਠੀ ਡੇਰੇ ਵਿਚਲੀ ਕਿਸੇ ਸਾਧਵੀ ਦੀ ਸੀ ਜਿਸ ਨੇ ਡੇਰੇ ਦੇ ਅੰਦਰ ਦੀ ਇੱਕ ਖ਼ਤਰਨਾਕ ਤਸਵੀਰ ਨੂੰ ਪੇਸ਼ ਕੀਤਾ ਸੀ ਅਤੇ ਡੇਰੇ ਅੰਦਰ ਹੁੰਦੇ ਕੁਕਰਮਾਂ ਦੀ ਪੋਲ ਖੋਲ੍ਹੀ ਗਈ ਸੀ। ਡੇਰੇ ਦੀ ਰੋਜ਼ ਦੀ ਕਰੋੜਾਂ ਰੁਪਏ ਦੀ ਆਮਦਨੀ ਸਰਕਾਰਾਂ ਅਤੇ ਪ੍ਰਸ਼ਾਸ਼ਨਿਕ ਸ਼ਕਤੀ ਦਾ ਵਿਵਰਣ ਪੁਲਿਸ ਵੱਲੋਂ ਕੁੱਝ ਵੀ ਨਾ ਵਿਗਾੜ ਸਕਣ ਦੀਆਂ ਧਮਕੀਆਂ ਪੁਰਾਣੇ ਬੰਦਿਆਂ ਦੇ ਕਤਲਾਂ ਦਾ ਜ਼ਿਕਰ ਅਤੇ ਆਪਣੀ ਹਥਿਆਰਬੰਦ ਤਾਕਤ ਦਾ ਜ਼ੋਰ ਵੀ ਦਿਖਾਇਆ ਗਿਆ ਸੀ।



ਅੰਤ ਵਿੱਚ ਡੇਰੇ ਦੇ ਮੁਖੀ ਬਾਬਾ ਰਾਮ ਰਹੀਮ ਉੱਤੇ ਸਾਰੀਆਂ ਹੀ ਸਾਧਵੀਆਂ ਨਾਲ ਬਲਾਤਕਾਰ ਦਾ ਇਲਜ਼ਾਮ ਲਾਉਂਦਿਆਂ ਇਹ ਕਿਹਾ ਗਿਆ ਸੀ ਕਿ ਜੇਕਰ ਇਨ੍ਹਾਂ ਸਾਧਵੀਆਂ ਦੀ ਡਾਕਟਰੀ ਜਾਂਚ ਕਰਾਈ ਜਾਵੇ ਤਾਂ ਸਪੱਸ਼ਟ ਪਤਾ ਲੱਗ ਜਾਵੇਗਾ ਕਿ ਉਹਨਾਂ ਦਾ ਕੁਆਰਾਪਣ ਕਿਸਨੇ ਭੰਗ ਕੀਤਾ ਹੈ।

ਇਸ ਚਿੱਠੀ ਵਿਚਲੀਆਂ ਗੱਲਾਂ ਤੋਂ ਸਪੱਸ਼ਟ ਹੋ ਗਿਆ ਸੀ ਕਿ ਡੇਰੇ ਅੰਦਰ ਸਭ ਕੁੱਝ ਠੀਕ ਨਹੀਂ ਹੈ। ਇਸ ਕਰਕੇ ਇਹ ਚਿੱਠੀ ਇੱਕ ਨਾ ਇੱਕ ਦਿਨ ਬੰਬ ਬਣ ਕੇ ਫਟੇਗੀ ਅਤੇ ਪਤਾ ਨਹੀਂ ਕਿਸ-ਕਿਸ ਦੀ ਜਾਨ ਲਵੇਗੀ ਤੇ ਕਿਸ-ਕਿਸ ਨੂੰ ਅੰਦਰ ਕਰਵਾਏਗੀ। ਤਰਕਸ਼ੀਲ ਸੁਸਾਇਟੀ ਕੋਲ ਅਨੇਕਾਂ ਹੀ ਅਜਿਹੇ ਖ਼ਤ ਆਉਂਦੇ ਰਹਿੰਦੇ ਸਨ ਜਿਹਨਾਂ ਵਿੱਚ ਅਖੌਤੀ ਸਾਧਾਂ-ਸੰਤਾਂ, ਭੂਤ-ਪ੍ਰੇਤਾਂ ਕੱਢਣ ਵਾਲਿਆਂ ਅਖੌਤੀ ਸਿਆਣਿਆਂ ਨਾਲ ਕਿਸੇ ਕੁੜੀ ਜਾਂ ਔਰਤ ਨਾਲ ਬਲਾਤਕਾਰ ਦੀ ਗੱਲ ਵੀ ਲਿਖੀ ਹੁੰਦੀ ਸੀ। ਜਿੱਥੇ ਜਨਤਾ ਸਾਥ ਦਿੰਦੀ ਸੀ ਤਰਕਸ਼ੀਲ ਅਜਿਹੇ ਵਿਅਕਤੀਆਂ ਨੂੰ ਪੁਲੀਸ ਦੇ ਹਵਾਲੇ ਵੀ ਕਰਦੇ ਆਏ ਸਨ। ਪਰ ਮੌਜੂਦਾ ਖ਼ਤ ਇੱਕ ਅਜਿਹੇ ਡੇਰੇ ਨਾਲ ਸਬੰਧਿਤ ਸੀ ਜਿਹੜਾ ਆਪਣੇ ਛੇ ਕਰੋੜ ਚੇਲੇ ਜਾਂ ਸ਼ਰਧਾਲੂ ਹੋਣ ਦਾ ਦਾਅਵਾ ਕਰਦਾ ਸੀ। ਖ਼ਤ ਵਿੱਚ ਲਿਖੀਆਂ ਗੱਲਾਂ ਦੀ ਸੱਚਾਈ ਇਸ ਗੱਲ ਤੋਂ ਹੀ ਸਪੱਸ਼ਟ ਹੁੰਦੀ ਸੀ ਕਿ ਪੰਜਾਬ ਅਤੇ ਹਰਿਆਣੇ ਦੇ ਸਾਰੀਆਂ ਰਾਜਨੀਤਿਕ ਪਾਰਟੀਆਂ ਦੇ ਮੁੱਖ ਲੀਡਰ ਬਾਬੇ ਦੇ ਚਰਨਾਂ ਵਿੱਚ ਡਿੱਗਦੇ ਸਨ ਅਤੇ ਵੋਟਾਂ ਲੈਣ ਬਦਲੇ ਬਾਬੇ ਨੂੰ ਹਰ ਤਰ੍ਹਾਂ ਦੀ ਸੁੱਖ ਸਹੂਲਤ ਦੇਣ ਦਾ ਵਾਅਦਾ ਕਰਦੇ ਸਨ। ਕੇਂਦਰ ਦੀ ਸਰਕਾਰ ਤੱਕ ਵੀ ਬਾਬੇ ਦੀ ਪਹੁੰਚ ਸੀ। ਸੋ ਪ੍ਰਸ਼ਾਸ਼ਨਿਕ ਅਧਿਕਾਰੀਆਂ ਦਾ ਬਾਬੇ ਦੇ ਚਰਨਾਂ ਵਿੱਚ ਡਿੱਗਣਾ ਤਾਂ ਸਧਾਰਨ ਗੱਲ ਸੀ। ਕੁੱਝ ਗਿਣਤੀ ਦੇ ਲੀਡਰ ਜਾਂ ਅਧਿਕਾਰੀ ਹੀ ਹੋਣਗੇ ਜੋ ਡੇਰੇ ਜਾਣੋ ਬਚੇ ਹੋਣਗੇ। ਸੋ ਇਸ ਚਿੱਠੀ ਉੱਤੇ ਕਾਰਵਾਈ

ਕਰਨੀ ਨਾ ਕਿਸੇ ਸਰਕਾਰ ਦੇ ਵੱਸ ਵਿੱਚ ਸੀ ਨਾ ਹੀ ਕਿਸੇ ਅਖ਼ਬਾਰ ਜਾਂ ਸਮਾਜ ਸੇਵੀ ਸੰਸਥਾ ਦੇ ਵੱਸ ਦੀ ਗੱਲ ਸੀ। ਇਸ ਕਰਕੇ ਚਿੱਠੀ ਨੂੰ ਮੈਂ ਠੰਢੇ ਬਸਤੇ ਵਿੱਚ ਪਾ ਦਿੱਤਾ।

ਹੌਲੀ-ਹੌਲੀ ਚਿੱਠੀ ਨੇ ਆਪਣਾ ਅਸਰ ਦਿਖਾਉਣਾ ਸ਼ੁਰੂ ਕਰ ਦਿੱਤਾ। 17 ਮਈ ਦੇ ਹਿੰਦੀ ਅਖ਼ਬਾਰ 'ਅਮਰ ਉਜਾਲਾ' ਦੇ ਕਿਸੇ ਪੱਤਰਕਾਰ ਨੇ ਇਸ ਚਿੱਠੀ ਦਾ ਕੁੱਝ ਅੰਸ਼ ਛਾਪਦਿਆਂ ਲਿਖਿਆ 'ਪੰਜਾਬ ਕੀ ਲੜਕੀਓਂ ਕਾ ਡੇਰੇ ਮੇਂ ਯੌਨ ਸ਼ੋਸ਼ਣ।' ਇਸ ਖ਼ਬਰ ਵਿੱਚ ਡੇਰੇ ਦਾ ਨਾਮ ਨਹੀਂ ਲਿਖਿਆ ਗਿਆ ਸੀ ਪਰ ਚਿੱਠੀ ਦਾ ਜਿਕਰ ਕਰਦਿਆਂ ਇਹ ਜ਼ਰੂਰ ਦੱਸਿਆ ਗਿਆ ਸੀ ਕਿ ਇਹ ਚਿੱਠੀ ਪ੍ਰਧਾਨ ਮੰਤਰੀ ਗ੍ਰਹਿਮੰਤਰੀ ਮਾਨਵ ਅਧਿਕਾਰ ਆਯੋਗ ਸੀ.ਬੀ.ਆਈ. ਸੀ.ਐਮ. ਸ਼ਹਿਰ ਦੇ ਐਸ. ਪੀ. ਮਹਿਲਾ ਸੰਸਥਾਵਾਂ ਸਮਾਜ ਸੇਵੀਆਂ ਆਦਿ ਨੂੰ ਵੱਡੇ ਪੱਧਰ ਤੇ ਭੇਜੀ ਗਈ ਸੀ। ਅਸੀਂ ਇਸ ਖ਼ਬਰ ਦੀ ਪ੍ਰਤੀਕਿਰਿਆ ਦੇ ਇੰਤਜ਼ਾਰ ਵਿੱਚ ਸਾਂ ਕਿ 19 ਮਈ 2002 ਦੇ 'ਪੰਜਾਬ ਕੇਸਰੀ' (ਹਿੰਦੀ) ਅਖ਼ਬਾਰ ਦੇ ਕਰਨਾਲ ਤੋਂ ਕਿਸੇ ਗਾਂਧੀ ਨਾਮ ਦੇ ਪੱਤਰਕਾਰ ਨੇ ਖ਼ਬਰ ਲਾਈ – 'ਅੰਧ ਆਸਥਾ ਕੇ ਨਾਮ ਪਰ ਧਰਮਅਚਾਰੀਆ ਕੀ ਹਵਸ ਦਾ ਸ਼ਿਕਾਰ ਬਣ ਰਹੀ ਹੈਂ ਯੁਵਤੀਆਂ।'

ਇਸ ਖ਼ਬਰ ਵਿੱਚ ਚਿੱਠੀ ਦਾ ਖੁੱਲ੍ਹ ਕੇ ਖੁਲਾਸਾ ਕੀਤਾ ਗਿਆ ਸੀ ਅਤੇ ਸਿਰਸਾ ਨਾਲ ਹਿਸਾਰ ਸ਼ਹਿਰ ਜੋੜ ਕੇ ਇਸ਼ਾਰਾ ਕਰ ਦਿੱਤਾ ਗਿਆ ਸੀ। ਇਸ ਚਿੱਠੀ ਵਾਲੀ ਖ਼ਬਰ ਨੇ ਸਾਨੂੰ ਸੋਚਣ ਲਈ ਮਜ਼ਬੂਰ ਕੀਤਾ ਕਿ ਚਿੱਠੀ ਕੇਵਲ ਮੇਰੇ ਕੋਲ ਹੀ ਨਹੀਂ ਬਲਕਿ ਹੋਰ ਅਨੇਕਾਂ ਲੋਕਾਂ ਨੂੰ ਯੋਜਨਾਬੱਧ ਢੰਗ ਨਾਲ ਟਾਈਪ ਕਰਕੇ ਡਾਕ ਰਾਹੀਂ ਭੇਜੀ ਗਈ ਸੀ।

ਅਖ਼ਬਾਰ ਵਿੱਚ ਛਪੀ ਖ਼ਬਰ ਕਾਰਨ ਸਾਡੀ ਸੁਸਾਇਟੀ ਦੇ ਉਸ ਵੇਲੇ ਦੇ ਸੈਕਟਰੀ ਨੇ ਮੇਰੇ ਕੋਲ ਗੱਲ ਛੇੜੀ ਤਾਂ ਮੈਂ ਉਸ ਨੂੰ ਦੱਸਿਆ ਕਿ ਇਹੋ ਚਿੱਠੀ ਮੇਰੇ ਕੋਲ ਡਾਕ ਰਾਹੀਂ ਆਈ ਹੈ। ਉਹ ਮੈਥੋਂ ਚਿੱਠੀ ਪੜ੍ਹਨ ਲਈ ਲੈ ਕੇ ਚਲਾ ਗਿਆ। ਉਸਨੇ ਆਪਣੀ ਪਤਨੀ ਕੋਲ ਇਹ ਚਿੱਠੀ ਪੜ੍ਹੀ। ਚਿੱਠੀ ਪੜ੍ਹਨ ਤੋਂ ਬਾਅਦ ਮੇਰੇ ਉਸ ਦੋਸਤ ਦੀ ਪਤਨੀ ਨੂੰ ਯਾਦ ਆਇਆ ਕਿ ਉਹਨਾਂ ਦੇ ਪ੍ਰਾਈਵੇਟ ਸਕੂਲ ਵਿੱਚ ਪੜ੍ਹਾਉਣ ਵਾਲੀਆਂ ਇੱਕ-ਦੋ ਕੁੜੀਆਂ ਨੇ ਸਾਧਵੀ (ਡੇਰੇ ਦੀ) ਬਣਨ ਦਾ ਜ਼ਿਕਰ ਕੀਤਾ ਸੀ। ਚੰਗੀ ਭਾਵਨਾ ਨਾਲ ਦੋਸਤ ਦੀ ਪਤਨੀ ਨੇ ਇਹ ਚਿੱਠੀ ਇਨ੍ਹਾਂ ਕੁੜੀਆਂ ਨੂੰ ਪੜ੍ਹਾਉਣ ਦੀ ਗਲਤੀ ਕਰ ਲਈ ਤਾਂ ਕਿ ਉਹ ਸਾਧਵੀਆਂ ਨਾ ਬਣਨ। ਪਰ ਉਹ ਨਹੀਂ ਜਾਣਦੀ ਸੀ ਕਿ ਇਹ ਕੁੜੀਆਂ ਤਾਂ ਡੇਰੇ ਦੇ ਪੁਰਾਣੇ ਭੰਗੀਦਾਸ ਦੀਆਂ ਸਨ। ਭੰਗੀਦਾਸ ਨੇ ਜਦੋਂ ਪੁੱਛਿਆ ਕਿ ਚਿੱਠੀ ਕਿੱਥੋਂ ਲਈ ਹੈ ਤਾਂ ਦੋਸਤ ਨੇ ਸੱਚਾਈ ਦੱਸਦੇ ਹੋਏ ਮੇਰਾ ਨਾਮ ਲੈ ਦਿੱਤਾ।

ਇਹ ਭੰਗੀਦਾਸ ਮੇਰੇ ਤਰਕਸ਼ੀਲ ਵਿਚਾਰਾਂ ਤੋਂ ਜਾਣੂੰ ਸੀ। ਉਸਨੂੰ ਬਦਲਾ ਲੈਣ ਦਾ ਵਧੀਆ ਮੌਕਾ ਮਿਲ ਗਿਆ ਸੀ ਕਿਉਂਕਿ ਡੇਰਾ ਸਿਰਸਾ ਵਿੱਚ ਇਸ ਗੁੰਮਨਾਮ ਚਿੱਠੀ ਕਾਰਨ ਖਲਬਲੀ ਮੱਚੀ ਹੋਈ ਸੀ ਅਤੇ ਡੇਰਾ ਮੁਖੀ ਦਾ ਹੁਕਮ ਸੀ ਕਿ ਚਿੱਠੀ ਨੂੰ ਫੈਲਣ ਤੋਂ ਰੋਕਿਆ ਜਾਵੇ ਅਤੇ ਉਨ੍ਹਾਂ ਵਿਅਕਤੀਆਂ ਨੂੰ ਖਤਮ ਕੀਤਾ ਜਾਵੇ ਜੋ ਚਿੱਠੀ ਬਾਰੇ ਸ਼ੱਕੀ ਹਨ। ਕੁੜੀਆਂ ਦੇ ਪਿਓ ਨੇ ਗੁਰੂ ਦੇ ਹੁਕਮ ਦਾ ਪਾਲਣ ਕਰਨ ਦੇ ਇਰਾਦੇ ਨਾਲ ਅਤੇ ਪ੍ਰੇਮੀਆਂ ਵਿੱਚ ਹੀਰੋ ਬਣਨ ਖਾਤਿਰ ਸਾਰਾ ਇਲਜ਼ਾਮ ਮੇਰੇ ਉੱਪਰ ਲਾ ਦਿੱਤਾ ਕਿ ਚਿੱਠੀ ਤਰਕਸ਼ੀਲਾਂ ਨੇ ਹੀ ਲਿਖੀ ਅਤੇ ਸਾਡੇ ਗੁਰੂ ਨੂੰ ਬਦਨਾਮ ਕੀਤਾ ਜਾ ਰਿਹਾ ਹੈ। ਮੈਂ ਪ੍ਰੇਮੀਆਂ ਨੂੰ ਡਾਕ ਲਿਫ਼ਾਫ਼ੇ ਸਮੇਤ ਚਿੱਠੀ ਦਿਖਾਈ ਤਾਂ ਕਿ ਉਹਨਾਂ ਦਾ ਸ਼ੱਕ ਮਿਟ ਜਾਵੇ ਪਰ ਉਹ ਚਿੱਠੀ ਅਤੇ ਲਿਫ਼ਾਫ਼ਾ ਲੈ ਕੇ ਚਲੇ ਗਏ। ਮੈਂ ਉਹਨਾਂ ਨੂੰ ਦੱਸਿਆ ਕਿ ਚਿੱਠੀ ਤਾਂ ਅਖ਼ਬਾਰਾਂ ਵਿੱਚ ਵੀ ਛਪ ਗਈ ਹੈ ਅਤੇ ਹੋਰ ਅਨੇਕਾਂ ਲੋਕਾਂ ਕੋਲ ਆਈ ਹੈ। ਸਾਡੇ ਉਸ ਸਮੇਂ ਦੇ ਮੈਗਜ਼ੀਨ ਦੇ ਸੰਪਾਦਕ ਬਲਵੰਤ ਕੋਲ ਵੀ ਆਈ ਚਿੱਠੀ ਦਾ ਜ਼ਿਕਰ ਕੀਤਾ ਤਾਂ ਦੁਬਾਰਾ ਫਿਰ ਪ੍ਰੇਮੀਆਂ ਦਾ ਟੋਲਾ ਆਇਆ ਅਤੇ ਮਾਸਟਰ ਬਲਵੰਤ ਤੋਂ ਚਿੱਠੀ ਲਿਆ ਕੇ ਦੇਣ ਦੀ ਜ਼ਿੱਦ ਕਰਨ ਲੱਗਾ। ਮੇਰੇ ਅਤੇ ਮੇਰੇ ਪਰਿਵਾਰ ਦੀ ਖਿੱਚ-ਧੂਹ ਕੀਤੀ ਤੇ ਗਲ ਫੜ ਕੇ ਮਾਰਨ ਦੀ ਕੋਸ਼ਿਸ਼ ਕੀਤੀ ਗਈ ਪਰ ਵਿੱਚ ਕੁੱਝ ਲੋਕਾਂ ਨੇ ਬਚਾਅ ਕਰਦੇ ਹੋਏ ਕਿਹਾ ਕਿ ਬਲਵੰਤ ਵਾਲੀ ਚਿੱਠੀ ਲਿਆ ਕੇ ਦਿੱਤੀ ਜਾਏਗੀ।

ਰਾਤ ਨੂੰ ਹੀ ਗੱਡੀ ਰਾਹੀਂ ਬਲਵੰਤ ਕੋਲ ਗਏ। ਘਟਨਾ ਬਾਰੇ ਦੱਸਿਆ। ਉਸ ਵਾਲੀ ਚਿੱਠੀ ਲਿਆ ਕੇ ਦਿੱਤੀ ਗਈ। ਹੁਣ ਇੱਕ ਚਾਲ ਪ੍ਰੇਮੀਆਂ ਨੇ ਚੱਲੀ। ਦੋਵੇਂ ਚਿੱਠੀਆਂ ਕਾਬੂ ਕਰ ਲਈਆਂ ਅਤੇ ਬਹਾਨੇ ਨਾਲ ਮੈਨੂੰ ਆਪਣੇ ਨਾਮ ਚਰਚਾ ਘਰ ਵਿੱਚ ਲੈ ਗਏ। ਉਹਨਾਂ ਨੇ ਕਿਹਾ "ਜਿਹੜੇ ਲੋਕਾਂ ਨੇ ਤੁਹਾਡਾ ਗ਼ਲ ਫੜਿਆ ਜਾਂ ਧੱਕਾ-ਮੁੱਕੀ ਕੀਤੀ ਉਹ ਤੁਹਾਡੇ ਤੋਂ ਮਾਫ਼ੀ ਮੰਗਣਗੇ। ਪੰਜ ਆਦਮੀ ਤੁਹਾਡੇ ਤੇ ਪੰਜ ਸਾਡੇ ਹੋਣਗੇ ਅਤੇ ਝਗੜਾ ਖਤਮ।

ਮੈਨੂੰ ਪ੍ਰੇਮੀਆਂ ਦੇ ਕਹੇ ਉੱਤੇ ਵਿਸ਼ਵਾਸ਼ ਨਹੀਂ ਸੀ ਪਰ ਪੰਚਾਇਤੀ ਆਦਮੀਆਂ ਦੇ ਜ਼ੋਰ ਦੇਣ ਉੱਤੇ ਮੈਂ ਉਨਾਂ ਨਾਲ ਨਾਮ ਚਰਚਾ ਘਰ ਵਿੱਚ ਚਲਿਆ ਗਿਆ। ਸਾਡੀ ਸਭ ਦੀ ਉਮੀਦ ਤੋਂ ਉਲਟ ਪ੍ਰੇਮੀਆਂ ਨੇ ਉਹੀ ਕੀਤਾ ਜਿਸ ਦਾ ਡਰ ਸੀ। ਕੁੜੀ ਦੇ ਪਿਓ ਨੇ ਉਹਨਾਂ ਇਕੱਠੇ ਕੀਤੇ ਸੈਂਕੜੇ ਪ੍ਰੇਮੀਆਂ ਨੂੰ ਇਹ ਕਹਿ ਕੇ ਭੜਕਾਇਆ "ਇਹ ਗੁਰੂ ਦਾ ਨਿੰਦਕ ਹੈ। ਸਾਨੂੰ ਉੱਤੋਂ ਹੁਕਮ ਆ ਗਿਆ ਹੈ। ਅਸੀਂ ਗੁਰੂ ਦੇ ਨਿੰਦਕ ਦੀ ਜਾਨ ਲੈ ਵੀ ਸਕਦੇ ਹਾਂ ਅਤੇ ਗੁਰੂ ਲਈ ਜਾਨ ਦੇ ਵੀ ਸਕਦੇ ਹਾਂ।" ਇਸ ਤੋਂ ਬਾਅਦ ਸਭ ਨੇ ਮਿਲ ਕੇ ਲੱਤਾਂ ਮੁੱਕਿਆਂ ਤੇ ਡੰਡਿਆਂ ਨਾਲ ਮੇਰੇ ਉੱਤੇ ਹਮਲਾ ਕਰ ਦਿੱਤਾ। ਇਹ 2 ਮਈ 2002 ਨੂੰ ਕੀਤਾ ਪਹਿਲਾ ਕਤਿਲਾਨਾਂ ਹਮਲਾ ਸੀ।

ਮੈਨੂੰ ਰੋਹਤਕ ਮੈਡੀਕਲ ਵਿੱਚ ਹੋਸ਼ ਆਈ ਤਾਂ ਪਤਾ ਲੱਗਿਆ ਕਿ ਪ੍ਰੇਮੀਆਂ ਨੇ ਮੈਨੂੰ ਮਾਰ ਕੇ ਹਾਂਸੀ ਨੇੜੇ ਕਿਤੇ ਸੁੱਟ ਦਿੱਤਾ ਸੀ। ਕੁੱਝ ਲੋਕਾਂ ਨੇ ਮੈਨੂੰ ਹਿਸਾਰ ਦੇ ਸਰਕਾਰੀ ਹਸਪਤਾਲ ਵਿੱਚ ਦਾਖ਼ਲ ਕਰਾ ਦਿੱਤਾ ਪਰ ਮੇਰੀ ਬੁਰੀ ਹਾਲਤ ਨੂੰ ਦੇਖਦਿਆਂ ਰੋਹਤਕ ਰੈਫਰ ਕਰ ਦਿੱਤਾ ਗਿਆ। ਮੈਂ ਕਲਾਇਤ ਪੁਲਸ ਨੂੰ ਆਪਣੇ ਬਿਆਨ ਦਰਜ ਕਰਾਏ ਪਰ ਡੇਰੇ ਵਾਲਿਆਂ ਦੇ ਜ਼ੋਰ ਕਾਰਨ ਚਾਰੇ ਪਾਸੇ ਆਤੰਕ ਮੱਚਿਆ ਹੋਇਆ ਸੀ। ਲੱਗਭੱਗ ਇੱਕ ਮਹੀਨਾ ਮੈਂ ਅਤੇ ਮੇਰਾ ਪਰਿਵਾਰ ਅੰਡਰ ਗਰਾਉਂਡ ਰਹੇ। ਇਲਾਜ ਅਤੇ ਇੱਧਰ ਉੱਧਰ ਭਟਕਦਿਆਂ ਬੜਾ ਆਰਥਿਕ ਅਤੇ ਮਾਨਸਿਕ ਨੁਕਸਾਨ ਹੋਇਆ। ਦੋ ਮਈ 2002 ਨੂੰ ਹੀ ਮੇਰੇ ਦੋਸਤ ਦੇ ਪਰਿਵਾਰ ਉੱਤੇ ਡਰਾ ਧਮਕਾ ਕੇ ਸਮਝੌਤਾ ਕਰਨ ਦਾ ਦਬਾਅ ਪਾਇਆ ਗਿਆ ਅਤੇ ਮੇਰੇ ਝੂਠੇ ਦਸਤਖ਼ਤ ਕਰਨ ਲਈ ਜ਼ੋਰ ਪਾਇਆ ਗਿਆ। ਉਹਨਾਂ ਨੇ ਆਪਣੇ ਵੱਲੋ ਦਬਾਅ ਅਧੀਨ ਸਮਝੌਤਾ ਕਰ ਲਿਆ ਪਰ ਮੇਰੇ ਝੂਠੇ ਦਸਤਖਤ ਕਰਨ ਤੋਂ ਇਨਕਾਰ ਕਰ ਦਿੱਤਾ। ਪ੍ਰੇਮੀਆਂ ਨੇ ਮਨਮਰਜ਼ੀ ਦਾ ਸਮਝੌਤਾ ਕਰਵਾ ਲਿਆ ਪਰ ਮੈਂ ਅੰਤ ਤੱਕ ਕੋਈ ਸਮਝੌਤਾ ਨਾ ਕੀਤਾ।

ਮੇਰੇ ਉੱਤੇ ਹੋਏ ਜਾਨਲੇਵਾ ਹਮਲੇ ਦੀ ਖ਼ਬਰ ਹਿੰਦੀ ਦੇ ਸਾਰੇ ਪ੍ਰਮੁੱਖ ਅਖ਼ਬਾਰਾਂ ਵਿੱਚ ਛਪੀ ਸੀ ਜਿਸ ਕਾਰਨ ਇਹ ਖ਼ਬਰ ਹਿੰਦੀ ਦੇ ਲੱਗਭਗ ਪੂਰੇ ਦੇਸ਼ ਵਿੱਚ ਫੈਲ ਗਈ। ਅਨੇਕਾਂ ਪ੍ਰਗਤੀਸ਼ੀਲ ਸੰਸਥਾਵਾਂ ਨੇ ਇਸ ਹਮਲੇ ਦਾ ਵਿਰੋਧ ਕੀਤਾ। ਜਿੱਥੇ ਭਾਰਤ ਦੀਆਂ ਅਨੇਕ ਪ੍ਰਗਤੀਸ਼ੀਲ ਜਥੇਬੰਦੀਆਂ ਨੇ ਸਾਥ ਦਿੱਤਾ ਉੱਥੇ ਕਨੇਡਾ ਇੰਗਲੈਂਡ ਅਮਰੀਕਾ ਆਦਿ ਦੀਆਂ ਤਰਕਸ਼ੀਲ ਜਥੇਬੰਦੀਆਂ ਨੇ ਵੀ ਹੌਂਸਲਾ ਦਿੱਤਾ। ਜਾਨਲੇਵਾ ਹਮਲਾ ਝੱਲਣ ਤੋਂ ਬਾਅਦ ਹੌਂਸਲਾ ਬਟੋਰਿਆ। ਨੌਕਰੀ ਕਿਸੇ ਵੀ ਹਾਲਤ ਛੱਡੀ ਨਹੀਂ ਜਾ ਸਕਦੀ ਸੀ। ਸੋ ਰੁਟੀਨ ਪਹਿਲਾਂ ਵਾਂਗ ਚੱਲ ਪਿਆ।

ਸ਼ਾਇਦ ਡੇਰੇ ਵਾਲਿਆਂ ਨੂੰ ਇਹ ਭਰਮ ਸੀ ਕਿ ਤਰਕਸ਼ੀਲ ਸੁਸਾਇਟੀ ਦੇ ਪ੍ਰਧਾਨ ਉੱਤੇ ਹਮਲਾ ਕਰਕੇ ਉਹ ਚਿੱਠੀ ਨੂੰ ਦੱਬਣ ਵਿੱਚ ਅਤੇ ਤਰਕਸ਼ੀਲਾਂ ਨੂੰ ਡਰਾਉਣ ਵਿੱਚ ਕਾਮਯਾਬ ਹੋ ਜਾਣਗੇ ਪਰ ਅਸਲ ਵਿੱਚ ਤਰਕਸ਼ੀਲਾਂ ਦਾ ਤਾਂ ਇਸ ਮਾਮਲੇ ਵਿੱਚ ਕੋਈ ਕਸੂਰ ਹੀ ਨਹੀਂ ਸੀ। ਇੱਕ ਭੰਗੀਦਾਸ ਦੇ ਹੀ ਹੀਰੋ ਬਣਨ ਦੇ ਚੱਕਰ ਨੇ ਸਗੋਂ ਪੂਰੇ ਡੇਰੇ ਦੀ ਬਦਨਾਮੀ ਕਰਵਾ ਦਿੱਤੀ ਸੀ। ਚਿੱਠੀ ਤਾਂ ਅਨੇਕਾਂ ਅਖ਼ਬਾਰਾਂ ਦੇ ਸੰਪਾਦਕਾਂ ਕੋਲ ਵੀ ਆਈ ਸੀ। ਕੁੱਝ ਨਿੱਡਰ ਪੱਤਰਕਾਰਾਂ ਜਾਂ ਅਖ਼ਬਾਰਾਂ ਦੇ ਸੰਪਾਦਕਾਂ ਨੇ ਇਹ ਚਿੱਠੀ ਛਾਪਣੀ ਵੀ ਸ਼ੁਰੂ ਕਰ ਦਿੱਤੀ ਸੀ। ਪ੍ਰੇਮੀਆਂ ਨੇ ਹਮਲਾਵਰ ਰੁਖ ਅਪਣਾ ਲਿਆ ਸੀ।

6 ਜੂਨ 2002 ਫਤੇਹਾਬਾਦ ਦੇ ਹਿੰਦੀ 'ਲੇਖਾ-ਜੋਖਾ' ਅਖ਼ਬਾਰ ਨੇ ਜਦੋਂ ਚਿੱਠੀ ਬਾਰੇ ਖ਼ਬਰ ਛਾਪੀ ਤਾਂ ਪ੍ਰੇਮੀਆਂ ਨੇ ਇਸ ਦੇ ਦਫ਼ਤਰ

ਨੂੰ ਤਹਿਸ਼ ਨਹਿਸ਼ ਕਰ ਦਿੱਤਾ। ਲੱਖਾਂ ਦਾ ਸਮਾਨ ਸਾੜ-ਫੂਕ ਅਤੇ ਭੰਨ ਤੋੜ ਦਿੱਤਾ। ਜਦੋਂ ਅਜਿਹਾ ਕਰਨ ਵਾਲੇ ਪ੍ਰੇਮੀਆਂ ਨੂੰ ਪੁਲਸ ਨੇ ਗ੍ਰਿਫ਼ਤਾਰ ਕਰਕੇ ਕੇਸ ਬਣਾ ਦਿੱਤੇ ਤਾਂ ਵੱਡੀ ਗਿਣਤੀ ਵਿੱਚ ਆਏ ਪ੍ਰੇਮੀਆਂ ਨੇ ਪੁਲੀਸ ਥਾਣੇ ਦਾ ਘਿਰਾਓ ਕਰਕੇ ਆਪਣੇ ਸਾਥੀਆਂ ਨੂੰ ਛੁਡਾ ਲਿਆ ਅਤੇ ਜ਼ਬਰੀ ਸਮਝੌਤਾ ਥੋਪ ਦਿੱਤਾ ਗਿਆ। ਪ੍ਰੇਮੀਆਂ ਦੇ ਆਤੰਕ ਸਾਹਮਣੇ ਪੁਲਿਸ ਵੀ ਬੇਵਸ ਨਜ਼ਰ ਆ ਰਹੀ ਸੀ।

ਮੇਰੇ ਉੱਤੇ ਹੋਏ ਹਮਲੇ ਤੋਂ ਬਾਅਦ ਜਿੱਥੇ ਤਰਕਸ਼ੀਲਾਂ ਵਿੱਚ ਰੋਸ ਪੈਦਾ ਹੋਇਆ ਉੱਥੇ ਬਦਲੇ ਦੀ ਭਾਵਨਾ ਵੀ ਭਿਆਨਕ ਰੂਪ ਧਾਰਦੀ ਗਈ। ਆਖ਼ਿਰ ਉਹਨਾਂ ਦੇ ਪ੍ਰਧਾਨ ਉੱਤੇ ਹਮਲਾ ਕਰਕੇ ਤਰਕਸ਼ੀਲਾਂ ਦੀ ਹੋਂਦ ਨੂੰ ਵੰਗਾਰਿਆ ਗਿਆ ਸੀ। ਮਾਸਟਰ ਬਲਵੰਤ ਨੇ ਭਾਵੇਂ ਮੂਲ ਚਿੱਠੀ ਦੇ ਦਿੱਤੀ ਸੀ ਪਰ ਉਸਦੀਆਂ ਫੋਟੋ ਸਟੇਟ ਕਾਪੀਆਂ ਕਰਵਾ ਲਈਆਂ ਗਈਆਂ ਸਨ। ਹੁਣ ਤਰਕਸ਼ੀਲਾਂ ਨੇ ਇਹ ਫੋਟੋ ਕਾਪੀਆਂ ਵੱਡੇ ਪੱਧਰ 'ਤੇ ਜਨਤਾ ਵਿੱਚ ਵੰਡਣੀਆਂ ਸ਼ੁਰੂ ਕਰ ਦਿੱਤੀ। ਹੌਲੀ-ਹੌਲੀ ਬਹੁਤ ਸਾਰੇ ਫੋਟੋ ਸਟੇਟ ਵਾਲਿਆਂ ਨੇ ਇਹ ਰੋਜ਼ਗਾਰ ਦਾ ਵਧੀਆ ਸਾਧਨ ਬਣਾ ਲਿਆ। ਲੁਕਣ-ਮੀਟੀ ਦਾ ਖੇਲ੍ਹ ਸ਼ੁਰੂ ਹੋ ਗਿਆ। ਚਿੱਠੀ ਅੱਗੇ-ਅੱਗੇ ਫੈਲਦੀ ਜਾ ਰਹੀ ਸੀ ਤੇ ਡੇਰੇ ਦੇ ਪ੍ਰੇਮੀ ਲੋਕਾਂ ਨੂੰ ਕੁੱਟਣ ਮਾਰਨ ਲੱਗੇ ਹੋਏ ਸਨ। ਪੰਜਾਬ ਅਤੇ ਹਰਿਆਣਾ ਵਿੱਚ ਅਨੇਕ ਤਰਕਸ਼ੀਲ ਅਤੇ ਪੱਤਰਕਾਰ ਪ੍ਰੇਮੀਆਂ ਦੇ ਆਤੰਕ ਦਾ ਸ਼ਿਕਾਰ ਹੋਏ।

ਪਹਿਲਾ ਜਾਨਲੇਵਾ ਹਮਲਾ ਮੇਰੇ ਉੱਤੇ ਸ਼ੱਕ ਦੇ ਕਾਰਨ ਹੋਇਆ। ਫਿਰ ਦੂਜਾ ਸ਼ੱਕ ਮਾਸਟਰ ਬਲਵੰਤ ਤੇ ਹੋਇਆ ਜਿਸ ਨੇ ਚਿੱਠੀਆਂ ਵੰਡਣ ਦੀ ਗੱਲ ਸੀ.ਬੀ.ਆਈ. ਵਿੱਚ ਵੀ ਕਬੂਲ ਕੀਤੀ ਸੀ। ਤੀਜਾ ਵੱਡਾ ਸ਼ੱਕ ਡੇਰੇ ਦੇ ਹੀ ਪੁਰਾਣੇ ਸ਼ਰਧਾਲੂ ਅਤੇ ਮੁੱਖ ਕਮੇਟੀ ਮੈਂਬਰਾਂ ਵਿੱਚੋਂ ਰਣਜੀਤ ਤੇ ਹੋਇਆ। ਉਸਨੇ ਆਪਣੇ ਇਲਾਕੇ ਦੇ ਲੱਖਾਂ ਲੋਕਾਂ ਨੂੰ ਡੇਰੇ ਨਾਲ ਜੋੜਿਆ ਸੀ। ਉਹ ਹਰ ਸਾਲ ਚਾਰ ਪੰਜ ਲੱਖ ਰੁਪਏ ਡੇਰੇ ਨੂੰ ਦਿੰਦਾ ਸੀ। ਆਪਣੇ ਘਰ ਵਿੱਚ ਵੀ ਰਣਜੀਤ ਨੇ ਬਾਬਾ ਗੁਰਮੀਤ ਰਾਮ ਰਹੀਮ ਦੇ ਠਹਿਰਣ ਲਈ ਵਿਸ਼ੇਸ਼ ਸਹੂਲਤ ਵਾਲਾ ਕਮਰਾ ਤਿਆਰ ਕਰਵਾਇਆ ਸੀ ਜਿੱਥੇ ਬਾਬਾ ਅਕਸਰ ਠਹਿਰਦਾ ਸੀ। ਰਣਜੀਤ ਨੇ ਆਪਣੀ ਭੈਣ ਤੇ ਆਪਣੀਆਂ ਧੀਆਂ ਵੀ ਡੇਰੇ 'ਚ ਹੀ ਛੱਡੀਆਂ ਹੋਈਆਂ ਸਨ। ਪਰ ਅਚਾਨਕ ਰਣਜੀਤ ਡੇਰਾ ਸਿਰਸਾ ਛੱਡ ਕੇ ਆਪਣੀ ਭੈਣ ਅਤੇ ਪਰਿਵਾਰ ਦੇ ਹੋਰ ਜੀਆਂ ਨੂੰ ਲੈ ਕੇ ਆਪਣੇ ਪਿੰਡ ਖਾਨਪੁਰ ਕੋਹਲੀਆਂ ਜ਼ਿਲ੍ਹਾ ਕੁਰੂਕਸ਼ੇਤਰ ਵਾਪਸ ਆ ਗਿਆ ਸੀ।

ਚਿੱਠੀ ਵਿਚਲੀ ਭਾਸ਼ਾ ਨੇ ਡੇਰੇ ਦੇ ਮੁਖੀਆਂ ਦਾ ਸ਼ੱਕ ਪੱਕਾ ਕਰ ਦਿੱਤਾ ਸੀ ਕਿ ਚਿੱਠੀ ਰਣਜੀਤ ਨੇ ਆਪਣੀ ਭੈਣ ਤੋਂ ਲਿਖਵਾਈ ਹੈ ਅਤੇ ਤਰਕਸ਼ੀਲਾਂ ਰਾਹੀਂ ਵੰਡੀ ਹੈ। ਡੇਰਾ ਮੁਖੀ ਦੇ ਸ਼ੱਕ ਦੀ ਵਜ੍ਹਾ ਇਹ ਸੀ ਕਿ ਮਾਸਟਰ ਬਲਵੰਤ ਵੀ ਰਣਜੀਤ ਦੇ ਪਿੰਡ ਖਾਨਪੁਰ ਕੋਹਲੀਆਂ ਦਾ ਰਹਿਣ ਵਾਲਾ ਹੈ। ਸੋ ਇਹਨਾਂ ਦੋਵਾਂ ਕੰਡਿਆਂ ਨੂੰ ਕੱਢਣ ਦੀ ਯੋਜਨਾ ਬਣੀ। ਮਾਸਟਰ ਬਲੰਵਤ ਨੂੰ ਮਾਰਨ ਦੀ ਜਿੰਨੀ ਵਾਰ ਯੋਜਨਾ ਬਣੀ ਕੁਦਰਤੀ ਉਸ ਕੋਲ ਸਲਾਹ ਮਸ਼ਵਰਾ ਲੈਣ ਵਾਲੇ ਮਾਨਸਿਕ ਰੋਗੀਆਂ ਦੀ ਭੀੜ ਲੱਗੀ ਮਿਲੀ। ਪਰ ਰਣਜੀਤ ਨੂੰ ਮਾਰਨ ਦਾ ਦਾਅ ਲੱਗ ਗਿਆ। ਖੇਤ ਜਾਂਦੇ ਸਮੇਂ 10 ਜੁਲਾਈ 2002 ਨੂੰ ਉਸਦਾ ਕਤਲ ਕਰ ਦਿੱਤਾ ਗਿਆ।

ਮਾਰਨ ਤੋਂ ਪਹਿਲਾਂ ਉਸ ਨੂੰ ਡਰਾਇਆ ਧਮਕਾਇਆ ਗਿਆ ਸੀ ਕਿ ਉਹ ਡੇਰੇ ਆਉਣਾ ਸ਼ੁਰੂ ਕਰ ਦੇਵੇ ਅਤੇ ਮਾਫ਼ੀ ਮੰਗ ਲਵੇ। ਪਰ ਜਦੋਂ ਉਹ ਨਾ ਮੰਨਿਆਂ ਤਾਂ ਉਸ ਦਾ ਕਤਲ ਹੋ ਗਿਆ। ਪਹਿਲਾਂ ਰਣਜੀਤ ਦੇ ਘਰ ਵਾਲਿਆਂ ਨੂੰ ਡੇਰੇ ਵਾਲਿਆਂ ਤੇ ਕੋਈ ਸ਼ੱਕ ਨਹੀਂ ਸੀ ਕਿਉਂਕਿ ਰਣਜੀਤ ਨੇ ਘਰਦਿਆਂ ਨੂੰ ਡੇਰੇ ਵਾਲਿਆਂ ਦੀਆਂ ਧਮਕੀਆਂ ਬਾਰੇ ਕੁੱਝ ਨਹੀਂ ਸੀ ਦੱਸਿਆ। ਪਰ ਉਸਨੇ ਆਪਣੇ ਜੀਜੇ ਨੂੰ ਇਸ ਬਾਰੇ ਸੱਚ ਦੱਸ ਦਿੱਤਾ ਸੀ। ਮਰਨ ਤੋਂ ਕੁੱਝ ਸਮਾਂ ਪਹਿਲਾਂ ਰਣਜੀਤ ਇੱਕ ਬੀਮਾ ਵੀ ਕਰਵਾ ਆਇਆ ਸੀ।

ਮੇਰੇ ਉੱਤੇ ਹੋਏ ਜਾਨਲੇਵਾ ਹਮਲੇ ਦਾ ਕੁੱਝ ਨਾ ਬਣਿਆਂ ਤਾਂ ਮੈਂ ਅਨੇਕਾਂ ਅਖ਼ਬਾਰਾਂ ਨੂੰ ਮੇਰੀ ਹੱਡ-ਬੀਤੀ ਛਾਪਣ ਲਈ ਕਿਹਾ ਪਰ ਇਕੱਲੇ ਮੇਘ ਰਾਜ ਮਿੱਤਰ ਨੇ ਹੀ ਆਪਣੇ ਮੈਗਜ਼ੀਨ 'ਵਿਗਿਆਨ ਜੋਤ' ਵਿੱਚ ਇਸ ਘਟਨਾ ਨੂੰ ਛਾਪਣ ਦਾ ਹੌਸਲਾ ਕੀਤਾ। ਉਸਨੂੰ ਵੀ ਪ੍ਰੇਮੀਆਂ ਨੇ ਇਕੱਠੇ ਹੋ ਕੇ ਧਮਕਾਉਣ ਦਾ ਯਤਨ ਕੀਤਾ। ਮੈਂ ਆਪਣੀ ਹੱਡ-ਬੀਤੀ ਸੁਣਾਉਣ ਲਈ 'ਦੇਸ਼ ਸੇਵਕ' ਅਖ਼ਬਾਰ ਦੇ ਦਫ਼ਤਰ ਚੰਡੀਗੜ੍ਹ ਵੀ ਗਿਆ। ਉੱਥੇ ਸਹਾਇਕ ਸੰਪਾਦਕ ਸ਼ਮੀਲ ਨੇ ਮੇਰੀ ਗੱਲ ਤਾਂ ਸੁਣੀ ਅਤੇ ਛਾਪਣ ਦਾ ਭਰੋਸਾ ਵੀ ਦਿੱਤਾ ਪਰ ਉਹ ਅਨੁਕੂਲ ਸਮੇਂ ਦੀ ਤਲਾਸ਼ ਵਿੱਚ ਸਨ।

ਸਿਰਸਾ ਦੇ ਪੱਤਰਕਾਰ ਰਾਮ ਚੰਦਰ ਛਤਰਪਤੀ ਨੇ ਡੇਰੇ ਦੇ ਅਖ਼ਬਾਰ 'ਸੱਚ ਕਹੂੰ' ਦੇ ਵਿਰੁੱਧ ਆਪਣਾ ਅਖ਼ਬਾਰ 'ਪੂਰਾ ਸੱਚ' ਛਾਪਣਾ ਸ਼ੁਰੂ ਕੀਤਾ ਸੀ। ਉਸ ਨੇ ਡੇਰੇ ਅੰਦਰਲੀ ਪੋਲ ਖੋਲ੍ਹਣ ਦੇ ਇਰਾਦੇ ਨਾਲ ਗੁੰਮਨਾਮ ਚਿੱਠੀ ਦੇ ਅੰਸ਼ ਛਾਪਣ ਦਾ ਹੌਂਸਲਾ ਕੀਤਾ ਸੀ ਜਿਸ ਦੀ ਕਮੀਤ ਉਸਨੂੰ ਆਪਣੀ ਜਾਨ ਦੇ ਕੇ ਚੁਕਾਉਣੀ ਪਈ ਸੀ। 24 ਅਕਤੂਬਰ 2002 ਨੂੰ ਉਸਨੂੰ ਡੇਰੇ ਦੇ ਪ੍ਰੇਮੀਆਂ ਦੁਆਰਾ ਗੋਲੀਆਂ ਮਾਰ ਕੇ ਮਾਰਨ ਦੀ ਕੋਸ਼ਿਸ਼ ਕੀਤੀ ਗਈ। ਕਾਤਿਲ ਭਾਵੇਂ ਮੌਕੇ ਤੇ ਫੜੇ ਗਏ ਅਤੇ ਡੇਰੇ ਨਾਲ ਸਬੰਧਤ ਸਾਰੇ ਸਬੂਤ ਵੀ ਮਿਲ ਗਏ ਪਰ ਲੱਗਭਗ ਇੱਕ ਮਹੀਨਾ ਛਤਰਪਤੀ ਮੌਤ ਨਾਲ ਲੜਦਾ ਰਿਹਾ ਅਤੇ ਬਿਆਨ ਦੇਣ ਲਈ ਤੜਪਦਾ ਰਿਹਾ। ਸਮੇਂ ਦੀਆਂ ਸਰਕਾਰਾਂ ਨੇ ਉਸਨੂੰ ਮੌਤ ਦੇ ਮੂੰਹ ਵਿੱਚ ਜਾਣ ਦਿੱਤਾ। ਆਖਿਰ 21 ਨਵੰਬਰ 2002 ਨੂੰ ਉਸਨੇ ਜਾਨ ਦੇ ਦਿੱਤੀ।

ਹੁਣ ਅਜਿਹਾ ਮੌਕਾ ਆਇਆ ਸੀ ਜਦੋਂ ਇਸ ਚਿੱਠੀ ਦੇ ਛਪਣ ਦਾ ਸਹੀ ਮੌਕਾ ਆਇਆ ਸੀ। ਪੰਜਾਬ ਹਰਿਆਣਾ ਹਾਈਕੋਰਟ ਨੇ ਇਸ ਚਿੱਠੀ ਦਾ ਨੋਟਿਸ ਲੈਂਦਿਆਂ ਸੀ.ਬੀ.ਆਈ. ਨੂੰ ਡੇਰਾ ਸੱਚਾ ਸੌਦਾ ਸਿਰਸਾ ਜਾਂਚ ਦੇ ਆਦੇਸ਼ ਦੇ ਦਿੱਤੇ ਸਨ। 'ਦੇਸ ਸੇਵਕ' (ਪੰਜਾਬੀ ਅਖ਼ਬਾਰ) ਦੇ ਸਹਿ ਸੰਪਾਦਕ ਸ਼ਮੀਲ ਨੇ ਆਪਣੇ ਵਾਅਦੇ ਮੁਤਾਬਿਕ ਇਸ ਖ਼ਬਰ ਨੂੰ 25 ਸਤੰਬਰ 2002 ਨੂੰ ਪਹਿਲੀ ਵਾਰ ਪੰਜਾਬੀ ਵਿੱਚ ਛਾਪਿਆ ਸੀ। ਉਸ ਦਿਨ ਅਖ਼ਬਾਰ ਦੀਆਂ ਫੋਟੋ ਸਟੇਟ ਕਾਪੀਆਂ ਵੀ 60-60 ਰੁਪਏ ਵਿੱਚ ਵਿਕ ਗਈਆਂ ਸਨ। ਪਹਿਲੀ ਵਾਰ ਲੱਖਾਂ ਲੋਕਾਂ ਵਿੱਚ ਇਹ ਚਿੱਠੀ ਪੜ੍ਹੀ ਸੁਣੀ ਗਈ। ਪ੍ਰੇਮੀਆਂ ਨੇ ਅਨੇਕ ਥਾਂਵਾਂ ਉੱਤੇ ਆਤੰਕ ਮਚਾ ਕੇ ਡੇਰੇ ਵੱਲੋਂ ਦਿੱਤਾ ਜਾਣ ਵਾਲਾ 'ਸ਼ਾਂਤੀ ਦਾ ਸੰਦੇਸ਼' ਦਾ ਅਮਲੀ ਸਬੂਤ ਦੇ ਦਿੱਤਾ। ਸ਼ਾਤੀ ਦੇ ਪੁਜਾਰੀ ਲੋਕਾਂ ਵਿੱਚ ਨੰਗੇ ਹੋ ਗਏ।

ਹੁਣ ਚਿੱਠੀ ਅਸਲੀ ਅਰਥਾਂ ਵਿੱਚ ਬੰਬ ਬਣਕੇ ਫਟਣ ਲੱਗੀ। ਛਤਰਪਤੀ ਦੇ ਮਾਮਲੇ ਨੇ ਪੂਰੇ ਪੱਤਰਕਾਰ ਭਾਈਚਾਰੇ ਲਈ ਚੈਲਿੰਜ਼ ਖੜ੍ਹਾ ਕਰ ਦਿੱਤਾ। ਡੇਰੇ ਦੀ ਖੁੱਲ੍ਹ ਕੇ ਖਿਲਾਫ਼ਤ ਹੋਣ ਲੱਗੀ। ਹੁਣ ਝੜਪਾਂ ਦਾ ਰੁਖ ਤਰਕਸ਼ੀਲਾਂ ਤੋਂ ਪੱਤਰਕਾਰਾਂ ਵੱਲ ਹੋ ਗਿਆ। ਅੰਤ ਵਿੱਚ ਬਲਾਤਕਾਰਾਂ ਕਤਲਾਂ ਆਦਿ ਦੇ ਮਾਮਲੇ ਸੀ.ਬੀ.ਆਈ. ਕੋਲ ਪੁੱਜੇ। ਅਜਿਹਾ ਇਤਿਹਾਸ ਵਿੱਚ ਪਹਿਲੀ ਵਾਰ ਹੋਇਆ ਜਦੋਂ ਕਿਸੇ ਜਾਂਚ ਦੀ ਮੰਗ ਸੀ.ਬੀ.ਆਈ. ਦੀ ਥਾਂ ਰਾਜ ਦੀ ਪੁਲਿਸ ਤੋਂ ਕਰਵਾਏ ਜਾਣ ਦੀ ਮੰਗ ਡੇਰੇ ਵੱਲੋਂ ਉਠਾਈ ਗਈ। ਸੀ.ਬੀ.ਆਈ. ਦੀ ਜਾਂਚ ਨੂੰ ਪ੍ਰਭਾਵਿਤ ਕਰਨ ਦੇ ਯਤਨ ਕੀਤੇ ਗਏ। ਲੱਖਾਂ ਲੋਕਾਂ ਨੂੰ ਢਾਲ ਬਣਾ ਕੇ ਸੀ.ਬੀ.ਆਈ. ਨੇ ਡੇਰੇ ਦੁਆਰਾ ਪੀੜਤ ਸਭ ਲੋਕਾਂ ਦੀ ਦਾਸਤਾਂ ਸੁਣੀ। ਮੇਰੀ ਵੀ ਸੁਣੀ ਗਈ।

ਸਭ ਲੋਕਾਂ ਨੇ ਆਪਣੇ ਉੱਤੇ ਹੋਏ ਜ਼ੁਲਮ ਦੀ ਸੱਚੀ ਕਹਾਣੀ ਬਿਆਨ ਕੀਤੀ। ਪਹਿਲਾਂ ਤਾਂ ਡਰ ਸੀ ਕਿ ਕਿਤੇ ਸੀ.ਬੀ.ਆਈ. ਨੂੰ ਖਰੀਦ ਨਾ ਲਿਆ ਜਾਵੇ ਗਵਾਹ ਮੁੱਕਰ ਨਾ ਜਾਣ ਨਿਆਂ ਵਿਕ ਨਾ ਜਾਵੇ। ਪਰ ਦੁੱਧ ਦਾ ਦੁੱਧ ਤੇ ਪਾਣੀ ਦਾ ਪਾਣੀ ਨਿਤਾਰਿਆ ਗਿਆ। ਸੀ.ਬੀ.ਆਈ. ਦੇ ਨਿੱਡਰ ਅਫ਼ਸਰਾਂ ਨੇ ਰਾਜਨੇਤਾਵਾਂ ਦੀ ਪ੍ਰਵਾਹ ਨਾ ਕੀਤੀ। ਮਾਨਯੋਗ ਹਾਈਕੋਰਟ ਨੇ ਨਿਆਂ ਦੇ ਵਿਸਵਾਸ਼ ਵਿੱਚ ਵਾਧਾ ਕਰ ਦਿੱਤਾ। ਉਸ ਜੱਜ ਨੂੰ ਸਲਾਮ ਜਿਸਨੇ ਇਤਿਹਾਸਕ ਫੈਸਲਾ ਸੁਣਾਉਣ ਵਿੱਚ ਕੋਈ ਦਬਾਅ ਜਾ ਝਿਜਕ ਨਹੀਂ ਦਿਖਾਈ। ਉਨ੍ਹਾਂ ਗਵਾਹਾਂ ਨੂੰ ਸਲਾਮ ਜਿਨ੍ਹਾਂ ਨੇ ਮੌਤ ਦੀ ਪ੍ਰਵਾਹ ਕੀਤੇ ਬਿਨਾਂ ਸੱਚੋ-ਸੱਚ ਬਿਆਨ ਕੀਤਾ। ਜਿਹੜੇ ਗਵਾਹ ਮੁੱਕਰ ਗਏ ਜਾਂ ਮੁਕਰਾਅ ਲਏ ਗਏ ਉਨ੍ਹਾਂ ਨੂੰ ਪਛਤਾਵਾ ਰਹੇਗਾ। ਬਾਬੇ ਨੂੰ ਬਲਾਤਕਾਰ ਦੇ ਦੋਸ਼ਾਂ ਵਿੱਚ ਵੀਹ ਸਾਲ ਦੀ ਮਿਲੀ ਸਜ਼ਾ ਨੇ ਸਿੱਧ ਕਰ ਦਿੱਤਾ ਹੈ ਕਿ ਕਾਨੂੰਨ ਦੇ ਅੱਗੇ ਕੋਈ ਵੱਡਾ ਜਾਂ ਛੋਟਾ ਨਹੀਂ। ਅਜੇ ਹੋਰ ਮਾਮਲੇ ਬਾਕੀ ਹਨ।

# ਡੇਰਾ 'ਸੱਚਾ ਸੌਦਾ' ਦਾ ਮੁਖੀ ਗੁਰਮੀਤ ਰਾਮ ਰਹੀਮ ਡੇਰੇ 'ਚ ਹੀ ਕਰਦਾ ਰਿਹਾ 'ਕਾਲੀਆਂ ਕਰਤੂਤਾਂ'



ਕੁੱਝ ਦਿਨ ਪਹਿਲਾਂ 25 ਅਗਸਤ 2017 ਤੋਂ ਹੀ ਅਖ਼ਬਾਰਾਂ ਟੈਲੀਵਿਜ਼ਨ ਚੈਨਲਾਂ ਅਤੇ ਸ਼ੋਸ਼ਲ ਮੀਡੀਆ ਰਾਹੀਂ ਹਰ ਪਾਸੇ ਡੇਰਾ ਸੱਚਾ ਸੌਦਾ ਦੇ ਮੁਖੀ ਗੁਰਮੀਤ ਰਾਮ ਰਹੀਮ ਵੱਲੋਂ ਆਪਣੇ ਹੀ ਡੇਰੇ ਦੀਆਂ ਬਹੁਤ ਸਾਰੀਆਂ ਸ਼ਰਧਾਲੂ ਔਰਤਾਂ (ਸਾਧਵੀਆਂ) ਨਾਲ ਕੀਤੀਆਂ ਬਲਾਤਕਾਰ (ਸੈਕਸ ਸ਼ੋਸ਼ਣ) ਦੀਆਂ 'ਕਾਲੀਆਂ ਕਰਤੂਤਾਂ' ਕਾਰਨ ਹੀ ਡੇਰੇ ਦੇ ਇਸ ਮੁਖੀ 'ਬਲਾਤਕਾਰੀ ਬਾਬੇ' ਨੂੰ 28 ਅਗਸਤ 2017 ਨੂੰ ਸੀ.ਬੀ.ਆਈ. ਦੀ ਇਕ ਵਿਸ਼ੇਸ਼ ਅਦਾਲਤ ਵੱਲੋਂ ਦੋ ਸਾਧਵੀਆਂ ਨਾਲ ਕੀਤੀਆਂ ਇਨ੍ਹਾਂ ਘਿਨੌਣੀਆਂ ਹਰਕਤਾਂ ਕਾਰਨ 10-10 ਸਾਲ ਦੀ ਸਜ਼ਾ ਸੁਣਾਈ ਹੈ। ਇੱਕ ਕਹਾਵਤ ਆਮ ਹੀ ਪ੍ਰਚਲਤ ਹੈ ਕਿ 'ਸੌ ਦਿਨ ਸਾਧ ਦਾ ਤੇ ਇੱਕ ਦਿਨ ਚੋਰ ਦਾ' ਆ ਹੀ ਜਾਂਦਾ ਹੈ। ਅਜਿਹਾ ਕੁੱਝ ਹੀ ਡੇਰੇ ਦੇ ਸਾਧ ਗੁਰਮੀਤ ਰਾਮ ਰਹੀਮ ਨਾਲ ਵਾਪਰਿਆ ਹੈ। ਭਾਵੇਂ ਇਸਨੇ ਬਹੁਤ ਸਾਰੀਆਂ ਸਾਧਵੀਆਂ ਨਾਲ ਇਸੇ ਤਰ੍ਹਾਂ ਹੀ ਮੂੰਹ ਕਾਲਾ ਕੀਤਾ ਸੀ ਫਿਰ ਵੀ ਅਜੇ ਸਿਰਫ ਦੋ ਸਾਧਵੀਆਂ ਦੀਆਂ ਸ਼ਿਕਾਇਤਾਂ ਦੀ ਜਾਂਚ ਪੜਤਾਲ ਕਰਾਉਣ ਦੇ ਸਹੀ ਸਾਬਤ ਹੋਈਆਂ ਹਨ। ਜਿਸ ਕਾਰਨ ਬਾਬਾ ਅੱਜ ਜ਼ੇਲ੍ਹ ਅੰਦਰ ਸਲਾਖਾਂ ਦੇ ਪਿੱਛੇ ਹੈ। ਬਹੁਤ ਸਾਰੀਆਂ ਸਾਧਵੀਆਂ ਅਜੇ ਵੀ ਆਪਣੀਆਂ ਅਜਿਹੀਆਂ ਸ਼ਿਕਾਇਤਾਂ ਦਰਜ ਕਰਾਉਣ ਤੋਂ ਇਸ ਲਈ ਡਰ ਰਹੀਆਂ ਹਨ ਕਿ ਉਨ੍ਹਾਂ ਨੂੰ ਡੇਰੇ ਦੇ ਸ਼ਰਧਾਲੂ ਪ੍ਰੇਮੀਆਂ ਦੀ 'ਗੁੰਡਾ ਗਰਦੀ' ਤੋਂ ਖਤਰਾ ਨਜ਼ਰ ਆਉਂਦਾ ਹੈ। ਜਿਹੜੀਆਂ ਵੀ ਸਾਧਵੀਆਂ ਸ਼ਿਕਾਇਤਾਂ ਦਰਜ ਕਰਵਾਉਣ ਲਈ ਅੱਗੇ ਆਈਆਂ ਉਹ ਸਿਰਫ ਬਾਬੇ ਦੇ ਅਜਿਹੇ ਪ੍ਰੇਮੀ ਗੁੰਡਿਆਂ ਤੋਂ ਬਚਣ ਲਈ ਆਪਣਾ ਨਾਮ ਅਤੇ ਸ਼ਕਲ ਗੁਪਤ ਰੱਖ ਕੇ ਹੀ ਸਾਹਮਣੇ ਆਈਆਂ ਸਨ। ਡੇਰੇ ਦੇ ਪ੍ਰੇਮੀ-ਗੁੰਡਿਆਂ ਤੋਂ ਬਚਣ ਲਈ ਇੱਕ ਲੜਕੀ ਸਾਧਵੀ ਨੇ ਹਿੰਮਤ ਕਰਕੇ ਉਸ ਨਾਲ ਹੀ ਡੇਰੇ ਦੇ ਮੁਖੀ ਗੁਰਮੀਤ ਰਾਮ ਰਹੀਮ ਵੱਲੋਂ ਕਥਿਤ ਤੌਰ ਤੇ ਕੀਤੇ ਬਲਾਤਕਾਰ ਦੀ ਸ਼ਿਕਾਇਤ 'ਚ ਆਪਣੇ ਨਾਮ ਗੁਪਤ ਰੱਖ ਕੇ ਉਸ ਸਮੇਂ ਮਈ 2002 'ਚ ਦੇਸ਼ ਦੇ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਅਤੇ ਪੰਜਾਬ ਹਰਿਆਣਾ ਹਾਈ ਕੋਰਟ ਦੇ ਜੱਜਾਂ ਨੂੰ ਲਿਖੀ ਭੇਜੀ ਤਾਂ ਜੋ ਸਾਰੇ ਦੇਸ਼ ਵਾਸੀਆਂ ਅਤੇ ਉਸ ਨਾਲ 'ਇਨਸਾਫ਼' ਹੋ ਸਕੇ। ਇਹੀ ਗੁੰਮਨਾਮ ਪੱਤਰ ਸੀ ਜੋ ਡੇਰਾ ਮੁਖੀ ਦੇ ਵਿਰੁੱਧ ਕੇਸ ਦਾ ਆਧਾਰ ਬਣਿਆ। ਇਹ ਪੱਤਰ ਇਸ ਤਰ੍ਹਾਂ ਸੀ:

**ਪ੍ਰਧਾਨ ਮੰਤਰੀ**
**ਸ੍ਰੀ ਅਟੱਲ ਬਿਹਾਰੀ ਵਾਜਪਾਈ**

ਜਿੰਦੀ ਪੇਂਟਰ ਤਰਕਸ਼ੀਲ
ਮੋਬਾ: 98156-81834

**ਵਿਸ਼ਾ** : ਸੱਚੇ ਸੌਦੇ ਵਾਲੇ ਮਹਾਰਾਜ ਜੀ ਵੱਲੋਂ ਸੈਂਕੜੇ ਕੁੜੀਆਂ ਨਾਲ ਬਲਾਤਕਾਰਾਂ ਦੀ ਜਾਂਚ ਸਬੰਧੀ।

ਮੈਂ ਪੰਜਾਬ ਦੀ ਰਹਿਣ ਵਾਲੀ ਲੜਕੀ ਹਾਂ। ਮੈਂ ਡੇਰਾ ਸੱਚਾ ਸੌਦਾ ਸਿਰਸਾ (ਹਰਿਆਣਾ) ਵਿੱਚ ਸਾਧਵੀ ਦੇ ਤੌਰ ਤੇ ਪਿਛਲੇ ਪੰਜ ਸਾਲ ਤੋਂ ਸੇਵਾ ਕਰ ਰਹੀ ਹਾਂ। ਮੈਥੋਂ ਬਿਨਾਂ ਇਸ ਡੇਰੇ ਵਿੱਚ ਹੋਰ ਵੀ ਸੈਂਕੜੇ ਕੁੜੀਆਂ ਹਨ ਜਿਹੜੀਆਂ ਹਰ ਰੋਜ਼ 18 ਘੰਟੇ ਕੰਮ ਕਰਦੀਆਂ ਹਨ। ਪਰ ਸਾਡਾ ਇੱਥੇ ਸਰੀਰਕ ਸ਼ੋਸ਼ਣ ਹੁੰਦਾ ਹੈ। ਡੇਰੇ ਦੇ ਮਹਾਰਾਜ ਗੁਰਮੀਤ ਸਿੰਘ ਕੁੜੀਆਂ ਨਾਲ ਬਲਾਤਕਾਰ ਕਰਦੇ ਹਨ। ਮੈਂ ਬੀ. ਏ. ਪਾਸ ਹਾਂ। ਮੇਰੇ ਪਰਿਵਾਰ ਦੀ ਮਹਾਰਾਜ ਵਿੱਚ ਅੰਨ੍ਹੀ ਸ਼ਰਧਾ ਹੈ। ਉਨ੍ਹਾਂ ਦੇ ਕਹਿਣ 'ਤੇ ਹੀ ਮੈਂ ਸਾਧਵੀ ਬਣੀ। ਸਾਧਵੀ ਬਣਨ ਤੋਂ ਦੋ ਸਾਲ ਬਾਅਦ ਗੁਰਮੀਤ ਦੀ ਇੱਕ 'ਖਾਸ' ਚੇਲੀ ਸਾਧਵੀ ਗੁਰਜੋਤ ਰਾਤੀਂ 10 ਵਜੇ ਮੇਰੇ ਕੋਲ ਆਈ ਅਤੇ ਉਸਨੇ ਕਿਹਾ ਕਿ ਮਹਾਰਾਜ ਨੇ ਮੈਨੂੰ ਆਪਣੀ ਗੁਫ਼ਾ ਵਿੱਚ ਬੁਲਾਇਆ ਹੈ ਤੇ ਮੈਂ ਬੜੀ ਖੁਸ਼ ਹੋਈ ਕਿ ਮਹਾਰਾਜ ਨੇ ਮੈਨੂੰ ਖ਼ੁਦ ਬੁਲਾਇਆ ਹੈ ਤੇ ਮੈਂ ਪਹਿਲੀ ਵਾਰ ਉਨ੍ਹਾਂ ਕੋਲ ਜਾ ਰਹੀ ਸੀ। ਮੈਂ ਜਦੋਂ ਪੌੜੀਆਂ ਉੱਤਰ ਕੇ ਥੱਲੇ ਗਈ ਅਤੇ ਮਹਾਰਾਜ ਦੀ ਗੁਫ਼ਾ ਵਿੱਚ ਦਾਖਲ ਹੋਈ ਤਾਂ ਦੇਖਿਆ ਕਿ ਮਹਾਰਾਜ ਬੈੱਡ ਤੇ ਬੈਠੇ ਹਨ। ਉਨ੍ਹਾਂ ਦੇ ਹੱਥ ਵਿੱਚ ਟੀ. ਵੀ. ਦਾ ਰਿਮੋਟ ਫੜਿਆ ਹੋਇਆ ਸੀ ਤੇ ਬਲੂ ਫਿਲਮ (ਅਸ਼ਲੀਲ ਫਿਲਮ) ਦੇਖ ਰਹੇ ਸਨ। ਉਨ੍ਹਾਂ ਦੇ ਸਿਰਹਾਣੇ ਦੇ ਨਾਲ ਬੈੱਡ ਤੇ ਇੱਕ ਰਿਵਾਲਵਰ ਪਿਆ ਸੀ। ਇਹ ਸਾਰਾ ਕੁੱਝ ਦੇਖ ਕੇ ਮੈਂ ਘਬਰਾ ਗਈ। ਮੈਂ ਮਹਾਰਾਜ ਦੇ ਅਜਿਹੇ ਕਿਰਦਾਰ ਬਾਰੇ ਕਦੇ ਸੋਚਿਆ ਵੀ ਨਹੀਂ ਸੀ। ਮਹਾਰਾਜ ਨੇ ਟੀ. ਵੀ. ਬੰਦ ਕਰ ਦਿੱਤਾ ਅਤੇ ਮੈਨੂੰ ਆਪਣੇ ਕੋਲ ਬਿਠਾ ਲਿਆ। ਮਹਾਰਾਜ ਨੇ ਮੈਨੂੰ ਪਾਣੀ ਪਿਲਾਇਆ ਅਤੇ ਕਿਹਾ ਕਿ ਉਨ੍ਹਾਂ ਨੇ ਮੈਨੂੰ ਇਸ ਕਰਕੇ ਬੁਲਾਇਆ ਹੈ ਕਿ ਮੈਨੂੰ ਆਪਣੇ ਕਰੀਬ ਸਮਝਦੇ ਹਨ। ਮੇਰਾ ਇਹ ਪਹਿਲਾ ਅਨੁਭਵ ਸੀ। ਮਹਾਰਾਜ ਨੇ ਮੈਨੂੰ ਆਪਣੀ ਜਕੜ ਵਿੱਚ ਲੈ ਲਿਆ ਅਤੇ ਕਿਹਾ ਕਿ ਉਹ ਮੈਨੂੰ ਆਪਣੇ ਦਿਲ ਦੀ ਗਹਿਰਾਈ 'ਚੋਂ ਪਿਆਰ ਕਰਦੇ ਹਨ। ਮਹਾਰਾਜ ਨੇ ਇਹ ਵੀ ਕਿਹਾ ਕਿ ਉਹ ਮੇਰੇ ਨਾਲ ਪਿਆਰ ਕਰਨਾ ਚਾਹੁੰਦੇ ਹਨ। ਮਹਾਰਾਜ ਨੇ ਕਿਹਾ ਕਿ ਮੈਂ ਉਨ੍ਹਾਂ ਦੀ ਚੇਲੀ ਬਣਨ ਵੇਲੇ ਆਪਣਾ ਤਨ ਮਨ ਧਨ ਉਨ੍ਹਾਂ ਨੂੰ ਸੌਂਪ ਚੁੱਕੀ ਹਾਂ ਅਤੇ ਉਨ੍ਹਾਂ ਨੇ ਮੇਰੀ ਭੇਟਾ ਸਵੀਕਾਰ ਕਰ ਲਈ ਹੈ। ਜਦੋਂ ਮੈਂ ਇਸ 'ਤੇ ਇਤਰਾਜ਼ ਕੀਤਾ ਤਾਂ ਮਹਾਰਾਜ ਬੋਲੇ ਕਿ ਇਸ 'ਚ ਕੋਈ ਸ਼ੱਕ ਨਹੀਂ ਕਿ ਮੈਂ ਰੱਬ ਹਾਂ। ਜਦੋਂ ਮੈਂ ਪੁੱਛਿਆ ਕਿ ਕੀ ਰੱਬ ਵੀ ਅਜਿਹੇ ਕੰਮ ਕਰਦਾ ਹੈ? ਤਾਂ ਮਹਾਰਾਜ ਬੋਲੇ :

1. ਸ੍ਰੀ ਕ੍ਰਿਸ਼ਨ ਵੀ ਭਗਵਾਨ ਸਨ ਤੇ ਉਨ੍ਹਾਂ ਕੋਲ 360 ਗੋਪੀਆਂ ਸਨ ਜਿੰਨ੍ਹਾਂ ਨਾਲ ਉਹ ਪ੍ਰੇਮ ਲੀਲ੍ਹਾ ਰਚਾਉਂਦੇ ਸਨ ਤਾਂ ਵੀ ਲੋਕ ਉਨ੍ਹਾਂ ਨੂੰ ਰੱਬ ਮੰਨਦੇ ਸਨ। ਇਸ ਵਿੱਚ ਕੋਈ ਹੈਰਾਨ ਹੋਣ ਵਾਲੀ ਗੱਲ ਨਹੀਂ ਹੈ।
2. ਮੈਂ ਤੈਨੂੰ ਇਸ ਰਿਵਾਲਵਰ ਨਾਲ ਮਾਰ ਸਕਦਾ ਹਾਂ ਤੇ ਇੱਥੇ ਹੀ ਤੇਰੀ ਲਾਸ਼ ਦਬਾ ਸਕਦਾ ਹਾਂ। ਤੇਰੇ ਪਰਿਵਾਰ ਵਾਲੇ ਮੇਰੇ ਪੱਕੇ ਸ਼ਰਧਾਲੂ ਹਨ ਤੇ ਉਨ੍ਹਾਂ ਨੂੰ ਮੇਰੇ 'ਤੇ ਅੰਨ੍ਹਾ ਵਿਸ਼ਵਾਸ਼ ਹੈ। ਤੈਨੂੰ ਇਹ ਚੰਗੀ ਤਰ੍ਹਾਂ ਪਤਾ ਹੈ ਕਿ ਤੇਰੇ ਪਰਿਵਾਰ ਵਾਲੇ ਮੇਰੇ ਵਿਰੁੱਧ ਨਹੀਂ ਜਾ ਸਕਦੇ।
3. ਸਰਕਾਰਾਂ 'ਤੇ ਵੀ ਮੇਰਾ ਚੰਗਾ ਅਸਰ ਹੈ। ਹਰਿਆਣਾ ਅਤੇ ਪੰਜਾਬ ਦੇ ਮੁੱਖ ਮੰਤਰੀ ਅਤੇ ਪੰਜਾਬ ਦੇ ਕੇਂਦਰੀ ਮੰਤਰੀ ਮੈਨੂੰ ਮੱਥਾ ਟੇਕਣ ਆਉਂਦੇ ਹਨ। ਸਿਆਸਤਦਾਨ ਲੋਕ ਸਾਥੋਂ ਮੱਦਦ ਲੈਂਦੇ ਹਨ। ਉਹ ਸਾਥੋਂ ਪੈਸਾ ਵੀ ਲੈਂਦੇ ਹਨ। ਉਹ ਮੇਰੇ ਖਿਲਾਫ਼ ਕੋਈ ਕਾਰਵਾਈ ਨਹੀਂ ਕਰ ਸਕਦੇ। ਅਸੀਂ ਤੇਰੇ ਪਰਿਵਾਰ ਵਾਲਿਆਂ ਨੂੰ ਨੌਕਰੀਆਂ ਤੋਂ ਕਢਵਾ ਦਿਆਂਗੇ ਅਤੇ ਆਪਣੇ ਸੇਵਾਦਾਰਾਂ ਤੋਂ ਮੈਂ ਉਨ੍ਹਾਂ ਨੂੰ ਮਰਵਾ ਖਪਾ ਦਿਆਂਗਾ। ਅਸੀਂ ਉਨ੍ਹਾਂ ਦੇ ਕਤਲ ਦਾ ਕੋਈ ਸਬੂਤ ਵੀ ਨਹੀਂ ਛੱਡਾਂਗੇ। ਤੈਨੂੰ ਇਹ ਪਤਾ ਹੈ ਕਿ ਪਹਿਲਾਂ ਵੀ ਅਸੀਂ ਡੇਰੇ ਦੇ ਮੈਨੇਜਰ ਫਕੀਰ ਚੰਦ ਨੂੰ ਗੁੰਡਿਆਂ ਕੋਲੋਂ ਮਰਵਾ ਚੁੱਕੇ ਹਾਂ। ਅੱਜ ਤੱਕ ਉਸ ਦੇ ਕਤਲ ਦੀ ਉੱਘ ਸੁੱਘ ਨਹੀਂ ਨਿਕਲੀ। ਡੇਰੇ ਨੂੰ ਹਰ ਰੋਜ਼ 1 ਕਰੋੜ ਰੁਪਏ ਦੀ ਆਮਦਨ ਹੁੰਦੀ ਹੈ। ਇਸ ਨਾਲ ਅਸੀਂ ਲੀਡਰਾਂ ਪੁਲਿਸ ਅਤੇ ਜੱਜਾਂ ਨੂੰ ਖਰੀਦ ਸਕਦੇ ਹਾਂ।

ਇਸ ਤੋਂ ਬਾਅਦ ਮਹਾਰਾਜ ਨੇ ਮੇਰੇ ਨਾਲ ਖੇਹ ਖਾਧੀ। ਮਹਾਰਾਜ ਪਿਛਲੇ ਤਿੰਨ ਸਾਲ ਤੋਂ ਮੇਰੇ ਨਾਲ ਇਹ ਸਭ ਕੁੱਝ ਕਰਦੇ ਆ ਰਹੇ ਹਨ। ਹਰ 25-30 ਦਿਨਾਂ ਬਾਅਦ ਮੇਰੀ ਵਾਰੀ ਆਉਂਦੀ ਹੈ। ਮੈਨੂੰ ਇਹ ਵੀ ਪਤਾ ਚੱਲਿਆ ਹੈ ਕਿ ਮਹਾਰਾਜ ਨੇ ਮੈਥੋਂ ਪਹਿਲਾਂ ਵੀ ਡੇਰੇ 'ਚ ਮੌਜੂਦ ਜਿਹੜੀਆਂ ਕੁੜੀਆਂ ਨੂੰ ਬੁਲਾਇਆ ਉਨ੍ਹਾਂ ਨਾਲ ਵੀ ਇਹੀ ਕੁੱਝ ਕੀਤਾ। ਇਨ੍ਹਾਂ ਵਿੱਚੋਂ ਬਹੁਤ ਸਾਰੀਆਂ ਕੁੜੀਆਂ ਦੀ ਉਮਰ 35-40 ਸਾਲ ਹੈ ਅਤੇ ਉਹ ਵਿਆਹ ਦੀ ਉਮਰ ਵੀ ਲੰਘਾ ਚੁੱਕੀਆਂ ਹਨ। ਉਨ੍ਹਾਂ ਕੋਲ ਇਸ ਹਾਲਤ ਵਿੱਚ ਰਹਿਣ ਤੋਂ ਸਿਵਾਏ ਹੋਰ ਕੋਈ ਰਾਹ ਵੀ ਨਹੀਂ ਬਚਿਆ। ਜ਼ਿਆਦਾਤਰ ਕੁੜੀਆਂ ਪੜ੍ਹੀਆਂ ਲਿਖੀਆਂ ਹਨ ਅਤੇ ਉਨ੍ਹਾਂ ਕੋਲ ਬੀ. ਏ. ਐਮ. ਏ. ਬੀ. ਐੱਡ. ਆਦਿ ਡਿਗਰੀਆਂ ਹਨ। ਪਰ ਉਹ ਡੇਰੇ ਵਿੱਚ ਨਰਕ ਭੋਗ ਰਹੀਆਂ ਹਨ। ਸਿਰਫ਼ ਇਸ ਕਰਕੇ ਕਿਉਂਕਿ ਉਨ੍ਹਾਂ ਦੇ ਪਰਿਵਾਰ ਵਾਲਿਆਂ ਦੀ ਮਹਾਰਾਜ ਵਿੱਚ ਅੰਨ੍ਹੀ ਸ਼ਰਧਾ ਹੈ। ਅਸੀਂ ਚਿੱਟੇ ਕੱਪੜੇ ਪਹਿਨਦੀਆਂ ਹਾਂ ਸਿਰ ਤੇ ਪਟਕਾ ਬੰਨ੍ਹਦੀਆਂ ਮਰਦਾਂ ਵੱਲ ਨਹੀਂ ਦੇਖ ਸਕਦੀਆਂ ਅਤੇ ਮਹਾਰਾਜ ਦੇ ਆਦੇਸ਼ ਮੁਤਾਬਿਕ ਬੰਦਿਆਂ ਨਾਲ 5-10 ਫੁੱਟ ਦੀ ਦੂਰੀ 'ਤੇ ਖਲੋ ਕੇ ਗੱਲ ਕਰਦੀਆਂ ਹਾਂ। ਅਸੀਂ ਦੇਖਣ ਵਾਲੇ ਨੂੰ ਤਾਂ ਦੇਵੀਆਂ ਲੱਗਦੀਆਂ ਹਾਂ ਪਰ ਅਸੀਂ ਵੇਸਵਾਵਾਂ ਦੀ ਜੂਨ ਭੋਗ ਰਹੀਆਂ ਹਾਂ। ਕਈ ਵਾਰ ਮੈਂ ਆਪਣੇ ਘਰ ਵਾਲਿਆਂ ਨੂੰ ਦੱਸਣ ਦੀ ਕੋਸ਼ਿਸ਼ ਕੀਤੀ ਕਿ ਡੇਰੇ ਵਿੱਚ ਸਭ ਕੁੱਝ ਅੱਛਾ ਨਹੀਂ ਪਰ ਮੇਰੇ ਪਰਿਵਾਰ ਵਾਲਿਆਂ ਨੇ ਮੈਨੂੰ ਡਾਂਟ ਦਿੱਤਾ ਤੇ ਕਿਹਾ ਕਿ ਡੇਰੇ ਤੋਂ ਅੱਛੀ ਥਾਂ ਹੋਰ ਕੋਈ ਨਹੀਂ ਕਿਉਂਕਿ ਇੱਥੇ ਅਸੀਂ ਭਗਵਾਨ (ਮਹਾਰਾਜ) ਦੀ ਸੰਗਤ ਵਿੱਚ ਹਾਂ। ਉਨ੍ਹਾਂ ਕਿਹਾ ਕਿ ਮੈਂ ਡੇਰੇ ਬਾਰੇ ਆਪਣੇ ਮਨ ਵਿੱਚ ਮੰਦੀ ਸੋਚ ਪੈਦਾ ਕਰ ਲਈ ਹੈ। ਉਨ੍ਹਾਂ ਨੇ ਮੈਨੂੰ ਸਤਿਗੁਰ ਦਾ ਜਾਪ ਕਰਨ ਲਈ ਕਿਹਾ ਮੈਂ ਇੱਥੇ ਮਜ਼ਬੂਰ ਹਾਂ ਕਿਉਂਕਿ ਮੈਨੂੰ ਮਹਾਰਾਜ ਦੇ ਹਰ ਹੁਕਮ ਦੀ ਪਾਲਣਾ ਕਰਨੀ ਪੈਂਦੀ ਹੈ। ਕਿਸੇ ਕੁੜੀ ਨੂੰ ਦੂਜੀ ਕੁੜੀ ਨਾਲ ਗੱਲ ਕਰਨ ਦੀ ਆਗਿਆ ਨਹੀਂ। ਮਹਾਰਾਜ ਦੇ ਆਦੇਸ਼ਾਂ ਮੁਤਾਬਿਕ ਕੁੜੀਆਂ ਆਪਣੇ ਘਰਦਿਆਂ ਨਾਲ ਵੀ ਟੈਲੀਫ਼ੋਨ 'ਤੇ ਗੱਲ ਨਹੀਂ ਕਰ ਸਕਦੀਆਂ। ਜੇ ਕੋਈ ਕੁੜੀ ਡੇਰੇ ਦੀ ਅਸਲੀਅਤ ਬਾਰੇ ਕਿਤੇ ਗੱਲ ਕਰੇ ਤਾਂ ਮਹਾਰਾਜ ਦੇ ਆਦੇਸ਼ਾਂ ਮੁਤਾਬਕ ਉਸ ਨੂੰ ਸਜ਼ਾ ਦਿੱਤੀ ਜਾਂਦੀ ਹੈ। ਪਿੱਛੇ ਜਿਹੇ ਬਠਿੰਡੇ ਦੀ ਇੱਕ ਕੁੜੀ ਨੇ ਮਹਾਰਾਜ ਦੀਆਂ ਕਰਤੂਤਾਂ ਬਾਰੇ ਦੱਸ ਦਿੱਤਾ। ਇਸ ਤੋਂ ਬਾਅਦ ਸਾਰੀਆਂ ਚੇਲੀਆਂ ਨੇ ਉਸ ਨੂੰ ਕੁਟਾਪਾ ਚਾੜ੍ਹਿਆ। ਰੀੜ੍ਹ ਦੀ ਹੱਡੀ ਵਿੱਚ ਫਰੈਕਚਰ ਕਾਰਨ ਉਹ ਹਾਲੇ ਵੀ ਬੈੱਡ ਤੇ ਪਈ ਹੋਈ ਹੈ। ਇਸ ਤੋਂ ਬਾਅਦ ਉਸ ਦੇ ਪਿਤਾ ਨੇ ਡੇਰੇ ਦੀ ਸੇਵਾਦਾਰੀ ਛੱਡ ਦਿੱਤੀ ਅਤੇ ਆਪਣੇ ਘਰੇ ਚਲੇ ਗਏ। ਉਹ ਮਹਾਰਾਜ ਦੇ ਡਰ ਅਤੇ ਆਪਣੀ ਬਦਨਾਮੀ ਕਾਰਨ ਕਿਸੇ ਨੂੰ ਕੁੱਝ ਨਹੀਂ ਦੱਸ ਰਿਹਾ।

ਇਸੇ ਤਰ੍ਹਾਂ ਕੁਰੁਕਸ਼ੇਤਰ ਦੀ ਇੱਕ ਕੁੜੀ ਵੀ ਡੇਰਾ ਛੱਡ ਕੇ ਆਪਣੇ ਘਰ ਚਲੀ ਗਈ। ਜਦੋਂ ਉਸ ਨੇ ਸਾਰੀ ਕਹਾਣੀ ਆਪਣੇ ਪਰਿਵਾਰ ਵਾਲਿਆਂ ਨੂੰ ਦੱਸੀ ਤਾਂ ਉਸਦੇ ਭਰਾ ਨੇ ਡੇਰਾ ਛੱਡ ਦਿੱਤਾ ਜਿਹੜਾ ਕਿ ਡੇਰੇ ਵਿੱਚ ਸੇਵਾਦਾਰ ਵਜੋਂ ਕੰਮ ਕਰਦਾ ਸੀ। ਜਦੋਂ ਸੰਗਰੂਰ ਦੀ ਇੱਕ ਕੁੜੀ ਡੇਰਾ ਛੱਡ ਕੇ ਆਪਣੇ ਘਰ ਗਈ ਤਾਂ ਉਸ ਡੇਰੇ ਦੇ ਸੇਵਾਦਾਰ ਕੁੜੀ ਦੇ ਘਰ ਪਹੁੰਚ ਗਏ। ਦਰਵਾਜ਼ਾ ਅੰਦਰੋਂ ਬੰਦ ਕਰ ਦੇਣ ਤੋਂ ਬਾਅਦ ਉਨ੍ਹਾਂ ਨੇ ਕੁੜੀ ਨੂੰ ਮਾਰ ਦੇਣ ਦੀ ਧਮਕੀ ਦਿੱਤੀ। ਨਾਲ ਹੀ ਉਨ੍ਹਾਂ ਨੇ ਕਿਹਾ ਕਿ ਅੱਜ ਤੋਂ ਬਾਅਦ ਕੋਈ ਗੱਲ ਨਹੀਂ ਨਿਕਲਣੀ ਚਾਹੀਦੀ। ਇਸੇ ਤਰ੍ਹਾਂ ਮਾਨਸਾ, ਫਿਰੋਜ਼ਪੁਰ, ਪਟਿਆਲਾ ਅਤੇ ਲੁਧਿਆਣੇ ਜ਼ਿਲ੍ਹਿਆਂ ਦੀਆਂ ਹੋਰ ਵੀ ਕੁੜੀਆਂ ਜਿਹੜੀਆਂ ਡੇਰੇ ਬਾਰੇ ਕੁੱਝ ਵੀ ਦੱਸਣ ਤੋਂ ਡਰ ਰਹੀਆਂ ਹਨ। ਭਾਵੇਂ ਉਹ ਡੇਰਾ ਛੱਡ ਚੁੱਕੀਆਂ ਹਨ ਪਰ ਉਹ ਆਪਣੀ ਜਾਨ ਨੂੰ ਖ਼ਤਰੇ ਦੇ ਡਰੋਂ ਕੁੱਝ ਵੀ ਨਹੀਂ ਦੱਸ ਰਹੀਆਂ। ਇਸੇ ਤਰ੍ਹਾਂ ਸਿਰਸਾ, ਹਿਸਾਰ, ਫਤਿਆਬਾਦ, ਹਨੂੰਮਾਨਗੜ੍ਹ ਅਤੇ ਮੇਰਠ ਜ਼ਿਲ੍ਹਿਆਂ ਦੀਆਂ ਕੁੜੀਆਂ ਡੇਰੇ ਦੇ ਗੁੰਡਿਆਂ ਕਾਰਨ ਆਪਣੇ ਨਾਲ ਹੋਈਆਂ ਕਹਾਣੀਆਂ ਬਾਹਰ ਨਹੀਂ ਕੱਢ ਰਹੀਆਂ।

ਜੇ ਮੈਂ ਆਪਣਾ ਨਾਂ ਦੱਸ ਦੇਵਾਂ ਤਾਂ ਮੈਨੂੰ ਅਤੇ ਮੇਰੇ ਪਰਿਵਾਰ ਨੂੰ ਖਤਮ ਕਰ ਦਿੱਤਾ ਜਾਵੇਗਾ। ਮੈਂ ਆਮ ਲੋਕਾਂ ਨੂੰ ਸੱਚਾਈ ਦੱਸ ਦੇਣਾ ਚਾਹੁੰਦੀ ਹਾਂ ਕਿਉਂਕਿ ਮੈਂ ਅਜਿਹੀ ਪਰੇਸ਼ਾਨੀ ਬਰਦਾਸ਼ਤ ਨਹੀਂ ਕਰ ਸਕਦੀ। ਪਰ ਮੈਨੂੰ ਆਪਣੀ ਜਾਨ ਦਾ ਖ਼ਤਰਾ ਹੈ। ਜੇ ਪ੍ਰੈੱਸ ਜਾਂ ਕਿਸੇ ਹੋਰ ਏਜੰਸੀ ਜ਼ਰੀਏ ਜਾਂਚ ਕਰਵਾਈ ਜਾਵੇ ਤਾਂ ਡੇਰੇ ਵਿੱਚ ਰਹਿ ਰਹੀਆਂ 40-50 ਕੁੜੀਆਂ ਸੱਚਾਈ ਬਿਆਨ ਕਰਨ ਲਈ ਸਾਹਮਣੇ ਆ ਜਾਣਗੀਆਂ। ਸਾਡੀ ਮੈਡੀਕਲ ਜਾਂਚ ਵੀ ਹੋ ਸਕਦੀ ਹੈ ਤਾਂ ਕਿ ਪਤਾ ਚੱਲ ਸਕੇ ਕਿ ਅਸੀਂ ਕੁਆਰੀਆਂ ਚੇਲੀਆਂ ਹਾਂ ਜਾਂ ਨਹੀਂ। ਜੇ ਅਸੀਂ ਕੁਆਰੀਆਂ ਨਹੀਂ ਤਾਂ ਇਸ ਦੀ ਪੜਤਾਲ ਕੀਤੀ ਜਾਵੇ ਕਿ ਕਿਸ ਨੇ ਸਾਡਾ ਕੁਆਰਾਪਨ ਭੰਗ ਕੀਤਾ। ਇਹ ਗੱਲ ਸਾਹਮਣੇ ਆਏਗੀ ਕਿ ਮਹਾਰਾਜ ਗੁਰਮੀਤ ਰਾਮ ਰਹੀਮ ਸਿੰਘ ਡੇਰਾ ਸੱਚਾ ਸੌਦਾ ਨੇ ਸਾਡੀਆਂ ਜ਼ਿੰਦਗੀਆਂ ਬਰਬਾਦ ਕੀਤੀਆਂ ਹਨ।

- ਇੱਕ ਦੁਖੀ ਅਬਲਾ

ਉਪਰੋਕਤ ਪੱਤਰ ਰਾਹੀਂ ਲੜਕੀ ਨੇ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਤੋਂ ਇਸ ਸ਼ਿਕਾਇਤ ਦੀ ਜਾਂਚ-ਪੜਤਾਲ ਕਰਕੇ 'ਇਨਸਾਫ਼' ਦੀ ਮੰਗ ਕੀਤੀ ਸੀ ਤਾਂ ਜੋ 'ਡੇਰਾ ਸੱਚਾ ਸੌਦਾ' ਦਾ ਮੁਖੀ ਬਾਬਾ ਗੁਰਮੀਤ ਰਾਮ ਰਹੀਮ ਆਪਣੀਆਂ ਕਾਲੀਆ ਕਰਤੂਤਾਂ ਕਾਰਨ ਸਖਤ ਸਜ਼ਾ ਭੁਗਤ ਸਕੇ ਤੇ ਬਾਕੀ ਲੜਕੀਆਂ ਨੂੰ ਇਸ ਬਲਾਤਕਾਰੀ ਬਾਬੇ ਦੇ ਚੁੰਗਲ 'ਚੋਂ ਬਚਾਇਆ ਜਾ ਸਕੇ। ਉਸ ਵਕਤ ਵਾਜਪਾਈ ਨੇ ਇਸ ਪੱਤਰ ਨੂੰ ਬਿੱਲਕੁਲ ਵੀ ਨਾ ਗੌਲਿਆ (ਕਿਉਂਕਿ ਵੋਟਾਂ ਦਾ ਚੱਕਰ ਸੀ) ਜਿਸ ਕਾਰਨ ਇਸ ਪ੍ਰਧਾਨ ਮੰਤਰੀ ਵੱਲੋਂ ਕੋਈ ਕਾਰਵਾਈ ਨਾ ਕੀਤੀ ਗਈ ਪਰ ਹਾਈਕੋਰਟ ਨੇ ਇਸ ਪੱਤਰ ਦੀ ਸੱਚਾਈ ਜਾਨਣ ਲਈ ਸ਼ੈਸ਼ਨ ਕੋਰਟ ਸਿਰਸਾ ਨੂੰ ਹਦਾਇਤ ਲਿਖਕੇ ਭੇਜੀ। ਸਿਰਸੇ ਦੇ ਐਡੀਸ਼ਨਲ ਜੱਜ ਨੇ ਜਾਂਚ-ਪੜਤਾਲ ਕਰਨ ਤੋਂ ਬਾਅਦ ਪੱਤਰ ਵਿੱਚ ਲਿਖੇ ਤੱਥਾਂ ਨੂੰ ਮੁੱਢਲੇ ਰੂਪ 'ਚ ਪੂਰੀ ਤਰ੍ਹਾਂ ਸਹੀ ਪਾਇਆ ਅਤੇ ਹਾਈਕੋਰਟ ਨੂੰ ਸੀ.ਬੀ.ਆਈ. ਤੋਂ ਡੂੰਘਾਈ ਨਾਲ ਜਾਂਚ-ਪੜਤਾਲ ਕਰਾਉਣ ਬਾਰੇ ਲਿਖ ਭੇਜਿਆ। ਹਾਈਕੋਰਟ ਨੇ ਸੀ.ਬੀ.ਆਈ. ਨੂੰ ਇਸ ਮਾਮਲੇ ਦੀ ਜਾਂਚ ਕਰਨ ਦਾ ਆਦੇਸ਼ ਜਾਰੀ ਕਰ ਦਿੱਤਾ। ਇਸੇ ਦੌਰਾਨ ਇਹ ਗੁੰਮਨਾਮ ਪੱਤਰ ਲੀਕ ਹੋ ਗਿਆ ਜਿਸ ਨਾਲ ਡੇਰੇ ਨੂੰ ਆਪਣੇ

ਬਚਾਅ ਲਈ ਹੱਥਾਂ-ਪੈਰਾਂ ਦੀ ਪੈ ਗਈ। ਡੇਰੇ ਦੇ ਮੁਖੀ ਤੇ ਪ੍ਰੇਮੀਆ ਵੱਲੋਂ 'ਹਿੰਸਾ' ਕਰਨ ਲਈ ਆਪਣੇ ਡੇਰੇ ਦੇ 'ਪ੍ਰੇਮ ਤੇ ਸ਼ਾਂਤੀ' ਨਾਲ ਰਹਿਣ ਵਾਲੇ ਸੰਦੇਸ਼ ਦਾ ਪ੍ਰਚਾਰ ਕਰਨ ਦੀਆ 'ਚੂਲਾਂ' ਹਿੱਲਣ ਲੱਗ ਪਈਆਂ। ਇਸ ਗੁੰਮਨਾਮ ਪੱਤਰ ਦੀ ਸੱਚਾਈ ਨੂੰ ਲੋਕਾਂ ਵਿੱਚ ਜਾਣ ਤੋਂ ਰੋਕਣ ਲਈ ਡੇਰੇ ਦੇ ਸ਼ਰਧਾਲੂ-ਪ੍ਰੇਮੀਆਂ ਨੇ ਫੋਟੋ ਸਟੇਟ ਵਾਲੀਆਂ ਦੁਕਾਨਾਂ ਤੋਂ ਲੈ ਕੇ 'ਤਰਕਸ਼ੀਲ ਵਰਕਰਾਂ' ਤੱਕ ਜਾਨਲੇਵਾ ਹਮਲੇ ਕਰਨੇ ਸ਼ੁਰੂ ਕਰ ਦਿੱਤੇ। ਅਖ਼ਬਾਰਾਂ ਤੇ ਮੈਗਜ਼ੀਨਾਂ ਦੇ ਪ੍ਰਬੰਧਕਾਂ ਨੂੰ ਖਤਮ ਕਰ ਦੇਣ ਦੀਆਂ ਧਮਕੀਆਂ ਦਿੱਤੀਆਂ ਗਈਆਂ। ਡੇਰੇ ਦੇ ਮੁਖੀ ਨੂੰ ਬਚਾਉਣ ਲਈ ਪ੍ਰੇਮੀਆਂ ਨੇ ਪੂਰੀ ਗੁੰਡਾਗਰਦੀ ਦਿਖਾਈ।

ਰਣਜੀਤ ਸਿੰਘ ਨਾਮ ਦਾ ਇੱਕ ਵਿਅਕਤੀ ਜੋ ਡੇਰੇ ਦੇ ਪ੍ਰਬੰਧਕਾਂ ਵਿੱਚੋਂ ਇੱਕ ਸੀ ਅਤੇ ਉਹ ਡੇਰੇ ਦੀਆਂ ਘਟੀਆਂ ਤੇ ਖਤਰਨਾਕ ਸਰਗਰਮੀਆਂ ਤੋਂ ਨਿਰਾਸ਼ ਹੋ ਕੇ ਆਪਣੇ ਪਿੰਡ ਚਲਾ ਗਿਆ। ਉਸ ਦੀ ਭੈਣ ਵੀ ਡੇਰੇ ਦੀ ਸਾਧਵੀ ਸੀ ਅਤੇ ਉਹ ਵੀ ਸਰੀਰਕ ਸ਼ੋਸ਼ਣ ਦੀਆਂ ਸ਼ਿਕਾਰ ਔਰਤਾਂ ਵਿੱਚੋਂ ਇੱਕ ਸੀ। ਇਸ ਲਈ ਇਨ੍ਹਾਂ ਦੋਵਾਂ ਭੈਣ-ਭਰਾ ਨੇ ਡੇਰਾ ਛੱਡ ਦਿੱਤਾ ਅਤੇ ਆਪਣੇ ਘਰ ਚਲੇ ਗਏ। ਡੇਰਾ ਮੁਖੀ ਤੇ ਉਸਦੇ ਸ਼ਰਧਾਲੂ ਪ੍ਰੇਮੀਆਂ ਨੂੰ ਇਹ ਸ਼ੱਕ ਸੀ ਕਿ ਇਹਨਾਂ ਦੋਵਾਂ ਨੇ ਹੀ ਇਹ ਪੱਤਰ ਲਿਖਿਆ ਹੋਵੇਗਾ। ਮੀਡੀਆ 'ਚ ਵੀ ਇਹ ਖ਼ਬਰ ਹੈ ਕਿ ਇਸ ਸ਼ੱਕ ਦੇ ਆਧਾਰ ਤੇ 10 ਜੁਲਾਈ 2002 ਨੂੰ ਡੇਰਾ ਮੁਖੀ ਤੇ ਉਸਦੇ ਸ਼ਰਧਾਲੂਆਂ ਨੇ ਗੁੰਡਾਗਰਦੀ ਨਾਲ ਸਭ ਤੋਂ ਨੇੜਲੇ ਸਾਥੀ ਸਾਬਕਾ ਮੈਨੇਜਰ ਰਣਜੀਤ ਸਿੰਘ ਨੂੰ ਉਸਦੇ ਪਿੰਡ ਖਾਨਪੁਰ ਕੋਹਲੀਆਂ (ਕੁਰੂਕਸ਼ੇਤਰ) ਵਿੱਚ ਚਾਰ ਨੌਜਵਾਨਾਂ ਵਲੋਂ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ। ਰਣਜੀਤ ਦੇ ਪਿਤਾ ਜੋਗਿੰਦਰ ਸਿੰਘ ਨੇ ਇਸ ਕਤਲ ਪਿੱਛੇ ਡੇਰਾ ਮੁਖੀ 'ਤੇ ਸਿੱਧਾ ਦੋਸ਼ ਲਾਇਆ ਤੇ ਹਾਈਕੋਰਟ ਪਹੁੰਚ ਕੀਤੀ। 2003 ਨੂੰ ਰਣਜੀਤ ਸਿੰਘ ਦੇ ਕਤਲ ਦੀ ਜਾਂਚ ਸੀ.ਬੀ.ਆਈ. ਨੂੰ ਸੌਂਪ ਦਿੱਤੀ ਗਈ। ਇਹ ਗੁੰਮਨਾਮ ਪੱਤਰ ਉਦੋਂ 'ਅਮਰ ਉਜਾਲਾ' 'ਚ ਮੁਕਤਸਰ ਤੋਂ ਅਤੇ 'ਨਵਾਂ ਜ਼ਮਾਨਾ' ਵਿੱਚ ਛਪਿਆ ਸੀ। ਫਿਰ ਸਿਰਸਾ ਤੋਂ ਨਿਕਲਦੇ ਲੋਕਲ ਅਖ਼ਬਾਰ 'ਪੂਰਾ ਸੱਚ' ਵਿੱਚ ਮੁਕੰਮਲ ਛਾਪ ਦਿੱਤਾ ਸੀ। ਇਸ ਦੌਰਾਨ ਵੀ ਸੱਚ ਨੂੰ ਹਰ ਹੀਲੇ ਦਬਾ ਕੇ ਰੱਖਣ ਦੇ ਮਨਸੇ ਨਾਲ ਡੇਰਾ ਮੁਖੀ ਦੇ ਆਦੇਸ਼ਾਂ ਤੇ ਸ਼ਰਧਾਲੂ ਪ੍ਰੇਮੀਆਂ ਦੀ ਗੁੰਡਾਗਰਦੀ ਨਾਲ 24 ਅਕਤੂਬਰ 2002 ਨੂੰ ਪੱਤਰਕਾਰ ਛਤਰਪਤੀ ਉੱਤੇ ਜਾਨਲੇਵਾ ਹਮਲਾ ਹੋਇਆ ਸੀ। ਉਸਨੂੰ ਵੀ ਦੋ ਡੇਰਾ ਹਿਮਾਇਤੀਆਂ ਨੇ ਗੋਲੀਆਂ ਨਾਲ ਭੁੰਨ ਦਿੱਤਾ ਸੀ ਜਿਸਦੀ 21 ਨਵੰਬਰ 2002 ਨੂੰ ਮੌਤ ਹੋ ਗਈ। ਪੱਤਰਕਾਰ ਛਤਰਪਤੀ ਦੇ ਕਤਲ ਦੀ ਜਾਂਚ ਵੀ ਸੀ.ਬੀ.ਆਈ. ਦੇ ਹੱਥ ਆ ਚੁੱਕੀ ਹੈ। ਡੇਰਾ ਮੁਖੀ ਨੇ ਆਪਣੀਆਂ ਕਾਲੀਆਂ ਕਰਤੂਤਾਂ ਤੋਂ ਬਚਣ ਲਈ ਤਿੰਨ ਕੇਸਾਂ (ਸਾਧਵੀਆਂ ਦਾ ਸਰੀਰਕ ਸ਼ੋਸ਼ਣ ਰਣਜੀਤ ਤੇ ਛਤਰਪਤੀ ਦੇ ਕਤਲ ਦੀ ਹੱਤਿਆ ਕਾਂਡ) ਦੀ ਸੀ.ਬੀ.ਆਈ. ਜਾਂਚ ਦੇ ਵਿਰੋਧ 'ਚ ਡੇਰੇ ਨੇ ਸੁਪਰੀਮ ਕੋਰਟ ਵਿੱਚ ਨਵੰਬਰ 2004 ਨੂੰ ਇਹ ਜਾਂਚ ਰੋਕਣ ਦੀ ਅਪੀਲ ਕੀਤੀ ਪਰ ਸੁਪਰੀਮ ਕੋਰਟ ਨੇ ਅਪੀਲ ਰੱਦ ਕਰ ਦਿੱਤੀ। ਦਸਬੰਰ 2002 ਵਿੱਚ ਗੁਰਮੀਤ ਰਾਮ ਰਹੀਮ ਉੱਤੇ ਧਾਰਾ 376 506 ਅਤੇ 509 ਹੇਠ ਕੇਸ ਦਰਜ ਕੀਤਾ ਗਿਆ।

ਇਸੇ ਦੌਰਾਨ ਡੇਰੇ ਦੀਆਂ ਹੋਰ ਕਾਲੀਆਂ ਕਰਤੂਤਾਂ ਵੀ ਸਾਹਮਣੇ ਆ ਗਈਆਂ। ਜਿੰਨ੍ਹਾਂ ਵਿੱਚ ਡੇਰੇ ਦੇ ਸਾਧੂਆਂ ਨੂੰ 'ਨਿਪੁੰਸਕ' ਬਣਾਉਣ ਅਤੇ ਵਿਰੋਧੀਆਂ ਨੂੰ ਕਤਲ ਕਰਾਉਣ ਆਦਿ ਦੇ ਕੇਸ ਦਰਜ ਹੋਏ। ਇੱਕ ਨਿਪੁੰਸਕ ਸਾਧੂ (ਟੋਹਾਣਾ ਨਿਵਾਸੀ) ਹੰਸ ਰਾਜ ਚੌਹਾਨ ਨੇ ਦੱਸਿਆ ਕਿ ਡੇਰਾ ਮੁਖੀ ਨੇ ਜਿਸ ਨੂੰ ਵੀ ਨਿਪੁੰਸਕ ਕਰਨਾ ਹੁੰਦਾ ਸੀ ਉਸ ਦਾ ਗੰਗਾ ਨਗਰ ਜ਼ਿਲ੍ਹੇ 'ਚ ਉਸਾਰੇ ਇੱਕ ਡੇਰੇ ਦੇ ਹਸਪਤਹਲ ਵਿੱਚ ਲਿਜਾ ਕੇ ਆਪਰੇਸ਼ਨ ਕੀਤਾ ਜਾਂਦਾ ਸੀ। ਲੱਗਭਗ 400 ਸਾਧੂਆਂ ਦੇ ਨਿਪੁੰਸਕ ਬਣਾਉਣ ਦੀ ਜਾਂਚ ਵੀ ਸੀ.ਬੀ.ਆਈ. ਹੀ ਕਰ ਰਹੀ ਹੈ। ਇਸ ਤੋਂ ਇਲਾਵਾ ਡੇਰਾ ਮੁਖੀ ਉੱਤੇ ਜੈਪੁਰ ਦੀ ਇੱਕ ਔਰਤ ਪੈਰੋਕਾਰ ਨੂੰ ਗਾਇਬ ਕਰਨ ਦਾ ਦੋਸ਼ ਵੀ ਹੈ ਜਿਸਦੀ ਐਫ.ਆਈ.ਆਰ. ਜੈਪੁਰ ਦੇ ਜਵਾਹਰ ਸਰਕਲ ਥਾਣੇ ਵਿੱਚ ਦਰਜ ਹੈ। ਇੱਕ ਸਾਬਕਾ ਮੈਨੇਜਰ ਫਕੀਰ ਚੰਦ ਦੇ ਕਤਲ ਦਾ ਇਲਜ਼ਾਮ ਵੀ ਡੇਰਾ ਮੁਖੀ 'ਤੇ ਹੈ ਅਤੇ ਇਹ ਵੀ ਹਾਈਕੋਰਟ ਵਿੱਚ ਹੀ ਹੈ। ਸਾਧਵੀ ਬਲਾਤਕਾਰ ਕੇਸ ਦੌਰਾਨ 52 ਗਵਾਹ ਪੇਸ਼ ਹੋਏ 15 ਪ੍ਰਾਸੀਕਿਊਸ਼ਨ ਅਤੇ 37 ਬਚਾਅ ਪੱਖ ਦੇ। ਸੀ.ਬੀ.ਆਈ. ਨੇ 18 ਔਰਤਾਂ ਦੀ ਸ਼ਨਾਖਤ ਕੀਤੀ ਸੀ ਜਿਨ੍ਹਾਂ ਨਾਲ 'ਬਾਬੇ' ਨੇ ਛਲਾਵੇ ਭਰੇ ਢੰਗ ਨਾਲ ਸੈਕਸ ਸਬੰਧ ਬਣਾਏ ਹੋਏ ਸਨ। ਵੈਸੇ ਇਹ ਗਿਣਤੀ 250 ਤੋਂ ਉੱਪਰ ਦੱਸੀ ਜਾਂਦੀ ਹੈ। ਪਰ ਅਦਾਲਤ ਤੱਕ ਸਿਰਫ਼ ਦੋ ਸਾਧਵੀਆਂ ਹੀ ਬੇਖੌਫ ਹੋ ਕੇ ਗਵਾਹੀ ਦੇਣ ਲਈ ਪਹੁੰਚੀਆਂ। ਇਨ੍ਹਾਂ ਵਿੱਚੋਂ ਹੀ ਇੱਕ ਮ੍ਰਿਤਕ ਰਣਜੀਤ ਸਿੰਘ ਦੀ ਭੈਣ ਵੀ ਸੀ ਬਾਕੀ ਆਰਥਿਕ ਤੰਗੀ ਜਾਂ ਬਦਨਾਮੀ ਤੋਂ ਬਚਣ ਲਈ ਪਿੱਛੇ ਹਟ ਗਈਆਂ। ਬਾਬੇ ਦੀ ਦਹਿਸ਼ਤ ਕਾਰਨ ਡੇਰੇ ਦੇ ਪ੍ਰੇਮੀਆਂ ਨੇ ਇਨ੍ਹਾਂ ਦੇ ਪਰਿਵਾਰ ਨੂੰ ਚੁੱਪ ਰਹਿਣ ਲਈ ਧਮਕੀਆਂ ਵੀ ਦਿੱਤੀ ਗਈਆਂ। ਪਾਗਲਨੁਮਾ ਪੈਰੋਕਾਰ ਪ੍ਰੇਮੀ ਇਹ ਕਰ ਵੀ ਸਕਦੇ ਹਨ। ਇਸ ਦੌਰਾਨ ਕੇਸਾਂ ਨੂੰ ਰਫ਼ਾ-ਦਫ਼ਾ ਕਰਨ ਲਈ ਸੀ.ਬੀ.ਆਈ. ਨੂੰ ਧਮਕੀਆਂ ਵੀ ਦਿੱਤੀਆਂ ਗਈਆਂ ਅਤੇ ਰਿਸ਼ਵਤ ਦੀ ਪੇਸ਼ਕਸ਼ ਵੀ ਕੀਤੀ ਗਈ। ਜਿਸਦਾ ਜ਼ਿਕਰ ਸੀ.ਬੀ.ਆਈ. ਦੀਆਂ ਰਿਪੋਰਟਾਂ ਅਤੇ ਚਿੱਠੀਆਂ ਵਿੱਚ ਵੀ ਹੈ। ਇਸ ਕੇਸ ਦੇ 15 ਸਾਲ ਲਮਕਣ ਦਾ ਕਾਰਨ ਡੇਰਾ ਮੁਖੀ ਵਲੋਂ ਅਦਾਲਤ ਨੂੰ ਸਹਿਯੋਗ ਨਾ ਦੇਣਾ ਹੀ ਹੈ। ਡੇਰਾ ਮੁਖੀ ਤੇ ਉਸਦੇ ਪ੍ਰੇਮੀਆਂ ਨੂੰ ਪਹਿਲਾਂ ਹੀ ਪਤਾ ਲੱਗ ਚੁੱਕਾ ਸੀ ਕਿ ਬਲਾਤਕਾਰ ਦੇ ਇਸ ਕੇਸ ਵਿੱਚੋਂ ਬਾਬੇ ਦਾ ਸੁੱਕਾ ਬਚ ਨਿਕਲਣਾ ਮੁਸ਼ਕਿਲ ਹੈ। ਇਸ ਲਈ ਫੈਸਲਾ ਆਉਣ ਤੋਂ ਪਹਿਲਾਂ ਹੀ ਹਿੰਸਾ ਅਤੇ ਅਗਜ਼ਨੀ ਨਾਲ ਬਾਬੇ ਨੂੰ ਬਚਾਉਣ ਲਈ ਅੰਨ੍ਹੇ ਪ੍ਰੇਮੀਆਂ ਦੇ ਇਹ ਟੋਲੇ ਆਪਣੇ ਨਾਲ ਤੇਜ਼ਧਾਰ ਹਥਿਆਰ ਪੈਟਰੋਲ ਦੀਆਂ ਬੋਤਲਾਂ ਕਪੂਰ ਦੀਆਂ ਥੈਲੀਆਂ ਅਤੇ ਇੱਟਾਂ-ਰੋੜੇ ਲੈ ਕੇ ਪਹੁੰਚੇ ਹੋਏ ਸਨ। 'ਇੰਸਾਂ' ਦਾ ਜਾਮ 'ਹਿੰਸਾ' ਦੇ ਪੈਗਾਮ 'ਚ ਬਦਲ ਗਿਆ।

25 ਅਗਸਤ 2017 ਨੂੰ 200 ਪੇਸ਼ੀਆਂ ਤੋਂ ਪਿੱਛੋਂ ਡੇਰਾ ਮੁਖੀ ਨੂੰ ਸਾਧਵੀਆਂ ਦੇ ਸਰੀਰਕ ਸ਼ੋਸ਼ਣ (ਭਾਵ ਬਲਾਤਕਾਰ) ਕਰਨ ਦਾ ਦੋਸ਼ੀ ਠਹਿਰਾਏ ਜਾਣ ਤੋਂ ਤੁਰੰਤ ਬਾਅਦ ਡੇਰੇ ਦੇ ਪ੍ਰੇਮੀਆਂ ਵੱਲੋਂ ਜੋ 'ਹਿੰਸਾ ਦਾ ਤਾਂਡਵ' ਰਚਿਆ ਗਿਆ ਉਸ ਨੇ ਡੇਰੇ ਤੇ ਉਸ ਦੇ ਪ੍ਰੇਮੀਆਂ ਦੇ ਅੰਦਰ ਦੀ ਹੈਵਾਨੀਅਤ ਤੇ ਗੁੰਡਾਗਰਦੀ ਪੂਰੀ ਤਰ੍ਹਾਂ ਸੱਚ ਸਾਬਤ ਕਰ ਦਿੱਤੀ। ਇਸ ਹਿੰਸਾ ਨੇ ਤਿੰਨ ਦਰਜਨ ਤੋਂ ਉੱਪਰ ਮਨੁੱਖੀ ਜ਼ਿੰਦਗੀਆਂ ਨੂੰ ਖੋਹ ਲਿਆ ਅਤੇ ਲੱਖਾਂ-ਕਰੋੜਾਂ ਰੁਪਇਆਂ ਦੀ ਸੰਪੰਤੀ ਦਾ ਨੁਕਸਾਨ ਹੋ ਗਿਆ। ਡੇਰਾ ਪ੍ਰੇਮੀਆਂ ਵੱਲੋਂ ਅਜਿਹੀ ਗੁੰਡਾਗਰਦੀ ਕਰਨ ਦੇ ਬਾਵਜੂਦ ਵੀ 28 ਅਗਸਤ 2017 ਨੂੰ ਗੁਰਮੀਤ ਰਾਮ ਰਹੀਮ ਨੂੰ ਦੋਵੇਂ ਕੁੜੀਆਂ ਨਾਲ ਬਲਾਤਕਾਰ ਸਹੀ ਸਾਬਤ ਹੋਣ ਤੋਂ ਬਾਅਦ 20 ਸਾਲ ਦੀ ਕੈਦ ਦਾ ਫੈਸਾ ਸੁਣਾਉਂਦਿਆਂ ਜੱਜ ਜਗਦੀਪ ਸਿੰਘ ਨੇ ਠੀਕ ਹੀ ਟਿੱਪਣੀ ਕੀਤੀ ਹੈ "ਦੋਸ਼ੀ ਗੁਰਮੀਤ ਰਾਮ ਰਹੀਮ ਨੇ ਇੱਕ 'ਜੰਗਲੀ ਜਾਨਵਰ' ਵਾਂਗ ਵਿਵਹਾਰ ਕੀਤਾ ਹੈ ਅਤੇ ਇਸ ਨੇ 'ਪਾਕਿ-ਪਵਿੱਤਰ' ਮਹਿਲਾ ਸਾਧਵੀਆਂ ਨੂੰ ਵੀ ਨਹੀਂ ਬਖਸ਼ਿਆ।" ਜਿਨ੍ਹਾਂ ਨਾਲ ਇਸ ਬਾਬੇ ਨੇ ਗਲਤ ਕੰਮ ਕੀਤੇ ਉਨ੍ਹਾਂ ਨੂੰ ਹੁਣ ਇਹ ਚੰਗੀ ਤਰ੍ਹਾਂ ਪਤਾ ਲੱਗ ਗਿਆ ਹੋਵੇਗਾ ਕਿ ਆਪਣੇ ਡੇਰੇ 'ਚ ਬਾਬਾ ਕਿਸ 'ਸੱਚੇ ਸੌਦੇ' ਦੀ ਗੱਲ ਕਰਦਾ ਰਿਹਾ। ਬਲਾਤਕਾਰੀ ਬਾਬੇ ਦਾ ਇਹ ਸੌਦਾ 'ਸੱਚਾ' ਨਹੀਂ ਸੀ ਇਹ ਤਾਂ ਬਹੁਤ ਹੀ 'ਖਤਰਨਾਕ ਤੇ ਝੂਠਾ' ਸੌਦਾ ਸਾਬਤ ਹੋਇਆ। ਸੱਚ ਸਾਹਮਣੇ ਆਉਣ ਤੋਂ ਬਾਅਦ ਵੀ ਕਈ ਸ਼ਰਧਾਲੂ-ਪ੍ਰੇਮੀਆਂ ਲਈ ਇਹ ਸੌਦਾ 'ਸੱਚਾ' ਹੀ ਹੈ ਕਿਉਂਕਿ ਇਹ ਸਭ ਉਨ੍ਹਾਂ ਦੀਆਂ ਆਪਣੀਆਂ ਧੀਆਂ-ਭੈਣਾਂ ਨਾਲ ਨਹੀਂ ਸੀ ਵਾਪਰਿਆ। ਜੇ ਵਾਪਰਦਾ ਤਾਂ ਉਹ ਵੀ ਡੇਰਾ 'ਸੱਚਾ ਸੌਦਾ' ਨੂੰ 'ਝੂਠਾ ਸੌਦਾ' ਆਖਣ ਤੋਂ ਭੋਰਾ ਭਰ ਵੀ ਗੁਰੇਜ਼ ਨਾ ਕਰਦੇ।

# ਇੱਕ ਅਪੀਲ ਡੇਰਾ ਪ੍ਰੇਮੀਆਂ ਦੇ ਨਾਂ

ਮੈਨੂੰ ਅੱਜ ਤੁਹਾਡੀ ਮਾਨਸਿਕ ਹਾਲਤ ਪਤਾ ਹੈ। ਤੁਸੀਂ ਆਪਣੇ ਘਰਾਂ ਦੇ ਹਨੇਰੇ ਖੂੰਜਿਆਂ ਵਿੱਚ ਲੱਗ ਕੇ ਰੋ ਰਹੇ ਹੋ। ਤੁਹਾਡਾ ਮੁਖੀ ਜਿਸ ਨੂੰ ਤੁਸੀਂ ਗੁਰੂ ਜੀ ਜਾਂ ਪਿਤਾ ਜੀ ਕਹਿੰਦੇ ਸੀ ਉਸ ਨੇ ਤੁਹਾਡਾ ਸਿਰ ਨੀਵਾਂ ਕਰ ਦਿੱਤਾ ਹੈ। ਤੁਹਾਨੂੰ ਮੂੰਹ ਦਿਖਾਉਣ ਜੋਗੇ ਨਹੀਂ ਛੱਡਿਆ। ਥਾਂ-ਥਾਂ ਤੇ ਤੁਸੀਂ ਮਜ਼ਾਕ ਦੇ ਪਾਤਰ ਬਣ ਗਏ ਹੋ। ਅਜਿਹੀਆਂ ਹਾਲਤਾਂ ਵਿੱਚੋਂ ਤੁਸੀਂ ਬਾਹਰ ਨਿਕਲ ਸਕਦੇ ਹੋ। ਇਸ ਵਿੱਚ ਕੋਈ ਸ਼ੱਕ ਨਹੀਂ। ਤੁਸੀਂ ਆਪਣੀ ਜ਼ਿੰਦਗੀ ਦੀ ਜਵਾਨੀ ਦੇ ਦਸ-ਵੀਹ ਵਰ੍ਹੇ ਡੇਰੇ ਨੂੰ ਸਮਰਪਿਤ ਕੀਤੇ ਸਨ। ਪਰ ਤੁਹਾਡੇ ਮੁਖੀ ਨੇ ਤੁਹਾਨੂੰ ਆਹ ਦਿਨ ਦਿਖਾ ਦਿੱਤੇ ਹਨ।

ਇਸ ਸਬੰਧੀ ਮੈਂ ਇੱਕ ਪਰਿਵਾਰ ਨੂੰ ਮਿਲਿਆ। ਉਹ ਕਹਿਣ ਲੱਗਿਆ ਕਿ "ਅਸੀਂ ਤਾਂ ਪਤੰਗ ਸਾਂ। ਅਸੀਂ ਤਾਂ ਆਪਣੀ ਜ਼ਿੰਦਗੀ ਦੀ ਡੋਰ ਉਸ ਮੁਖੀ ਨੂੰ ਫੜਾਈ ਹੋਈ ਸੀ। ਹੁਣ ਉਹ ਸਾਨੂੰ ਦਗਾ ਦੇ ਗਿਆ ਹੈ ਤੇ ਸਾਡੀ ਡੋਰ ਟੁੱਟ ਗਈ ਹੈ ਅਸੀਂ ਭਟਕ ਗਏ ਹਾਂ। ਹੁਣ ਸਾਡਾ ਕੀ ਬਣੇਗਾ?"

ਮੈਂ ਲਗਭਗ ਘੰਟਾ ਕੁ ਉਸ ਪਰਿਵਾਰ ਨਾਲ ਗੱਲਾਂ ਕੀਤੀਆਂ। ਮੇਰੀ ਰਿਸ਼ਤੇਦਾਰੀ 'ਚੋਂ ਮੇਰੇ ਨਾਲ ਜੁੜਿਆ ਹੋਇਆ ਪਰਿਵਾਰ ਸੀ। ਉਨ੍ਹਾਂ ਨੇ ਕੁੱਝ ਰਾਹਤ ਮਹਿਸੂਸ ਕੀਤੀ। ਮੈਂ ਸੋਚਿਆ ਕਿਉਂ ਨਾ ਤੁਹਾਡੇ ਵੱਡੇ ਪਰਿਵਾਰ ਨਾਲ ਮੈਂ ਇਸ ਵਿਸ਼ੇ ਤੇ ਗੱਲਬਾਤ ਕਰਾਂ। ਤੁਹਾਡੇ ਜਖ਼ਮਾਂ ਤੇ ਥੋੜੀ ਬਹੁਤ ਮੱਲ੍ਹਮ-ਪੱਟੀ ਲਾਵਾਂ। ਜੇ ਮੇਰੀਆਂ ਗੱਲਾਂ ਤੁਹਾਨੂੰ ਚੰਗੀਆਂ ਲੱਗਦੀਆਂ ਹੋਣ ਤਾਂ ਜ਼ਰੂਰ ਦੱਸ ਦਿਉ। ਨਹੀਂ ਤਾਂ ਇੰਨ੍ਹਾਂ ਨੂੰ ਰੱਦੀ ਦੀ ਟੋਕਰੀ ਵਿੱਚ ਸੁੱਟ ਦਿਓ। ਇਹ ਕੋਈ ਧਾਰਮਿਕ ਗ੍ਰੰਥ ਤਾਂ ਹੈ ਨਹੀਂ ਕਿ ਇਨ੍ਹਾਂ ਦੀ ਬੇਅਦਬੀ ਹੋ ਜਾਵੇਗੀ।

ਸਾਲ 2002 ਵਿੱਚ ਅਸੀਂ ਆਪਣੀ ਜਾਨ ਤੇ ਖੇਲ੍ਹ ਕੇ ਤੁਹਾਡੀਆਂ ਅੱਖਾਂ ਤੇ ਬੰਨ੍ਹੀਆਂ ਪੱਟੀਆਂ ਨੂੰ ਖੋਲ੍ਹਣ ਦਾ ਯਤਨ ਕੀਤਾ ਸੀ ਪਰ ਮੁਖੀ ਨੇ ਆਪਣੇ ਸਵਾਰਥ ਲਈ ਅਜਿਹਾ ਹੋਣ ਨਾ ਦਿੱਤਾ। ਜਿਵੇਂ ਕਿ ਧਰਤੀ ਤੇ ਵਸਣ ਵਾਲੇ ਮਨੁੱਖ ਹਰੇਕ ਸੰਸਥਾ ਹਰੇਕ ਸਮਾਜ, ਹਰੇਕ ਆਸ਼ਰਮ ਵਿੱਚ ਕੁੱਝ ਗੁਣ ਚੰਗੇ ਹੁੰਦੇ ਹਨ ਅਤੇ ਕੁੱਝ ਮਾੜੇ ਹੁੰਦੇ ਹਨ। ਚੰਗੇ ਜਾਂ ਮਾੜੇ ਗੁਣਾਂ ਲਈ ਸਾਡੇ ਮਾਪੇ, ਸਾਡੇ ਅਧਿਆਪਕ, ਸਾਡਾ ਸਮਾਜ, ਸਾਡਾ ਆਲਾ-ਦੁਆਲਾ ਹੀ ਜ਼ਿੰਮੇਵਾਰ ਹੁੰਦਾ ਹੈ। ਅਸੀਂ ਆਪਣੇ ਮਾਂ-ਪਿਓ ਤੋਂ ਇੱਕ-ਇੱਕ ਸੈੱਲ ਲੈ ਕੇ ਆਪਣੀ ਸ਼ੁਰੂਆਤ ਮਾਂ ਦੇ ਪੇਟ ਵਿੱਚ ਹੀ ਕਰਦੇ ਹਾਂ। ਸਾਡੀ ਮਾਂ ਦੀ ਖਾਧੀ ਹੋਈ ਖੁਰਾਕ ਵਿੱਚੋਂ ਕੁੱਝ ਖੁਰਾਕ ਉਨ੍ਹਾਂ ਸੈੱਲਾਂ ਨੂੰ ਮਿਲਣੀ ਸ਼ੁਰੂ ਹੋ ਜਾਂਦੀ ਹੈ। ਸੈੱਲ ਵਧਣੇ ਸ਼ੁਰੂ ਹੋ ਜਾਂਦੇ ਹਨ। ਕੁੱਝ ਸਮੇਂ ਬਾਅਦ ਸੈੱਲ ਟੁੱਟ ਕੇ ਦੋ ਹੋ ਜਾਂਦੇ ਹਨ। ਇਹ ਦੋ ਸੈੱਲ ਸਮੇਂ ਦੇ ਸੰਖੇਪ ਵਕਫ਼ੇ ਵਿੱਚ ਦੋ ਤੋਂ ਚਾਰ ਹੋ ਜਾਂਦੇ ਹਨ। ਇਸ ਤਰ੍ਹਾਂ ਇਨ੍ਹਾਂ ਸੈੱਲਾਂ ਦੀ ਗਿਣਤੀ ਹੌਲੀ-ਹੌਲੀ ਕਰੋੜਾਂ ਵਿੱਚ ਹੋ ਜਾਂਦੀ ਹੈ। ਲਗਭਗ 280 ਦਿਨਾਂ ਬਾਅਦ ਅਸੀਂ ਮਾਂ ਦੇ ਪੇਟ ਵਿੱਚੋਂ ਬਾਹਰ ਆ ਜਾਂਦੇ ਹਾਂ ਅਤੇ ਖੇਤਾਂ ਵਿੱਚੋਂ ਪੈਦਾ ਹੋਈ ਖੁਰਾਕ ਬਾਹਰੋਂ ਲੈਣੀ ਸ਼ੁਰੂ ਕਰ ਦਿੰਦੇ ਹਾਂ। ਇਸ ਤਰ੍ਹਾਂ ਸਾਡਾ ਵਿਕਾਸ ਤੇ ਵਾਧਾ ਹੁੰਦਾ ਰਹਿੰਦਾ ਹੈ। ਲਗਭਗ ਚਾਲੀ ਸਾਲ ਦੀ ਉਮਰ ਤੱਕ ਜਿੰਨੇ ਸੈੱਲ ਹਰ ਰੋਜ ਬਣਦੇ ਹਨ ਲੱਗਭਗ ਉਨੇ ਹੀ ਮਰ ਜਾਂਦੇ ਹਨ। 40-50 ਸਾਲ ਦੀ ਉਮਰ ਤੱਕ ਇਨ੍ਹਾਂ ਦੀ ਗਿਣਤੀ ਲੱਗਭਗ ਸਾਵੀਂ ਰਹਿੰਦੀ ਹੈ। 50




ਸਾਲ ਤੋਂ ਬਾਅਦ ਇਹ ਗਿਣਤੀ ਘਟਣਾ ਸ਼ੁਰੂ ਕਰ ਦਿੰਦੀ ਹੈ। ਇਸ ਤਰ੍ਹਾਂ ਹੌਲੀ-ਹੌਲੀ ਸਾਡੀ ਕੋਈ ਮਹੱਤਵਪੂਰਨ ਅੰਗ ਪ੍ਰਣਾਲੀ ਜਵਾਬ ਦੇ ਜਾਂਦੀ ਹੈ। ਇਸ ਤਰ੍ਹਾਂ ਅਸੀਂ ਮੌਤ ਨੂੰ ਪਿਆਰੇ

**ਮੇਘ ਰਾਜ ਮਿੱਤਰ**

ਹੋ ਜਾਂਦੇ ਹਾਂ। ਸਾਨੂੰ ਸਿਵਿਆਂ ਵਿੱਚ ਲਿਜਾ ਕੇ ਫੂਕ ਦਿੱਤਾ ਜਾਂਦਾ ਹੈ। ਸਾਡੇ ਸਰੀਰ ਵਿੱਚੋਂ ਪੈਦਾ ਹੋਈ ਗਰਮੀ ਅਤੇ ਗੈਸਾਂ ਮੁੜ ਖੇਤਾਂ ਨੂੰ ਵਾਪਸ ਚਲੀਆਂ ਜਾਂਦੀਆਂ ਹਨ। ਇਸ ਤਰ੍ਹਾਂ ਇਹ ਚੱਕਰ ਚਲਦਾ ਰਹਿੰਦਾ ਹੈ।

ਤੁਹਾਡੇ ਡੇਰਾ ਮੁਖੀ ਦਾ ਜੀਵਨ ਚੱਕਰ ਵੀ ਇਹੀ ਹੈ ਤੇ ਇਹ ਹੀ ਹੋਵੇਗਾ। ਉਹ ਵੀ ਆਮ ਇਨਸਾਨ ਹੀ ਹੈ। ਹਰੇਕ ਇਨਸਾਨ ਦੀਆਂ ਕੁੱਝ ਜਰੂਰਤਾਂ ਹੁੰਦੀਆਂ। ਜਿਵੇਂ ਖੁਰਾਕ ਸਾਡੀ ਸਭ ਤੋਂ ਜਰੂਰੀ ਲੋੜ ਹੈ ਇਸ ਤੋਂ ਬਗੈਰ ਅਸੀਂ ਜਿਉਂਦੇ ਨਹੀਂ ਰਹਿ ਸਕਦੇ। ਇਸੇ ਤਰ੍ਹਾਂ ਕਾਮ ਵੀ ਹਰੇਕ ਵਿਅਕਤੀ ਦੀ ਦੂਜੀ ਵੱਡੀ ਜ਼ਰੂਰਤ ਹੈ। ਭਾਵੇਂ ਇਸ ਤੋਂ ਬਗੈਰ ਜਿਉਂਦੇ ਰਿਹਾ ਜਾ ਸਕਦਾ ਹੈ ਪਰ ਫਿਰ ਵੀ ਖੁਰਾਕ ਤੋਂ ਬਾਅਦ ਇਹ ਦੂਜੀ ਵੱਡੀ ਲੋੜ ਹੈ। ਤੁਹਾਡਾ ਡੇਰਾ ਮੁਖੀ ਬਣਾਉਣ ਸਮੇਂ ਇਹ ਜ਼ਰੂਰੀ ਸ਼ਰਤ ਸੀ ਕਿ ਤੁਹਾਡਾ ਮੁਖੀ ਕਾਮ ਦਾ ਤਿਆਗ ਕਰਦਾ। ਇਸ ਤੋਂ ਪਹਿਲਾਂ ਤੁਹਾਡੇ ਡੇਰਾ ਮੁਖੀਆਂ ਨੇ ਇਹ ਤਿਆਗ ਕੀਤਾ ਵੀ ਸੀ। ਪਰ 1990 ਤੋਂ ਬਾਅਦ ਤੁਹਾਡੀਆਂ ਅੱਖਾਂ ਸਾਹਮਣੇ ਇਹ ਆਪਣੇ ਪਰਿਵਾਰ ਨੂੰ ਤਾਂ ਅਲਵਿਦਾ ਕਹਿ ਆਇਆ ਪਰ ਇਹ ਕਾਮ ਨਾ ਤਿਆਗ ਸਕਿਆ। ਜਿਵੇਂ ਹੁੰਦਾ ਹੈ - ਜੇ ਤੁਹਾਨੂੰ ਖੁਰਾਕ ਨਰੋਈ ਮਿਲਦੀ ਰਹੇ ਤਾਂ ਤੁਹਾਡੀ ਕਾਮ ਇੱਛਾ ਵੀ ਜਿਆਦਾ ਹੋ ਜਾਂਦੀ ਹੈ। ਮੈਂ ਤਰਕਸ਼ੀਲ ਲਹਿਰ ਦੇ 33 ਵਰ੍ਹਿਆਂ ਦੇ ਤਜ਼ਰਬੇ ਵਿੱਚ ਇਸ ਸਿੱਟੇ ਤੇ ਪੁੱਜਿਆ ਹਾਂ ਕਿ ਕੋਈ ਵੀ ਚੰਗੀ ਖੁਰਾਕ ਖਾਣ ਵਾਲਾ ਮਨੁੱਖ ਤੁਹਾਡੀਆਂ ਅੱਖਾਂ ਤੇ ਪਰਦਾ ਪਾ ਕੇ ਬੇਸ਼ੱਕ ਤੁਹਾਨੂੰ ਬ੍ਰਹਮਚਾਰੀ ਕਹੀ ਜਾਵੇ ਪਰ ਜੇ ਉਸਨੂੰ ਆਲੇ-ਦੁਆਲੇ ਵਿੱਚੋਂ ਕਾਮ ਤ੍ਰਿਪਤੀ ਲਈ ਵਸੀਲਾ ਮਿਲ ਜਾਂਦਾ ਹੈ ਤਾਂ ਉਹ ਇਸਦਾ ਜ਼ਰੂਰ ਇਸਤੇਮਾਲ ਕਰਦਾ ਹੈ। ਤੁਹਾਡੇ ਡੇਰਾ ਮੁਖੀ ਨੇ ਵੀ ਇਹੀ ਗਲਤੀ ਕੀਤੀ ਹੈ। ਫਿਰ ਉਹ ਗਲਤੀਆਂ ਲਗਾਤਾਰ ਕਰਦਾ ਰਿਹਾ ਤੇ ਆਪਣੀਆਂ ਗਲਤੀਆਂ ਤੇ ਪਰਦਾ ਪਾਉਣ ਲਈ ਉਹ ਤੁਹਾਨੂੰ ਹਿੰਸਾ ਕਰਨ ਦੇ ਆਦੇਸ਼ ਦਿੰਦਾ ਰਿਹਾ ਹੈ ਕਿਉਂਕਿ ਤੁਸੀਂ ਆਪਣੇ ਗੁਰੂ ਲਈ ਸਿਰ ਦੇ ਵੀ ਸਕਦੇ ਸੀ ਤੇ ਸਿਰ ਲੈ ਵੀ ਸਕਦੇ ਸੀ। ਤੁਸੀਂ ਇਸ ਮਾਮਲੇ ਵਿੱਚ ਉਸ ਦੇ ਕਹਿਣ ਤੇ ਕੁੱਝ ਵਿਅਕਤੀਆਂ ਦੇ ਸਿਰ ਲੈ ਵੀ ਲਏ। ਇਸ ਅਸਲੀਅਤ ਨੂੰ ਛੁਪਾਇਆ ਨਹੀਂ ਜਾ ਸਕਦਾ। ਤੁਹਾਡੇ ਬਾਬੇ ਬਾਰੇ ਤਾਂ ਇਹ ਵੀ ਕਿਹਾ ਜਾਂਦਾ ਸੀ ਕਿ ਉਹ ਜਿਹੜੀ ਗਊ ਜਾਂ ਮੱਝ ਦਾ ਦੁੱਧ ਪੀਂਦਾ ਸੀ ਉਸ ਮੱਝ ਨੂੰ ਤਾਂ ਖੁਰਾਕ ਵਿੱਚ ਬਦਾਮ ਪਾਏ ਜਾਂਦੇ ਸਨ।

ਤੁਸੀਂ ਉਸ ਡੇਰੇ ਤੋਂ ਕੁੱਝ ਚੰਗੇ ਗੁਣ ਵੀ ਪ੍ਰਾਪਤ ਕੀਤੇ ਹਨ। ਚੰਗੇ ਗੁਣ ਕਿਸੇ ਦੀ ਮਾਂ ਦੀ ਜਾਇਦਾਦ ਤਾਂ ਹੁੰਦੇ ਨਹੀਂ। ਤੁਸੀਂ ਸਾਦਗੀ ਇਮਾਨਦਾਰੀ ਅਤੇ ਮਿਹਨਤ ਕਰਨ ਦੇ ਗੁਣ ਡੇਰੇ ਵਾਲੇ ਸਮਾਜ ਵਿੱਚੋਂ ਪ੍ਰਾਪਤ ਕੀਤੇ ਹਨ। ਪਰ ਇਹ ਕੋਈ ਜਰੂਰੀ ਨਹੀਂ ਕਿ ਇਹ ਗੁਣ ਤੁਹਾਡੇ ਵਿੱਚ ਹੀ ਹੋਣ। ਕੀ ਇਹ ਗੁਣ ਕਿਸੇ ਹੋਰ ਵਿੱਚ ਨਹੀਂ ਹੋ ਸਕਦੇ? ਮੈਂ ਦਾਅਵੇ ਨਾਲ ਕਹਿ ਸਕਦਾ ਹਾਂ ਕਿ ਦੁਨੀਆਂ ਦੇ ਅਰਬਾਂ ਲੋਕਾਂ ਕੋਲ ਇਹ ਗੁਣ ਪਹਿਲਾਂ ਹੀ ਹਨ। ਉਨ੍ਹਾਂ ਨੇ ਤੁਹਾਡੇ ਡੇਰੇ ਤੋਂ ਪ੍ਰਾਪਤ ਨਹੀਂ ਕੀਤੇ। ਉਨ੍ਹਾਂ ਨੂੰ ਇਹ ਗੁਣ ਉਨ੍ਹਾਂ ਦੇ ਮਾਪਿਆਂ ਤੇ ਸਮਾਜ ਚੋਂ ਮਿਲੇ ਹਨ।

ਮੈਨੂੰ ਕਿਸੇ ਗੁਰੂਦੁਆਰੇ ਦੇ ਅਪਾਹਜ ਗ੍ਰੰਥੀ ਦਾ ਇੰਗਲੈਂਡ ਤੋਂ ਫੋਨ ਆਇਆ। ਉਹ ਕਹਿਣ ਲੱਗਿਆ 'ਮੈਂ ਤਾਂ ਪਹਿਲਾਂ ਹੀ ਪੋਲੀਓ ਦਾ ਮਰੀਜ਼ ਸਾਂ ਹੁਣ ਐਕਸੀਡੈਂਟ ਵਿੱਚ ਮੇਰੀ ਲੱਤ ਟੁੱਟ ਗਈ ਹੈ। ਮੈਂ ਲੰਡਨ ਦੇ ਕਿਸੇ ਹਸਪਤਾਲ ਵਿੱਚ ਦਾਖਲ ਹਾਂ। ਇਸ ਹਸਪਤਾਲ ਦੀਆਂ ਨਰਸਾਂ ਮੈਨੂੰ 'ਜਵਾਈਆਂ' ਨਾਲੋਂ ਵੀ ਵਧੀਆ ਢੰਗ ਨਾਲ ਰੱਖਦੀਆਂ ਹਨ। ਇੱਥੇ ਮੇਰੀ ਕੋਈ ਵੀ ਜਾਤ ਧਰਮ ਹੋਵੇ ਉਨ੍ਹਾਂ ਲਈ ਮੈਂ ਸਿਰਫ਼ ਤੇ

ਸਿਰਫ਼ ਮਰੀਜ਼ ਹਾਂ। ਕਿਹਾ ਜਾਂਦਾ ਹੈ ਸਾਡਾ ਦੇਸ਼ ਗੁਰੂਆਂ-ਪੀਰਾਂ ਦਾ ਮੁਲਕ ਹੈ ਪਰ ਇੰਗਲੈਂਡ ਦੀਆਂ ਨਰਸਾਂ ਨੇ ਮੇਰੇ ਜੀਵਨ ਨੂੰ ਸਵਰਗ ਬਣਾ ਰੱਖਿਆ ਹੈ। ਸਾਡੇ ਪੀਰ-ਫਕੀਰ ਉਨ੍ਹਾਂ ਦੀ ਕੀ ਰੀਸ ਕਰਨਗੇ। ਪਰ ਫਿਰ ਵੀ ਤੁਹਾਨੂੰ ਆਪਣੀ ਜ਼ਿੰਦਗੀ ਵਿੱਚ ਅਜਿਹੇ ਗੁਣ ਨਾਲ ਹੀ ਰੱਖਣੇ ਚਾਹੀਦੇ ਹਨ।

ਤੁਸੀਂ ਆਪਣੇ ਸਾਥੀ ਪ੍ਰੇਮੀਆਂ ਦੀ ਮੱਦਦ ਜੀਅ ਤੋੜ ਕੇ ਕਰਦੇ ਰਹੇ ਹੋ। ਇਸ ਪਿਰਤ ਨੂੰ ਨਾਲ ਰੱਖਿਓ ਤੇ ਇਸ ਦਾ ਘੇਰਾ ਹੋਰ ਵਿਸ਼ਾਲ ਕਰਿਓ। ਤੁਹਾਡੇ ਆਲੇ-ਦੁਆਲੇ ਕੋਈ ਕਿਸੇ ਵੀ ਧਰਮ ਦੇਸ਼ ਅਤੇ ਜਾਤ ਦਾ ਕੋਈ ਵਿਅਕਤੀ ਜੇਕਰ ਕਿਸੇ ਮੁਸੀਬਤ ਵਿੱਚ ਹੈ ਉਸਦੇ ਦੁੱਖਾਂ ਨੂੰ ਵੰਡਾਉਣ ਜਾਂ ਘਟਾਉਣ ਦਾ ਯਤਨ ਜ਼ਰੂਰ ਕਰਦੇ ਰਹੋ। ਤੁਸੀਂ ਖ਼ੂਨ ਦਾਨ, ਨੇਤਰ ਦਾਨ, ਅੰਗ ਦਾਨ, ਸਰੀਰ ਦਾਨ ਦੀ ਵਧੀਆ ਪਿਰਤ ਡੇਰੇ ਤੋਂ ਵਗੈਰ ਵੀ ਕਰ ਸਕਦੇ ਹੋ। ਮੈਨੂੰ ਪਤਾ ਹੈ ਕਿ ਤੁਸੀਂ ਹਰ ਸਾਲ ਆਪਣੀਆਂ ਜੇਬਾਂ ਨੂੰ ਗੱਠਾਂ ਦੇ ਕੇ ਵੀ ਡੇਰੇ ਲਈ ਪੰਜ ਦਸ ਹਜ਼ਾਰ ਰੁਪਇਆ ਖਰਚ ਕਰਦੇ ਰਹੇ ਹੋ। ਖਰਚ ਦੀ ਇਹ ਪਿਰਤ ਜਾਰੀ ਰਹਿਣੀ ਚਾਹੀਦੀ ਹੈ ਪਰ ਤੁਹਾਡਾ ਮੂੰਹ ਸਿਰਸੇ ਵੱਲੋਂ ਮੁੜ ਕੇ ਕਪੂਰਥਲੇ ਵੱਲ ਨੂੰ ਹੋ ਜਾਣਾ ਚਾਹੀਦਾ ਹੈ। ਕਪੂਰਥਲੇ ਏਸ਼ੀਆ ਦਾ ਸਭ ਤੋਂ ਵੱਡਾ ਵਿਗਿਆਨਕ ਕੇਂਦਰ ਹੈ। ਜਿਸ ਨੂੰ 'ਪੁਸ਼ਪਾ ਗੁਜਰਾਲ ਸਾਇੰਸ ਸਿਟੀ ਕਪੂਰਥਲਾ' ਕਿਹਾ ਜਾਂਦਾ ਹੈ। ਬ੍ਰਹਿਮੰਡ ਦੀ ਪੈਦਾਇਸ਼ ਜੀਵ ਉੱਤਪਤੀ ਤੋਂ ਮਨੁੱਖ ਤੱਕ ਦਾ ਸਫ਼ਰ ਅਤੇ ਸਰੀਰਕ ਬਣਤਰ ਤੁਸੀਂ ਇੱਕ ਦੋ ਚੱਕਰਾਂ ਵਿੱਚ ਸਿੱਖ ਸਕਦੇ ਹੋ। ਜੇਕਰ ਤੁਸੀਂ ਆਪਣੇ ਬੱਚਿਆਂ ਨੂੰ ਨਾਲ ਲੈ ਕੇ ਉੱਥੇ ਚੱਕਰ ਲਾ ਆਵੋਗੇ ਤਾਂ ਮੈਨੂੰ ਪਤਾ ਹੈ ਕਿ ਪਹਿਲਾਂ ਨਾਲੋਂ ਵੱਧ ਖਰਚਾ ਤੁਹਾਡਾ ਉੱਥੇ ਨਹੀਂ ਹੋਵੇਗਾ। ਸਿਰਸੇ ਵੱਲ ਤੁਹਾਡੇ ਚੱਕਰ ਤੁਹਾਡੇ ਬੱਚਿਆਂ ਨੂੰ ਲਾਈਲੱਗ ਬਣਾਉਂਦੇ ਸਨ। ਪਰ ਕਪੂਰਥਲੇ ਦੇ ਚੱਕਰ ਤੁਹਾਡਾ ਅਤੇ ਤੁਹਾਡੇ ਬੱਚਿਆਂ ਵਿੱਚ ਕੀ ਕਿਉਂ ਕਿਵੇਂ ਕਦੋਂ ਅਤੇ ਕਿੱਥੇ ਦੇ ਔਜ਼ਾਰ ਪੈਦਾ ਕਰਨਗੇ। ਇਹ ਸੰਦ ਤੁਹਾਨੂੰ ਇਸ ਗੱਲ ਦੇ ਸਮਰੱਥ ਬਣਾ ਦੇਣਗੇ ਕਿ ਸਾਡੇ ਬ੍ਰਹਿਮੰਡ ਵਿੱਚ ਅਰਬਾਂ ਖਰਬ ਰਹੱਸ ਹਨ। ਜਿਨ੍ਹਾਂ ਰਹੱਸਾਂ ਤੋਂ ਵਿਗਿਆਨੀਆਂ ਨੇ ਪਰਦਾ ਲਾਹ ਦਿੱਤਾ ਹੈ। ਉਨ੍ਹਾਂ ਵਿੱਚੋਂ ਬਹੁਤ ਸਾਰੇ ਕਪੂਰਥਲੇ ਦੀ ਸਾਇੰਸ ਸਿਟੀ ਵਿੱਚ ਬਿਰਾਜਮਾਨ ਹਨ। ਰਹੱਸਾਂ ਦੇ ਲਾਹੇ ਪਰਦੇ ਦੇਖਣ ਨਾਲ ਤੁਹਾਡੇ ਬੱਚੇ ਵੀ ਰਹਿੰਦੇ ਰਹੱਸਾਂ ਦੇ ਪਰਦੇ ਲਾਹੁਣੇ ਸਿੱਖ ਜਾਣਗੇ। ਕੱਲ੍ਹ ਨੂੰ ਤੁਹਾਡਾ ਬੱਚਾ ਵੀ ਦੁਨੀਆਂ ਦਾ ਵੱਡਾ ਵਿਗਿਆਨਕ ਡਾਕਟਰ ਜਾਂ ਇੰਜੀਨੀਅਰ ਬਣ ਸਕਦਾ ਹੈ। ਜੇ ਅਜਿਹਾ ਨਹੀਂ ਹੋਵੇਗਾ ਤਾਂ ਘੱਟੋ-ਘੱਟ ਤੁਹਾਡੇ ਬੱਚੇ ਵਿਗਿਆਨਕ ਸੋਚ ਦੇ ਮਾਲਕ ਤਾਂ ਹੋ ਜਾਣਗੇ। ਉਹ ਆਪਣੀ ਜ਼ਿੰਦਗੀ ਵਿੱਚ ਅਜਿਹੇ ਨਵੇਂ ਜਾਂ ਪੁਰਾਣੇ ਡੇਰਾ ਮੁਖੀਆਂ ਦੇ ਚੁੰਗਲ ਵਿੱਚ ਨਹੀਂ ਫਸਣਗੇ। ਸਗੋਂ ਉਨ੍ਹਾਂ ਦੇ ਪਰਦੇ ਫਾਸ਼ ਕਰਨੇ ਸਿੱਖਣਗੇ ਅਤੇ ਇਹ ਗੱਲਾਂ ਤੁਹਾਡੀ ਜ਼ਿੰਦਗੀ ਦੀਆਂ ਲੋੜਾਂ ਨੂੰ ਤੁਹਾਡੇ ਘਰਾਂ ਵਿੱਚ ਖਾਧੀਆਂ ਜਾਂਦੀਆਂ ਖ਼ੁਰਾਕਾਂ ਨੂੰ ਤੁਹਾਡੇ ਦੁਆਰਾ ਕੀਤੇ ਗਏ ਕਿੱਤਿਆ ਨੂੰ ਤੁਹਾਡੇ ਘਰਾਂ ਨੂੰ ਹੋਰ ਸੁੰਦਰ ਬਣਾਉਣ ਲਈ ਸਹਾਈ ਹੋਣਗੀਆਂ। ਉਥੋਂ ਦੇ ਚੱਕਰ ਤਾਂ ਤੁਹਾਨੂੰ ਦੁਨੀਆਂ ਦੇ ਹਾਣ ਦੇ ਬਣਾਉਣਗੇ। ਇੱਥੇ ਟੈਲੀਵਿਜ਼ਨ ਤੇ ਬੈਠਾ ਕੋਈ ਸਾਧ-ਸੰਤ ਜੋਤਸ਼ੀ ਜਾਂ ਨੀਮ-ਹਕੀਮ ਤੁਹਾਡੇ ਅਤੇ ਤੁਹਾਡੇ ਗੁਆਂਢੀਆਂ ਦੇ ਘਰ ਬਰਬਾਦ ਨਹੀਂ ਕਰ ਸਕੇਗਾ। ਤੁਸੀਂ ਤੁਰੰਤ ਵਿਗਿਆਨਕ ਸੋਚ ਅਪਣਾ ਕੇ ਉਸ ਦੁਆਰਾ ਦੱਸੀਆਂ ਗਈਆਂ ਗੱਲਾਂ ਨੂੰ ਵਿਗਿਆਨਕ ਕਸੌਟੀ ਤੇ ਪਰਖੋਗੇ ਤੇ ਸੱਚ ਤੁਹਾਨੂੰ ਆਪਣੇ ਆਪ ਪਤਾ ਲੱਗ ਜਾਵੇਗਾ। ਦੁਨੀਆਂ ਜਿੱਥੇ ਚੰਗੇ ਲੋਕਾਂ ਨਾਲ ਭਰੀ ਪਈ ਹੈ ਉੱਥੇ ਕੁੱਝ ਘਟੀਆ ਵਿਅਕਤੀ ਵੀ ਲੋਕਾਂ ਨੂੰ ਲੁੱਟ ਕੇ ਗੁੰਮਰਾਹ ਕਰ ਰਹੇ ਹਨ। ਅੱਜ 21ਵੀਂ ਸਦੀ ਵਿੱਚ ਸੱਚ ਲੱਭਣਾ ਔਖਾ ਹੋ ਗਿਆ ਹੈ ਪਰ ਇਹ ਅਸੰਭਵ ਨਹੀਂ। ਕੀ ਕਿਉਂ ਕਿਵੇਂ ਕਦੋਂ ਅਤੇ ਕਿੱਥੇ ਇਹ ਪੰਜ ਸ਼ਬਦ ਜੇਕਰ ਤੁਹਾਡੇ ਬੱਚਿਆਂ ਕੋਲ ਹਨ ਤਾਂ ਤੁਸੀਂ ਸਹਿਜੇ ਹੀ ਸੱਚ ਦਾ ਪਤਾ ਲਾ ਸਕਦੇ ਹੋ। ਡੇਰੇ ਵਿੱਚ ਤੁਹਾਨੂੰ ਸ਼ਬਦਾਂ ਨੂੰ ਵਾਰ-ਵਾਰ ਦੁਹਰਾਉਣਾ ਸਿਖਾਇਆ ਜਾਂਦਾ ਸੀ। ਹੁਣ ਤੁਸੀਂ ਕਿਸੇ ਅਜਿਹੇ ਜਾਲ ਵਿੱਚ ਨਾ ਫਸਿਓ ਜਿੱਥੇ ਤੁਹਾਨੂੰ ਰੱਟਾਲਾਈਜੇਸ਼ਨ ਮੁੜ ਸਿਖਾਈ ਜਾਵੇ। ਸਮਝਾਉਣ ਅਤੇ ਰੱਟਾਲਾਈਜੇਸ਼ਨ ਵਿੱਚ ਜ਼ਮੀਨ ਅਸਮਾਨ ਦਾ ਅੰਤਰ ਹੁੰਦਾ ਹੈ। ਆਪਣੀ ਜ਼ਮੀਰ ਨੂੰ ਆਪਣੇ ਨਾਲ ਰੱਖੋ। ਯਾਦ ਰੱਖਿਓ ਉਨ੍ਹਾਂ ਬੰਦਿਆਂ ਨੂੰ ਉਨ੍ਹਾਂ ਸੰਸਥਾਵਾਂ ਨੂੰ ਜਿਨ੍ਹਾਂ ਨੇ ਤੁਹਾਨੂੰ ਪਹਿਲਾਂ ਵਗੈਰ ਕਿਸੇ ਵਾਜਬ ਕਾਰਨ ਤੋਂ ਜਲੀਲ ਕੀਤਾ ਸੀ। ਭੁਲਿਓ ਨਾ। ਡੇਰੇ ਵਿੱਚ ਤੁਹਾਨੂੰ ਪਾਠ-ਪੂਜਾ ਅਤੇ ਸਖਸ਼ੀਅਤ ਪੂਜਾ ਸਿਖਾਈ ਜਾਂਦੀ ਸੀ। ਪੂਜਾ ਅਤੇ ਸਤਿਕਾਰ ਵਿੱਚ ਫਰਕ ਹੁੰਦਾ ਹੈ। ਪੂਜਾ ਰਾਹੀਂ ਲੁੱਟ ਹੁੰਦੀ ਹੈ ਪਰ ਸਤਿਕਾਰ ਤੁਹਾਡੇ ਮਾਪਿਆਂ ਲਈ ਲੇਖਕਾਂ ਵਿਦਵਾਨਾਂ ਗੁਰੂਆਂ, ਬਜ਼ੁਰਗਾਂ, ਵਿਗਿਆਨਕਾਂ ਡਾਕਟਰਾਂ ਲਈ ਅਤੇ ਹੋਰ ਨਜ਼ਦੀਕੀਆਂ ਲਈ ਹੋ ਸਕਦਾ ਹੈ। ਪਵਿੱਤਰ ਨਾਂ ਦੀ ਕੋਈ ਚੀਜ਼ ਨਹੀਂ ਹੁੰਦੀ। ਇਮਾਰਤਾਂ ਮੂਰਤੀਆਂ ਅਤੇ ਗ੍ਰੰਥ ਸਿੱਖਿਆਦਾਇਕ ਹੋ ਸਕਦੇ ਹਨ। ਜਿਵੇਂ ਤੁਸੀਂ ਆਪਣੇ ਨਾਮ-ਚਰਚਾ ਘਰਾਂ ਦੀ ਸਫ਼ਾਈ ਕਰਦੇ ਸੀ ਉਸੇ ਤਰ੍ਹਾਂ ਆਪਣੇ ਘਰਾਂ ਅਤੇ ਆਲੇ-ਦੁਆਲੇ ਨੂੰ ਸਾਫ਼ ਰੱਖਿਓ। ਪੌਦੇ ਪੰਛੀਆਂ ਨਾਲ ਵਾਤਾਵਰਣ ਨੂੰ ਸੁੰਦਰ ਬਣਾਉਣ ਦੇ ਯਤਨ ਜਾਰੀ ਰੱਖਿਓ। ਕੁਦਰਤ ਨਾਲ ਛੇੜਛਾੜ ਤੁਸੀਂ ਡੇਰੇ ਵਿੱਚ ਵੀ ਨਹੀਂ ਕਰਦੇ ਸੀ। ਹੁਣ ਵੀ ਇਸ ਪਿਰਤ ਨੂੰ ਜਾਰੀ ਰੱਖਿਓ।

ਇਸ ਗੱਲ ਦਾ ਧਿਆਨ ਰੱਖਿਓ।

ਅਗਲੀ ਗੱਲ ਜੋ ਮੈਂ ਤੁਹਾਨੂੰ ਕਹਿਣਾ ਚਾਹੁੰਦਾ ਹਾਂ ਕਿ ਪੂਰੇ ਸੰਸਾਰ ਵਿੱਚ ਤੁਹਾਡੇ ਡੇਰੇ ਵਰਗੇ 4200 ਧਰਮ ਮੱਠ ਅਤੇ ਆਸ਼ਰਮ ਹਨ। ਹਰ ਕੋਈ ਆਪਣੇ ਇੱਕ ਨੂੰ 'ਅੰਤਮ ਸੱਚ' ਮੰਨ ਕੇ ਬੈਠ ਜਾਂਦਾ ਹੈ ਅਤੇ ਬਾਕੀ 4199 ਨੂੰ ਗਲਤ ਦੱਸਦਾ ਹੈ। ਕਿਉਂ ਨਾ ਇਨ੍ਹਾਂ ਸਾਰਿਆਂ ਨੂੰ ਤਿਲਾਂਜਲੀ ਦੇ ਦਿੱਤੀ ਜਾਵੇ। ਕੁੱਝ ਵਿਅਕਤੀ ਅਜੇ ਵੀ ਆਪਣੇ ਆਪ ਨੂੰ ਡੇਰੇ ਨਾਲ ਜੋੜ ਕੇ ਹੀ ਰੱਖਣਾ ਚਾਹੁੰਦੇ ਹਨ। ਕੀ ਅਗਲਾ ਮੁਖੀ ਤੁਹਾਡੀ ਬੇਇਜ਼ਤੀ ਨਹੀਂ ਕਰਵਾਏਗਾ? ਕਿਸੇ ਵਿਅਕਤੀ ਕੋਲ ਆਪਣੀ ਇੱਜ਼ਤ ਗਹਿਣੇ ਰੱਖਣਾ ਸਿਰੇ ਦੀ ਬੇਵਕੂਫੀ ਹੁੰਦੀ ਹੈ। ਆਪਣੇ ਦਿਮਾਗਾਂ ਨੂੰ ਆਜ਼ਾਦ ਕੀਤਾ ਜਾਵੇ। ਅਸੀਂ ਸਮਝ ਲੈਂਦੇ ਹਾਂ ਕਿ ਜਿਹੜੇ ਬੰਦੇ ਡੇਰੇ ਨਾਲ ਜੁੜੇ ਸਨ ਉਨ੍ਹਾਂ ਦੇ ਘਰਾਂ ਵਿੱਚ ਚੰਗੇ ਕੰਮ ਹੀ ਹੋਏ ਹਨ। ਮੈਂ ਅਜਿਹੇ ਪਰਿਵਾਰ ਨੂੰ ਜਾਣਦਾ ਹਾਂ ਜਿਸਦੇ ਪਤੀ-ਪਤਨੀ ਆਪਣੇ ਵਿਆਹ ਵਾਲੇ ਦਿਨ ਹੀ ਡੇਰੇ ਨਾਲ ਜੁੜ ਗਏ ਸਨ। ਪਰ ਤੁਹਾਡੇ ਡੇਰਾ ਮੁਖੀ ਦੇ ਆਸ਼ੀਰਵਾਦ ਨਾਲ ਪੈਦਾ ਹੋਏ ਦੋਵੇਂ ਬੱਚੇ ਬਚਪਨ ਤੋਂ ਹੀ ਅਪਾਹਜ ਸਨ। ਅਜਿਹੇ ਗੁਣਾਂ ਜਾਂ ਔਗੁਣਾਂ ਦਾ ਸਬੰਧ ਡੇਰੇ ਨਾਲ ਨਹੀਂ ਹੋ ਸਕਦਾ। ਇਹ ਗੱਲਾਂ ਤਾਂ ਸਾਡੇ ਗਿਆਨ ਤੇ ਨਿਰਭਰ ਕਰਦੀਆਂ ਹਨ।

ਇਹ ਗੱਲ ਵੀ ਯਾਦ ਰੱਖਣਾ ਕਿ ਸਾਡੇ ਦੇਸ਼ ਦੇ ਮੌਜੂਦਾ ਸਿਆਸਤਦਾਨ ਬੜੇ ਗੰਦੇ ਹਨ। ਉਹ ਤੁਹਾਡੇ ਦੁਆਰਾ ਉਨ੍ਹਾਂ ਲਈ ਕੀਤੇ ਗਏ ਚੰਗੇ ਕੰਮਾਂ ਨੂੰ ਭੁੱਲ ਜਾਂਦੇ ਹਨ ਤੇ ਮਾੜੇ ਕੰਮਾਂ ਨੂੰ ਹੀ ਯਾਦ ਰੱਖਦੇ ਹਨ। ਤੁਹਾਨੂੰ ਰਾਜਨੀਤੀ ਆਪਣੇ ਹੱਥਾਂ ਵਿੱਚ ਲੈਣੀ ਪਵੇਗੀ। ਪਰ ਇਸ ਨੂੰ ਸਮਝਣਾ ਪਵੇਗਾ। ਅੱਜ ਮੇਰੇ ਦੇਸ਼ ਵਿੱਚ ਅਮੀਰਾਂ ਅਤੇ ਗਰੀਬਾਂ ਵਿੱਚ ਵੱਡਾ ਖੱਪਾ ਹੈ। ਸਿਰਫ਼ 100-200 ਘਰਾਂ ਨੇ ਇੱਕ ਸੌ ਪੱਚੀ ਕਰੋੜ ਲੋਕਾਂ ਨਾਲੋਂ ਵੱਧ ਦੀ ਧਨ ਤੇ ਜਾਇਦਾਦ ਇਕੱਠੀ ਕਰ ਲਈ ਹੈ। ਗਰੀਬ ਜਨਤਾ ਦੀ ਗਿਣਤੀ ਬੇਸ਼ੁਮਾਰ ਹੈ ਤੇ ਅਮੀਰ ਬਹੁਤ ਥੋੜ੍ਹੇ ਹਨ ਪਰ ਉਹ ਜਾਣਦੇ ਹਨ ਕਿ ਸਿਆਸਤ ਹੀ ਇੱਕੋ-ਇੱਕ ਹਥਿਆਰ ਹੈ ਜੋ ਅਮੀਰਾਂ ਦੀ ਰਾਖੀ ਕਰ ਸਕਦਾ ਹੈ। ਜਿਸ ਦਿਨ ਗਰੀਬ ਸਿਆਸਤ ਵਿੱਚ ਆ ਗਏ ਉਸੇ ਦਿਨ ਤੋਂ ਦੇਸ਼ ਦੀ ਕਿਸਮਤ ਨੇ ਕਰਵਟ ਲੈਣੀ ਸ਼ੁਰੂ ਕਰ ਦੇਣੀ ਹੈ। ਸੋ ਰਾਜਨੀਤੀ ਵਿੱਚ ਜ਼ਰੂਰ ਆਵੋ ਪਰ ਸਿਆਸਤ ਉਹ ਕਰੋ ਜੋ ਗਰੀਬ ਜਨਤਾ ਦੇ ਹੱਕ ਵਿੱਚ ਭੁਗਤਦੀ ਹੋਵੇ। ਇਸ ਵਿੱਚ ਹੀ ਲੋਕਾਂ ਦੇ ਵੱਡੇ ਸਮੂਹ ਦਾ ਕਲਿਆਣ ਹੈ। ਸਮਝ ਲਵੋ ਸਾਰੇ ਨਸ਼ੇ ਸਾਧ-ਸੰਤ ਡੇਰੇ ਧਾਰਮਿਕ ਸਥਾਨ ਇੱਥੋਂ ਦੇ ਅਮੀਰਾਂ ਦੇ ਰਾਜ ਸਹਾਈ ਹੋਣ ਦੇ ਸੰਦ ਹਨ।

# ਯਾਦਾਂ ਦੇ ਝਰੋਖੇ 'ਚੋਂ...



**ਮੇਘ ਰਾਜ ਮਿੱਤਰ**
ਫੋਨ ਨੰ: 98887-87440

## 1. ਮੈਂ ਨਾਸਤਿਕ ਹਾਂ।

ਮੇਰੇ ਕੋਲ ਇੱਕ ਵਿਅਕਤੀ ਆਇਆ। ਉਹ ਕਹਿਣ ਲੱਗਿਆ ਕਿ ਮੈਂ ਨੌਕਰੀ ਦੀ ਤਲਾਸ਼ ਵਿੱਚ ਸਾਂ। ਨਾ ਤਾਂ ਮੇਰੇ ਕੋਲ ਕੋਈ ਸਿਫ਼ਾਰਿਸ਼ ਸੀ ਨਾ ਮੇਰੇ ਪਰਿਵਾਰ ਵਾਲੇ ਕੋਈ ਪੈਸਾ ਚੜ੍ਹਾ ਸਕਦੇ ਸਨ। ਮੈਨੂੰ ਪਤਾ ਲੱਗਿਆ ਕਿ ਕਿਸੇ ਚੈਨਲ ਨੂੰ ਕੁੱਝ ਵਿਅਕਤੀਆਂ ਦੀ ਲੋੜ ਹੈ। ਮੈਂ ਵੀ ਆਪਣਾ ਨਾਂ ਸੁਭਾਵਿਕ ਹੀ ਉਮੀਦਵਾਰਾਂ ਵਿੱਚ ਦਰਜ ਕਰਵਾ ਦਿੱਤਾ। ਇੰਟਰਵਿਊ ਸ਼ੁਰੂ ਹੋ ਗਈ। ਇੰਟਰਵਿਊ ਵਿੱਚੋਂ ਜੋ ਵੀ ਵਿਅਕਤੀ ਬਾਹਰ ਆਉਂਦੇ ਉਹ ਨਿਰਾਸ਼ ਹੋ ਕੇ ਹੀ ਵਾਪਸ ਮੁੜਦੇ। ਉਹ ਦੱਸਦੇ ਕਿ ਬੌਸ ਤਾਂ ਬੜੇ ਔਖੇ-ਔਖੇ ਸਵਾਲ ਪੁੱਛ ਰਿਹਾ ਹੈ। ਮੇਰੀ ਵਾਰੀ ਵੀ ਆ ਗਈ। ਬੌਸ ਨੇ ਜਾਂਦਿਆਂ ਹੀ ਮੈਨੂੰ ਸਵਾਲ ਕਰ ਦਿੱਤਾ ਕਿ 'ਕੀ ਤੈਨੂੰ ਰੱਬ ਵਿੱਚ ਵਿਸ਼ਵਾਸ ਹੈ।'

ਮੈਂ ਜਵਾਬ ਦਿੱਤਾ "ਨਹੀਂ ਮੈਂ ਕਿਸੇ ਰੱਬ ਜਾਂ ਦੇਵੀ-ਦੇਵਤੇ ਨੂੰ ਨਹੀਂ ਮੰਨਦਾ।

ਬੌਸ ਕਹਿਣ ਲੱਗਾ "ਤੂੰ ਜਾਹ।"

ਮੈਂ ਕਿਹਾ "ਮੈਨੂੰ ਹੋਰ ਸਵਾਲ ਪੁੱਛੋ।"

ਤਾਂ ਬੌਸ ਕਹਿਣ ਲੱਗਿਆ ਕਿ "ਮੈਂ ਤੈਨੂੰ ਹੋਰ ਸਵਾਲ ਨਹੀਂ ਪੁੱਛਣਾ ਮੈਂ ਜੋ ਵੀ ਪੁੱਛਣਾ ਚਾਹੁੰਦਾ ਸਾਂ ਪੁੱਛ ਲਿਆ। ਤੂੰ ਕੱਲ ਨੂੰ ਆਪਣੀ ਡਿਊਟੀ ਤੇ ਆ ਜਾ।"

ਮੈਂ ਦੂਸਰੇ ਦਿਨ ਆਪਣੀ ਡਿਊਟੀ ਜੁਆਇੰਨ ਕਰ ਲਈ।

ਬੌਸ ਮੇਰੇ ਸਾਰੇ ਕੰਮ ਤੋਂ ਸੰਤੁਸ਼ਟ ਸੀ। ਉਹ ਕਹਿਣ ਲੱਗਿਆ "ਨਾਸਤਿਕ ਵਿਅਕਤੀਆਂ ਨੂੰ ਤਾਂ ਪਹਿਲਾਂ ਹੀ ਬਹੁਤ ਜਾਣਕਾਰੀ ਹੁੰਦੀ ਹੈ। ਅਗਿਆਨੀ ਵਿਅਕਤੀ ਤਾਂ ਨਾਸਤਿਕ ਬਣ ਹੀ ਨਹੀਂ ਸਕਦੇ।"

ਮੈਨੂੰ ਉਸਦੀ ਗੱਲ ਸੁਣ ਕੇ ਇਸ ਪੱਖੋਂ ਸੰਤੁਸ਼ਟੀ ਹੋਈ ਕਿ ਹੁਣ ਅਜਿਹੇ ਬੌਸ ਵੀ ਪੈਦਾ ਹੋ ਗਏ ਹਨ ਜਿਹੜੇ ਨਾਸਤਿਕਾਂ ਨੂੰ ਪਸੰਦ ਕਰਦੇ ਹਨ।

ਮੀਡੀਆ

ਮੈਨੂੰ ਅਕਸਰ ਹੀ ਟੈਲੀਵਿਜ਼ਨ ਕੇਂਦਰਾਂ 'ਚ ਬੁਲਾਇਆ ਜਾਂਦਾ ਹੈ। ਮੈਂ ਮਜ਼ਾਕ-ਮਜ਼ਾਕ ਵਿੱਚ ਹੀ ਉਨ੍ਹਾਂ ਨੂੰ ਕਹਿ ਛੱਡਦਾ ਹਾਂ ਕਿ 'ਮੀਡੀਆ ਤਾਂ ਤੁਹਾਡੀ ਕਮਾਈ ਦਾ ਸਾਧਨ ਨੇ।' ਤਾਂ ਉਨ੍ਹਾਂ ਦਾ ਅਕਸਰ ਹੀ ਇਹ ਜਵਾਬ ਹੁੰਦਾ ਹੈ "ਤਰਕਸ਼ੀਲੋ ਅਸੀਂ ਤਾਂ ਸਾਡੇ ਚੈਨਲਾਂ ਤੇ ਬਾਬਿਆਂ ਜੋਤਿਸ਼ੀਆਂ ਅਤੇ ਸਾਧਾਂ-ਸੰਤਾਂ ਨੂੰ ਬੁਲਾ ਕੇ ਖੁਸ਼ ਹੁੰਦੇ ਹਾਂ। ਕਿਉਂਕਿ ਉਨ੍ਹਾਂ ਕੋਲੋਂ ਸਾਨੂੰ ਪੈਸੇ ਮਿਲਦੇ ਹਨ। ਤੁਹਾਡੇ ਕੋਲੋਂ ਤਾਂ ਸਾਨੂੰ ਦੁਆਨੀ ਵੀ ਨਹੀਂ ਮਿਲਦੀ ਸਗੋਂ ਤੁਸੀਂ ਤਾਂ ਸਾਡੇ ਗ੍ਰਾਹਕਾਂ ਨੂੰ ਵੀ ਖਰਾਬ ਕਰਦੇ ਹੋ। ਗ੍ਰਾਹਕ ਸਾਨੂੰ ਕਹਿੰਦੇ ਰਹਿੰਦੇ ਹਨ ਕਿ ਤਰਕਸ਼ੀਲ ਸਾਡਾ ਧੰਦਾ ਖਰਾਬ ਕਰਦੇ ਹਨ। ਤੁਸੀਂ ਉਨ੍ਹਾਂ ਨੂੰ ਨਾ ਬੁਲਾਇਆ ਕਰੋ। ਫਿਰ ਵੀ ਕਦੇ-ਕਦੇ ਤੁਹਾਨੂੰ ਚੈਨਲਾਂ 'ਤੇ ਬੁਲਾਉਣਾ ਸਾਡੀ ਮਜ਼ਬੂਰ ਬਣ ਜਾਂਦੀ ਹੈ।"

ਮੀਡੀਆ ਨੂੰ ਆਮ ਤੌਰ ਤੇ ਲੋਕਤੰਤਰ ਦਾ ਚੌਥਾ ਸਤੰਭ ਕਿਹਾ ਗਿਆ ਹੈ ਪਰ ਸਾਡੇ ਦੇਸ਼ ਵਿੱਚ ਤਾਂ ਇਹ ਚੌਥਾ ਸਤੰਭ ਅਮੀਰਾਂ ਦੀ ਜ਼ੇਬ ਵਿੱਚ ਪੈ ਚੁੱਕਿਆ ਹੈ। ਲੋਕ ਕੀ ਦੇਖਣਾ ਚਾਹੁੰਦੇ ਹਨ ਜਾਂ ਲੋਕਾਂ ਨੂੰ ਕੀ ਦਿਖਾਉਣਾ ਫਾਇਦੇਮੰਦ ਹੁੰਦਾ ਹੈ ਇਹ ਗੱਲਾਂ ਤਾਂ ਚੈਨਲਾਂ ਦੇ ਮਾਲਕ ਕਰਦੇ ਹੀ ਨਹੀਂ। ਸਗੋਂ ਉਹ ਤਾਂ ਜਾਣਦੇ ਹਨ ਕਿ ਅਸੀਂ ਵੱਧ ਤੋਂ ਵੱਧ ਸਰਮਾਏਦਾਰ ਪੱਖੀ ਗੱਲਾਂ ਲੋਕਾਂ ਨੂੰ ਦਿਖਾਈਏ। ਤਾਂ ਜੋ ਸਰਕਾਰਾਂ ਅਮੀਰਾਂ ਦੇ ਪੱਖ ਵਿੱਚ ਹੀ ਭੁਗਤਣ।

ਨੇਪਾਲ ਦੀ ਸਰਕਾਰ ਨੇ ਭਾਰਤੀ ਮੀਡੀਆ ਤੇ ਇਹ ਕਹਿ ਕੇ ਪਾਬੰਦੀ ਲਾ ਦਿੱਤੀ ਹੈ ਕਿ ਇੱਥੇ ਤਾਂ ਸਾਰਾ ਦਿਨ ਅੰਧ-ਵਿਸ਼ਵਾਸ਼ ਹੀ ਵਿਖਾਇਆ ਜਾਂਦਾ ਹੈ। ਸਾਡੇ ਦੇਸ਼ ਵਿੱਚ ਅਜਿਹੇ ਅੰਧ-ਵਿਸ਼ਵਾਸੀ ਚੈਨਲਾਂ ਦੇ ਹੁੰਦੇ ਨਾ ਤਾਂ ਸਾਡੇ ਲੋਕਾਂ ਦਾ ਕੋਈ ਫਾਇਦਾ ਹੁੰਦਾ ਹੈ ਅਤੇ ਨਾ ਹੀ ਉਨ੍ਹਾਂ ਨੂੰ ਕੋਈ ਸੂਝ-ਬੂਝ ਸਰਕਾਰ ਵੱਲੋਂ ਦਿੱਤੀ ਜਾਂਦੀ ਹੈ। ਕਿਸਦੀ ਸਰਕਾਰ ਨੂੰ ਅੱਗੇ ਲੈ ਕੇ ਆਉਣਾ ਹੈ ਇਹ ਫੈਸਲਾ ਇੱਥੋਂ ਦਾ ਮੀਡੀਆ ਕਰਦਾ ਹੈ। ਮੀਡੀਆ ਲੋਕਾਂ ਦੇ ਦਿਮਾਗ ਵਿੱਚ ਵਿਅਕਤੀਗਤ ਸਖਸ਼ੀਅਤਾਂ ਅਤੇ ਪਾਰਟੀਆਂ ਦੀਆਂ ਛਵੀਆਂ ਉਸਾਰਦਾ ਹੈ। ਜਿਸ ਕਰਕੇ ਲੋਕ ਹਿਤੈਸ਼ੀ ਜਥੇਬੰਦੀਆਂ ਪਾਰਟੀਆਂ ਸਤਾ ਤੋਂ ਬਾਹਰ ਰਹਿ ਜਾਂਦੀਆਂ ਹਨ। ਪੱਤਰਕਾਰ ਤਾਂ ਸਿਰਫ਼ ਖਬਰਾਂ ਬਣਾ ਕੇ ਦੇਣ ਵਾਲੇ ਹੁੰਦੇ ਹਨ ਪਰ ਖਬਰ ਦਿਖਾਉਣੀ ਤਾਂ ਚੈਨਲ ਦੇ ਮੈਨੇਜਰਾਂ ਤੇ ਮਾਲਕਾਂ ਦਾ ਕੰਮ ਹੁੰਦਾ ਹੈ। ਮਾਲਕ ਮੈਨੇਜਰਾਂ ਨੂੰ ਬੁਲਾ ਕੇ ਸਮਝਾ ਦਿੰਦੇ ਹਨ ਕਿ ਖਬਰਾਂ ਕਿਸਦੇ ਵਿਰੋਧ ਵਿੱਚ ਅਤੇ ਕਿਸਦੇ ਪੱਖ ਵਿੱਚ ਹੋਣੀਆਂ ਚਾਹੀਦੀਆਂ ਹਨ। ਆਓ ਵੇਖੀਏ ਕਿ ਕਿਹੜੇ ਮੀਡੀਏ ਦਾ ਮਾਲਕ ਕੌਣ ਹੈ।

ਆਜ ਤੱਕ ਚੈਨਲ ਦਾ ਕਰਤਾ ਧਰਤਾ ਅਰੁਣ ਪੁਰੀ ਹੈ।

ਏ.ਬੀ.ਪੀ. ਚੈਨਲ ਦੀ ਮਾਲਕ ਆਨੰਦ ਬਜ਼ਾਰ ਪੱਤ੍ਰਿਕਾ ਹੈ ਜੋ ਬੰਗਾਲ ਦੀ ਰਾਜਧਾਨੀ ਕਲਕੱਤੇ ਨਾਲ ਸਬੰਧਤ ਹੈ ਅਤੇ ਟੀ. ਸਰਕਾਰ ਇਸ ਦਾ ਮਾਲਕ ਹੈ।

ਇੰਡੀਆ ਟੀ.ਵੀ. ਰਜਤ ਸ਼ਰਮਾ ਦਾ ਹੈ। ਇਹ ਕੁੱਝ ਸਮਾਂ ਪਹਿਲਾਂ ਇਕ ਪੱਤਰਕਾਰ ਹੀ ਸੀ। ਨਿਊਜ 24 ਦਾ ਮਾਲਕ ਮੌਜੂਦਾ ਭਾਰਤੀ ਕਾਨੂੰਨ ਮੰਤਰੀ ਰਵੀ ਸ਼ੰਕਰ ਪ੍ਰਸ਼ਾਦ (ਬੀਜੇਪੀ ਦਾ ਕੇਂਦਰੀ ਮੰਤਰੀ) ਹੈ।

ਜ਼ੀ ਨਿਊਜ ਚੈਨਲ ਦਾ ਮਾਲਕ ਸੁਭਾਸ਼ ਚੰਦਰਾ ਹੈ। ਇਹ ਬੀ.ਜੇ.ਪੀ. ਦੀ ਹਮਾਇਤ ਨਾਲ ਹਰਿਆਣੇ ਤੋਂ ਰਾਜ ਸਭਾ ਦਾ ਮੈਂਬਰ ਚੁਣਿਆਂ ਗਿਆ ਹੈ।

ਇੰਡੀਆ ਨਿਊਜ਼ ਦਾ ਮਾਲਕ ਅੰਬਾਲੇ ਤੋਂ ਵਿਨੋਦ ਸ਼ਰਮਾ ਹੈ। ਇਹ ਕਿਸੇ ਵੇਲੇ ਕਾਂਗਰਸ ਦਾ ਕੇਂਦਰੀ ਮੰਤਰੀ ਸੀ। ਇਸ ਦਾ ਇੱਕ ਬੇਟਾ ਮਨੂੰ ਸ਼ਰਮਾ ਹੈ ਦੂਸਰਾ ਬੇਟਾ ਕਾਰਤਿਕ ਸ਼ਰਮਾ ਇਸ ਚੈਨਲ ਨੂੰ ਚਲਾਉਂਦਾ ਹੈ।

ਨਿਊਜ਼ 18 ਰਿਲਾਇੰਸ ਇੰਡਸਟਰੀ ਦਾ ਚੈਨਲ ਹੈ। ਐਨ.ਡੀ. ਟੀ.ਵੀ ਪ੍ਰਨਬ ਰਾਏ ਅਤੇ ਉਸਦੀ ਪਤਨੀ ਰਾਧਿਕਾ ਰਾਏ ਦਾ ਹੈ।

ਹੁਣ ਤੁਸੀਂ ਹੀ ਦੱਸੋ ਕੀ ਇਹ ਚੈਨਲ ਨਿਰਪੱਖ ਹਨ? ਕੀ ਅਜਿਹੇ ਚੈਨਲਾਂ ਤੇ ਦਿਖਾਈਆਂ ਜਾਂਦੀਆਂ ਖਬਰਾਂ ਨਿਰਪੱਖ ਜਾਂ ਗਰੀਬ ਪੱਖੀ ਹੋ ਸਕਦੀਆਂ ਹਨ?

## 2. ਗੌਰੀ ਲੰਕੇਸ਼

ਗੌਰੀ ਲੰਕੇਸ਼ ਕਰਨਾਟਕਾ ਦੀ ਪ੍ਰਸਿੱਧ ਪੱਤਰਕਾਰ ਸੀ। ਉਹ ਹਮੇਸ਼ਾ ਦੱਬੇ-ਕੁਚਲਿਆਂ



ਦੇ ਹੱਕ ਵਿੱਚ ਬੋਲਦੀ ਰਹੀ ਹੈ ਅਤੇ ਭਾਰਤੀ ਸੰਵਿਧਾਨ ਦੇ ਵਿਰੋਧ ਵਿੱਚ ਕੰਮ ਕਰ ਰਹੀਆਂ ਜਥੇਬੰਦੀਆਂ ਉਸ ਦੇ ਨਿਸ਼ਾਨੇ ਵਿੱਚ ਹੁੰਦੀਆਂ ਸਨ। ਉਹ ਅਜਿਹੀਆਂ ਤਾਕਤਾਂ ਨੂੰ ਨਫ਼ਰਤ ਕਰਦੀ ਸੀ ਜਿਹੜੀਆਂ ਦੇਸ਼ ਵਿਰੋਧੀ ਕਾਰਜ ਕਰਦੀਆਂ ਸਨ ਕਿਉਂਕਿ ਕਿਸੇ ਦੇਸ਼ ਦੀਆਂ ਸਰਹੱਦਾਂ ਦੇਸ਼ ਨਹੀਂ ਹੁੰਦਾ ਸਗੋਂ ਲੋਕ ਦੇਸ਼ ਹੁੰਦੇ ਹਨ। ਅੱਜ ਹਿੰਦੁਸਤਾਨ ਵਿੱਚ ਲੋਕਾਂ ਵਿੱਚ ਵੰਡੀਆਂ ਪਾਉਣ ਵਾਲੀਆਂ ਤਾਕਤਾਂ ਦੇਸ਼ ਵਿਰੋਧੀ ਕਾਰਜ ਕਰਕੇ ਆਪਣੇ ਆਪ ਨੂੰ ਦੇਸ਼ ਭਗਤ ਅਖਵਾ ਰਹੀਆਂ ਹਨ। ਪੰਜਾਬ ਵਿੱਚ ਸੈਂਕੜੇ ਥਾਵਾਂ ਤੇ ਲੰਕੇਸ਼ ਦੇ ਕਾਤਲਾਂ ਵਿਰੁੱਧ ਮੁਜ਼ਾਹਰੇ ਹੋਏ ਹਨ। ਇਹ ਇੱਥੋਂ ਦੀ ਲੋਕ ਚੇਤਨਤਾ ਦੀ ਨਿਸ਼ਾਨੀ ਹੈ। ਮੈਨੂੰ ਵੀ ਕਈ ਮੁਜ਼ਾਹਰਿਆਂ ਵਿੱਚ ਸ਼ਾਮਿਲ ਹੋਣ ਦਾ ਮੌਕਾ ਮਿਲਿਆ ਹੈ। ਬਰਨਾਲੇ ਵਿੱਚ ਹੋਏ ਮੁਜ਼ਾਹਰੇ ਵਿੱਚ ਬੋਲਦੇ ਸਮੇਂ ਮੈਂ ਕਿਹਾ ਸੀ ਕਿ ਗੌਰੀ ਲੰਕੇਸ਼ ਕਿਹਾ ਕਰਦੀ ਸੀ 'ਜਦੋਂ ਮੋਦੀ ਮੂੰਹ ਖੋਲ੍ਹੂਗਾ ਝੂਠ ਹੀ ਬੋਲੂਗਾ'। ਲੋਕਾਂ ਨੂੰ ਇਹ ਵੀ ਦੱਸਿਆ ਕਿ ਕਿਸੇ ਕਤਲ ਪਿੱਛੇ ਹਮੇਸ਼ਾਂ ਤਿੰਨ ਧਿਰਾਂ ਹੁੰਦੀਆਂ ਹਨ। ਪਹਿਲੀ ਕਤਲ ਕਰਨ ਵਾਲੀ ਦੂਸਰੀ ਸਾਜਿਸ਼ ਰਚਣ ਵਾਲੀ ਅਤੇ ਤੀਜੀ ਮਾਹੌਲ ਸਿਰਜਣ ਵਾਲੀ। ਪਹਿਲੀਆਂ ਦੋ ਧਿਰਾਂ ਨੂੰ ਫੜਨਾ ਅਤੇ ਬੇਨਕਾਬ ਕਰਨਾ ਪੁਲਿਸ ਦਾ ਕੰਮ ਹੁੰਦਾ ਹੈ। ਤੀਸਰੀ ਧਿਰ ਸਾਡੇ ਦੇਸ਼ ਦੀ ਕਾਬਜ਼ ਸਰਕਾਰ ਹੈ? ਜਿਸ ਨੇ ਇਸ ਦੇਸ਼ ਵਿੱਚ ਅਜਿਹੇ ਮਾਹੌਲ ਦੀ ਸਿਰਜਣਾ ਕਰ ਦਿੱਤੀ ਹੈ। ਜਿਹੜਾ ਹਿੰਦੂ ਧਰਮ ਵਿਰੋਧੀ ਮੂੰਹ ਖੋਲ੍ਹਦਾ ਹੈ ਉਸ ਨੂੰ ਪਾਰ ਬੁਲਾ ਦਿੱਤਾ ਜਾਂਦਾ ਹੈ। ਸਰਕਾਰਾਂ ਅਜਿਹੀਆਂ ਤਾਕਤਾਂ ਨੂੰ ਬੇਨਕਾਬ ਕਰਨੋ ਰੋਕਣ ਲਈ ਕੰਮ ਕਰਦੀਆਂ ਹਨ ਅਤੇ ਕਾਤਲ ਧਿਰਾਂ ਨੂੰ ਹਮੇਸ਼ਾਂ ਬਚਾਇਆ ਜਾਂਦਾ ਹੈ ਜਾਂ ਪਨਾਹ ਦਿੱਤੀ ਜਾਂਦੀ ਹੈ।

## 3. ਭਵਿੱਖਬਾਣੀ ਜੋ ਸਹੀ ਸਿੱਧ ਹੋਈ

2009 ਵਿੱਚ ਮੈਂ ਇੱਕ ਕਿਤਾਬ ਲਿਖੀ ਸੀ 'ਬਾਬਾ ਰਾਮਦੇਵ ਤਰਕ ਦੀ ਕਸੌਟੀ ਤੇ'। ਇਸਦੇ ਅਖ਼ੀਰਲੇ ਪੰਨੇ ਤੇ ਮੈਂ ਲਿਖਿਆ ਸੀ ਕਿ ਆਉਣ ਵਾਲੇ ਕੁੱਝ ਸਾਲਾਂ ਵਿੱਚ ਬਾਬਾ ਰਾਮਦੇਵ ਭਾਰਤ ਦੇ ਗਿਣੇ-ਚੁਣੇ ਅਮੀਰਾਂ ਵਿੱਚ ਸ਼ਾਮਿਲ ਹੋਵੇਗਾ। ਇਹ ਭਵਿੱਖਬਾਣੀ ਸੱਚ ਸਾਬਿਤ ਹੋਈ ਹੈ ਕਿਉਂਕਿ ਬਾਬਾ ਰਾਮ ਦੀ ਪਤੰਜਲੀ ਯੋਗਪੀਠ ਭਾਰਤ ਦੇ ਅਮੀਰਾਂ ਦੀ ਸੂਚੀ ਵਿੱਚ 25ਵੇਂ ਨੰਬਰ ਤੇ ਆ ਗਈ ਹੈ ਅਤੇ ਇਸ ਕੋਲ ਤਰਤਾਲੀ ਹਜ਼ਾਰ ਕਰੋੜ ਰੁਪਏ ਦੀ ਪੂੰਜੀ ਹੈ। 2020 ਵਿੱਚ ਜਾਂ ਪਹਿਲਾਂ ਬਾਬਾ ਰਾਮਦੇਵ ਭਾਰਤ ਦੇ ਪਹਿਲੇ ਪੰਜ ਅਮੀਰਾਂ ਵਿੱਚ ਸ਼ਾਮਿਲ ਹੋਵੇਗਾ ਕਿਉਂਕਿ ਉਸ ਸਮੇਂ ਤੱਕ ਮੋਦੀ ਸਰਕਾਰ ਕਾਇਮ ਰਹੇਗੀ। ਜਿਸ ਨੇ ਬਾਬਾ ਰਾਮ ਦੇਵ ਨੂੰ ਤੇ ਕੁੱਝ ਹੋਰ ਅਮੀਰਾਂ ਨੂੰ ਅਮੀਰ ਕਰਨ ਲਈ ਮੌਕੇ ਦੇਣੇ ਹੀ ਹਨ। ਇਸ ਤਰ੍ਹਾਂ ਭਾਰਤ ਵਿੱਚ ਗਰੀਬੀ ਰੇਖਾ ਤੋਂ ਹੇਠਾਂ ਰਹਿਣ ਵਾਲੇ ਲੋਕਾਂ ਦੀ ਗਿਣਤੀ ਹੋਰ ਵਧ ਜਾਣੀ ਹੈ।

## 4. ਅੱਗੇ ਕਿਸ ਦੀ ਵਾਰੀ ਹੈ

25 ਅਗਸਤ ਨੂੰ ਸੀ.ਬੀ.ਆਈ. ਦੀ ਅਦਾਲਤ ਨੇ ਗੁਰਮੀਤ ਰਾਮ ਰਹੀਮ ਨੂੰ 20 ਸਾਲ ਦੀ ਸਜ਼ਾ ਸੁਣਾ ਦਿੱਤੀ। ਮੈਂ ਇਹ ਸਵਾਲ ਸ਼ੋਸ਼ਲ ਮੀਡੀਆ ਤੇ ਵਾਇਰਲ ਕੀਤਾ ਸੀ ਕਿ ਇਸ ਤੋਂ ਬਾਅਦ ਕਿਸ ਪਾਖੰਡੀ ਬਾਬੇ ਦੀ ਵਾਰੀ ਹੈ। ਤਾਂ ਮੇਰੇ ਸਵਾਲ ਦੇ ਜਵਾਬ ਵਿੱਚ ਬਹੁਤ ਸਾਰੇ ਕੁਮੈਂਟ ਲਿਖੇ ਹਨ। ਲੋਕਾਂ ਦਾ ਖ਼ਿਆਲ ਹੈ ਕਿ ਹੁਣ ਤਾਂ ਬਾਬਾ ਰਾਮ ਦੇਵ ਦਾ ਨੰਬਰ ਲੱਗੇਗਾ। ਰਾਮ ਦੇਵ ਨੂੰ ਵੀ ਇਸ ਗੱਲ ਦਾ ਅਹਿਸਾਸ ਹੋ ਗਿਆ ਹੈ। ਹੁਣ ਉਸ ਨੇ ਕਹਿਣਾ ਸ਼ੁਰੂ ਕਰ ਦਿੱਤਾ ਹੈ ਕਿ 'ਮੈਂ ਕੋਈ ਬਾਬਾ-ਬੂਬਾ ਨਹੀਂ ਹਾਂ ਮੈਂ ਤਾਂ ਇੱਕ ਵਪਾਰੀ ਹਾਂ।" ਪਰ ਮਨੂੰ-ਸਮਿਰਤੀ ਦੇ ਰਚੇਤੇ ਮਨੂੰ ਮਹਾਰਾਜ ਨੇ ਕਿਹਾ ਸੀ ਕਿ 'ਜੋ ਵਿਅਕਤੀ ਭਗਵੇਂ ਚੋਲੇ ਪਾ ਕੇ ਵਪਾਰ ਕਰਦਾ ਹੈ ਤਾਂ ਰਾਜੇ ਨੂੰ ਚਾਹੀਦਾ ਹੈ ਕਿ ਉਸਨੂੰ ਜਿਉਂਦੇ ਜੀਅ ਪੱਥਰ ਨਾਲ ਬੰਨ੍ਹ ਕੇ ਨਦੀ ਵਿੱਚ ਡੁਬੋ ਦੇਣਾ ਚਾਹੀਦਾ ਹੈ' ਪਰ ਭਾਰਤੀ ਜਨਤਾ ਪਾਰਟੀ ਆਪਣੇ ਵਿਅਕਤੀਆਂ ਦੇ ਵਿਰੁੱਧ ਜਾਂਦੀ ਹੈ ਇਹ ਮਨੂੰ ਦੀਆਂ ਸਿੱਖਿਆਵਾਂ ਤੇ ਅਮਲ ਨਹੀਂ ਕਰੇਗੀ।




## 5. ਪਿੰਡ ਬਖਤਗੜ੍ਹ ਵਾਲਾ ਬੋਰ

ਸਤੰਬਰ-ਅਕਤੂਬਰ 2011 ਦੇ 'ਵਿਗਿਆਨ ਜੋਤ' ਵਿੱਚ ਅਸੀਂ ਇੱਕ ਸਵਾਲ ਲਿਖਿਆ ਸੀ ਕਿ ਜ਼ਿਲ੍ਹਾ ਬਰਨਾਲਾ ਦੇ ਪਿੰਡ ਬਖਤਗੜ੍ਹ ਵਿੱਚ ਬੋਰ ਦੀਆਂ 110 ਫੁੱਟ ਲੰਬੀਆਂ ਪਾਈਪਾਂ ਆਪਣੇ ਆਪ ਕਿਵੇਂ ਨਿਕਲ ਆਈਆਂ? ਇਸ ਸੰਬਧੀ ਮੈਨੂੰ ਦੋ ਵਿਅਕਤੀਆਂ ਨੇ ਜਾਣਕਾਰੀ ਦਿੱਤੀ ਹੈ। ਪਹਿਲੀ ਜਾਣਕਾਰੀ ਪਿੰਡ ਰੌਂਤੇ (ਮੋਗਾ) ਦੇ ਇੱਕ ਵਿਅਕਤੀ ਨੇ ਦਿੱਤੀ ਹੈ। ਉਹ ਕਹਿਣ ਲੱਗਿਆ ਕਿ ਸਾਡੇ ਪਿੰਡ ਦੇ ਨੇੜੇ ਵੀ ਅਜਿਹਾ ਵਰਤਾਰਾ ਵਾਪਰਿਆ ਸੀ। ਅਸਲ ਵਿੱਚ ਹੜ੍ਹਾਂ ਦੇ ਮੌਸਮ ਸਮੇਂ ਕੁੱਝ ਬੋਰਾਂ ਵਾਲੇ ਹੜ੍ਹਾਂ ਦੇ ਪਾਣੀ ਨੂੰ ਬੋਰ ਵਿੱਚ ਪਾਉਣਾ ਸ਼ੁਰੂ ਕਰ ਦਿੰਦੇ ਹਨ। ਕਿਸੇ ਬਾਹਰੀ ਇੰਜਣ ਦੀ ਸਹਾਇਤਾ ਨਾਲ ਜਾਂ ਜਮੀਨ ਵਿੱਚੋਂ ਪਾਣੀ ਕੱਢਣ ਲਈ ਬੋਰ ਨਾਲ ਕੁਨੈਕਟ ਕਰ ਦਿੱਤਾ ਜਾਂਦਾ ਹੈ। ਇਸ ਤਰ੍ਹਾਂ ਕਰਦੇ ਹੋਏ ਅੰਦਰਲਾ ਪ੍ਰੈਸ਼ਰ ਵਧ ਜਾਂਦਾ ਹੈ ਅਤੇ ਖੇਤਾਂ ਵਿੱਚ ਖੜ੍ਹਾ ਗੰਦਾ ਪਾਣੀ ਧਰਤੀ ਹੇਠਾਂ ਚਲਿਆ ਜਾਂਦਾ ਹੈ ਅਤੇ ਕਈ ਵਾਰ ਅਜਿਹਾ ਕਰਦੇ ਸਮੇਂ ਬੋਰ ਦੇ ਆਸੇ ਪਾਸੇ ਦੇ ਸੁਰਾਖਾਂ ਵਿੱਚ ਪਾਣੀ ਚਲਿਆ ਜਾਂਦਾ ਹੈ। ਜਿਸ ਨਾਲ ਬੋਰ ਦੇ ਆਲੇ ਦੁਆਲੇ ਦੀ ਮਿੱਟੀ ਦੀ ਪਕੜ ਢਿੱਲੀ ਹੋ ਜਾਂਦੀ ਹੈ। ਅਜਿਹੀਆਂ ਹਾਲਤਾਂ ਵਿੱਚ ਕਈ ਵਾਰ ਹੇਠਲਾ ਪ੍ਰੈਸ਼ਰ ਬੋਰ ਨੂੰ ਸਮੇਤ ਮੋਟਰ ਦੇ ਬਾਹਰ ਕੱਢ ਦਿੰਦਾ ਹੈ। ਇਸ ਸਬੰਧੀ ਪੁਸ਼ਟੀ ਜੀਰੇ ਤੇ ਤਰਸੇਮ ਸਿੰਘ ਨੇ ਵੀ ਕੀਤੀ ਹੈ। ਉੱਥੇ ਵੀ ਅਜਿਹਾ ਹੀ ਕੁੱਝ ਵਾਪਰਿਆ ਸੀ। ਇਸ ਸਬੰਧੀ ਖੇਤੀਬਾੜੀ ਯੂਨੀਵਰਸਿਟੀ ਦੇ ਇੱਕ ਮੈਗਜ਼ੀਨ ਵਿੱਚ ਵੀ ਇਸ ਵਰਤਾਰੇ ਦਾ ਜ਼ਿਕਰ ਕੀਤਾ ਗਿਆ ਹੈ। ਇਸ ਤਰ੍ਹਾਂ ਜ਼ਿਲ੍ਹਾ ਬਰਨਾਲਾ ਦੇ ਪਿੰਡ ਬਖਤਗੜ ਵਿਖੇ ਬੋਰ ਦੀਆਂ ਖੜੀਆਂ ਪਾਈਪਾਂ ਇਸ ਕਰਕੇ ਹੀ ਬਾਹਰ ਨਿਕਲੀਆਂ ਸਨ ਕਿ ਪਰਿਵਾਰ ਵਾਲਿਆਂ ਨੇ ਹੜ੍ਹਾਂ ਵਾਲਾ ਵਾਧੂ ਪਾਣੀ ਬੋਰ ਵਿੱਚ ਪਾਇਆ ਸੀ।

## 6. ਹੰਸ ਰਾਜ ਵਾਇਰਲੈੱਸ

ਹੰਸ ਰਾਜ ਵਾਇਰਲੈੱਸ ਇੱਕ ਮਹਾਨ ਦੇਸ਼ ਭਗਤ ਸੀ। ਜਿਸਨੇ ਭਗਤ ਸਿੰਘ ਨੂੰ ਲੈ ਕੇ ਜਾ ਰਹੀ ਗੱਡੀ ਨੂੰ ਬੰਬ ਬੰਨ੍ਹ ਦੇ ਉਲਟਾਉਣ ਅਤੇ ਭਗਤ ਸਿੰਘ ਨੂੰ ਛੁਡਵਾਉਣ ਦਾ ਯਤਨ ਕੀਤਾ ਸੀ। ਇਸ ਵਿੱਚ ਉਸਨੂੰ ਸਜ਼ਾ ਵੀ ਹੋਈ ਸੀ। ਇਹ ਦੇਸ਼ ਭਗਤ ਪਾਕਿਸਤਾਨ ਦੇ ਸਿਆਲਕੋਟ ਇਲਾਕੇ ਵਿੱਚ ਸਰਗਰਮ ਰਿਹਾ ਹੈ ਪਰ 1947 ਤੋਂ ਬਾਅਦ ਇਸਨੇ ਆਪਣਾ ਰੈਣ-ਬਸੇਰਾ ਜਲੰਧਰ ਲਿਆਂਦਾ ਸੀ। ਇਹ ਦੇਸ਼ ਭਗਤ ਬਹੁਤ ਸਾਰੇ ਥਾਵਾਂ 'ਤੇ ਜਾ ਕੇ ਜਾਦੂ ਤੇ ਵਿਗਿਆਨ ਦੀਆਂ ਪ੍ਰਦਰਸ਼ਨੀਆਂ

ਵੀ ਲਾਉਂਦਾ ਰਿਹਾ ਹੈ। ਕਹਿੰਦੇ ਹਨ ਕਿ ਇਹ ਥਾਲੀ ਵਿੱਚ ਸੂਈਆਂ ਰੱਖ ਕੇ ਰੇਡੀਓ ਸੁਣਨ ਲਾ ਦਿੰਦਾ ਸੀ। ਇਸ ਦੇਸ਼ ਭਗਤ ਨੇ ਆਪਣੀ ਜੀਵਨੀ ਅੰਗਰੇਜ਼ੀ ਅਤੇ ਪੰਜਾਬੀ ਵਿੱਚ ਲਿਖੀ। ਪੰਜਾਬੀ ਵਿੱਚ ਇਹ ਦੋ-ਤਿੰਨ ਭਾਗਾਂ ਵਿੱਚ ਲਿਖੀ ਅਤੇ ਇਹ ਛਪੀ ਵੀ ਸੀ। ਇਸ ਕਿਤਾਬ ਦੀ ਅੰਗਰੇਜ਼ੀ ਵਾਲੀ ਕਾਪੀ ਦਾ ਇੱਕ ਭਾਗ ਤਾਂ ਜਲੰਧਰ ਦੇ ਦੇਸ਼ ਭਗਤ ਯਾਦਗਾਰ ਦੀ ਲਾਇਬਰੇਰੀ ਵਿੱਚੋਂ ਮਿਲ ਗਿਆ ਸੀ। ਜੇ ਕਿਸੇ ਸਾਥੀ ਕੋਲ ਇਸਦੀ ਪੰਜਾਬੀ ਵਾਲੀ ਜੀਵਨੀ ਦੇ ਇੱਕ ਜਾਂ ਦੋ ਭਾਗ ਹੋਣ ਤਾਂ ਕ੍ਰਿਪਾ ਕਰਕੇ ਉਹ ਮੇਰੇ ਨਾਲ ਸੰਪਰਕ ਕਰੇ ਤਾਂ ਜੋ ਇਸ ਦੇਸ਼ ਭਗਤ ਦੀ ਯਾਦ ਨੂੰ ਮੁੜ ਤਾਜ਼ਾ ਕੀਤਾ ਜਾ ਸਕੇ।

## 7. ਡੇਰਾ ਪ੍ਰੇਮੀਆਂ ਨੂੰ ਇੱਕ ਅਪੀਲ

ਪਿਛਲੇ ਮਹੀਨੇ ਮੈਂ ਇੱਕ ਅਪੀਲ ਜਾਰੀ ਕੀਤੀ ਸੀ। ਇਸ ਨੂੰ ਲੱਖਾਂ ਵਿਅਕਤੀਆਂ ਨੇ ਪੜ੍ਹਿਆ। ਬਹੁਤ ਸਾਰੇ ਪੰਜਾਬੀ ਅੰਗਰੇਜ਼ੀ ਅਖ਼ਬਾਰਾਂ ਅਤੇ ਮੈਗਜ਼ੀਨਾਂ ਵਿੱਚ ਦੇਸ਼-ਵਿਦੇਸ਼ ਵਿੱਚ ਛਪੀ ਹੈ। ਹਰੇਕ ਵਿਅਕਤੀ ਨੇ ਇਸਦੀ ਪ੍ਰਸ਼ੰਸਾ ਹੀ ਕੀਤੀ ਹੈ। ਇਸ ਅਪੀਲ ਨੂੰ ਪੜ੍ਹ ਕੇ ਕੁੱਝ ਵਿਅਕਤੀਆਂ ਨੇ ਇਹ ਸੁਝਾਅ ਦਿੱਤਾ ਸੀ ਕਿ ਡੇਰਾ ਮੁਖੀ ਨੂੰ ਆਪਣੀ ਪਤਨੀ ਨੂੰ ਹੀ ਡੇਰੇ ਵਿੱਚ ਨਾਲ ਰੱਖਣਾ ਚਾਹੀਦਾ ਸੀ। ਇੱਕ ਦੋ ਵਿਅਕਤੀਆਂ ਨੇ ਹੋਰ ਅਜਿਹੇ ਹੀ ਸੁਝਾਅ ਦਿੱਤੇ ਸਨ ਜਿਨ੍ਹਾਂ ਨੂੰ ਮੈਂ ਆਪਣੀ ਕਿਤਾਬ 'ਗੁਰਮੀਤ ਰਾਮ ਰਹੀਮ ਅਰਸ਼ ਤੋਂ ਫਰਸ਼ ਤੱਕ' ਵਿੱਚ ਦਰਜ ਕਰ ਦਿੱਤਾ ਹੈ। ਇਸ ਅਪੀਲ ਸਬੰਧੀ ਕੁੱਝ ਟੀ.ਵੀ. ਚੈਨਲਾਂ ਤੇ ਮੇਰਾ ਰੂ-ਬ-ਰੂ ਵੀ ਕਰਵਾਇਆ ਗਿਆ ਹੈ।

## 8. ਫਲਹਾਰੀ ਬਾਬਾ

ਸਕੂਲਾਂ ਵਿੱਚ ਅਧਿਆਪਕਾਂ ਨੂੰ ਘੁੰਮਣ-ਫਿਰਨ ਲਈ ਕਿਰਾਇਆ ਭੱਤਾ ਦੇਣ ਦੀ ਰਵਾਇਤ 1990 ਕੁ ਦੇ ਆਸ-ਪਾਸ ਸ਼ੁਰੂ ਹੋਈ ਸੀ। ਅਸੀਂ ਦਰਜਨ ਕੁ ਅਧਿਆਪਕਾਂ ਨੇ ਪਹਾੜਾਂ ਵਿੱਚ ਯਾਤਰਾ ਕਰਨ ਲਈ ਪ੍ਰੋਗਰਾਮ ਉਲੀਕ ਲਿਆ। ਸਾਡੇ ਅਧਿਆਪਕਾਂ ਦਾ ਜਥਾ ਗੰਗੋਤਰੀ-ਜਮਨੋਤਰੀ ਵਿਖੇ ਜਾਣਾ ਚਾਹੁੰਦਾ ਸੀ। ਮੈਂ ਵੀ ਉਨ੍ਹਾਂ ਸੰਗ ਹੋ ਲਿਆ। ਧਾਰਮਿਕ ਸਥਾਨਾਂ ਦੀ ਯਾਤਰਾ ਕਰਨਾ ਮੇਰਾ ਮਕਸਦ ਨਹੀਂ ਸੀ। ਮੇਰਾ ਮੰਤਵ ਤਾਂ ਪਹਾੜਾਂ ਵਿੱਚ ਘੁੰਮਣਾ-ਫਿਰਣਾ ਹੀ ਸੀ। ਗੰਗੋਤਰੀ ਵਿਖੇ ਸਾਡਾ ਇੱਕ ਅਧਿਆਪਕ ਸਾਥੀ ਕਹਿਣ ਲੱਗਿਆ ਕਿ ਇੱਥੇ ਇੱਕ ਫਲਹਾਰੀ ਬਾਬਾ ਹੈ। ਚਲੋ ਉਸ ਦੇ ਵੀ ਦਰਸ਼ਨ ਕਰ ਆਈਏ। ਮੈਂ ਉਸ ਨੂੰ ਪੁੱਛਿਆ ਕਿ 'ਕੀ ਇਹ ਆਪਣੀ ਜ਼ਿੰਦਗੀ ਫਲਾਂ ਉੱਪਰ ਹੀ ਗੁਜ਼ਾਰਦਾ ਹੈ?' ਤਾਂ ਰਾਮ ਲਾਲ ਕਹਿਣ ਲੱਗਿਆ "ਇਸ ਬਾਬੇ ਬਾਰੇ ਦੱਸਿਆ ਜਾਂਦਾ ਹੈ ਕਿ ਇਹ ਸਿਰਫ਼ ਫਲ ਹੀ ਖਾਂਦਾ ਹੈ।"

ਕਿੱਲੋ ਦੋ ਕਿਲੋਮੀਟਰ ਪਹਾੜਾਂ ਵਿੱਚ ਜਾਣ ਤੋਂ ਬਾਅਦ ਅਸੀਂ ਉਸ ਦੀ ਕੁਟੀਆ ਵਿੱਚ ਪਹੁੰਚੇ ਤਾਂ ਸਾਡੀ ਹੈਰਾਨੀ ਦੀ ਕੋਈ ਹੱਦ ਨਾ ਰਹੀ। ਉੱਥੇ ਤਾਂ ਪਕੌੜੇ ਤਲੇ ਜਾ ਰਹੇ ਸਨ। ਮੈਂ ਸੰਤ ਜੀ ਮਹਾਰਾਜ ਨੂੰ ਪੁੱਛਿਆ ਕਿ "ਬਾਬਿਓ ਤੁਸੀਂ ਕੀ ਖਾਂਦੇ-ਪੀਂਦੇ ਹੋ।" ਤਾਂ ਉਹ ਕਹਿਣ ਲੱਗਿਆ 'ਜੋ ਕੁੱਝ ਵੀ ਪਹਾੜਾਂ ਵਿੱਚ ਹੁੰਦਾ ਹੈ ਖਾ ਲੈਂਦਾ ਹਾਂ।"

ਮੈਂ ਮਨ ਵਿੱਚ ਸੋਚਿਆ ਕਿ ਪਹਾੜਾਂ ਵਿੱਚ ਤਾਂ ਕਣਕ ਮੱਕੀ ਛੋਲੇ ਚਾਵਲ ਆਦਿ ਸਭ ਕੁੱਝ ਪੈਦਾ ਹੁੰਦਾ ਹੈ। ਮੈਨੂੰ ਰਾਮ ਲਾਲ ਦੀ ਗੱਲ ਥੋਥੀ ਜਾਪੀ। ਪਰ ਹੁਣ ਅਖ਼ਬਾਰਾਂ ਵਿੱਚ ਇੱਕ ਫਲਹਾਰੀ ਬਾਬੇ ਬਾਰੇ ਛਪਿਆ ਹੈ। ਇਸ ਲਈ ਇਸ ਬਾਬੇ ਬਾਰੇ ਵੀ ਲਿਖਣ ਦਾ ਮਨ ਬਣ ਆਇਆ।

ਇਹ ਫਲਹਾਰੀ ਬਾਬਾ ਲੜਕੀਆਂ ਨੂੰ ਕਹਿੰਦਾ ਸੀ ਕਿ "ਸ਼ਹਿਦ ਨਾਲ ਮੇਰੀ ਜੀਭ ਤੇ 'ਓਮ' ਲਿਖੋ ਤੇ ਆਪਣੀ ਜੀਭ ਨਾਲ ਚੱਟੋ ਤਾਂ ਤੁਹਾਨੂੰ ਬਹੁਤ ਸਾਰਾ ਗਿਆਨ ਪ੍ਰਾਪਤ ਹੋ ਜਾਵੇਗਾ।"

"ਬਹੁਤ ਸਾਰੀਆਂ ਕੁੜੀਆਂ ਨੇ ਅਜਿਹਾ ਪਹਿਲਾਂ ਵੀ ਕੀਤਾ ਹੈ। ਉਹ ਬਹੁਤ ਵਿਦਵਾਨ ਬਣ ਗਈਆਂ।" ਇਸ ਤਰ੍ਹਾਂ ਇੱਕ ਲੜਕੀ ਦੇ ਪਰਿਵਾਰ ਵਾਲੇ 25 ਵਰ੍ਹਿਆਂ ਤੋਂ ਇਸ ਬਾਬੇ ਦੇ ਭਗਤ ਬਣੇ ਹੋਏ ਸਨ। ਜਦੋਂ ਉਨ੍ਹਾਂ ਦੀ ਵਕਾਲਤ ਦੀ ਪੜ੍ਹਾਈ ਕਰਦੀ ਧੀ ਨੂੰ 3000 ਰੁਪਏ ਦੀ ਰਕਮ ਵਜ਼ੀਫੇ ਵਿੱਚ ਮਿਲੀ ਤਾਂ ਪਰਿਵਾਰ ਵਾਲਿਆਂ ਨੇ ਆਪਣੀ ਧੀ ਨੂੰ ਕਿਹਾ ਕਿ "ਇਹ ਰਾਸ਼ੀ ਅਲਬਰ ਜਾ ਕੇ ਤੂੰ ਬਾਬੇ ਨੂੰ ਭੇਟ ਕਰ ਆ।"

ਪਰਿਵਾਰ ਪਹਿਲਾਂ ਹੀ ਬਾਬੇ ਨੂੰ ਕਰੋੜਾਂ ਰੁਪਿਆ ਦਾਨ ਵਿੱਚ ਦਿੰਦਾ ਰਿਹਾ। ਲੜਕੀ ਫਲਹਾਰੀ ਬਾਬੇ ਦੇ ਮੰਦਰ ਵਿੱਚ ਅਲਬਰ ਪੁੱਜ ਗਈ। ਬਾਬੇ ਨੂੰ ਪ੍ਰਣਾਮ ਕਰਕੇ ਉਸਨੇ ਤਿੰਨ ਹਜ਼ਾਰ ਰੁਪਏ ਭੇਟ ਕਰ ਦਿੱਤੇ। ਲੜਕੀ ਨੂੰ ਵਾਪਸ ਸਵੇਰੇ ਹੀ ਜਾਣਾ ਪੈਣਾ ਸੀ। ਇਸ ਲਈ ਉਹ ਆਸ਼ਰਮ ਵਿੱਚ ਰੁਕ ਗਈ। ਬਾਬੇ ਨੇ ਬੇਸਮੈਂਟ ਵਿੱਚ ਉਸ ਲਈ ਇੱਕ ਕਮਰਾ ਖੁਲ੍ਹਵਾ ਦਿੱਤਾ। ਕੁੱਝ ਸਮੇਂ ਬਾਅਦ ਬਾਬੇ ਨੇ ਆਪਣੇ ਚੇਲੇ ਨੂੰ ਲੜਕੀ ਨੂੰ ਬੁਲਾਉਣ ਲਈ ਭੇਜ ਦਿੱਤਾ।

ਇਹ ਘਟਨਾ 2007 ਦੀ ਹੈ। ਜਦੋਂ ਲੜਕੀ ਫਲਹਾਰੀ ਸਾਧ ਦੇ ਕਮਰੇ ਵਿੱਚ ਪਹੁੰਚੀ ਤਾਂ ਉਸਨੇ ਉੱਥੇ ਬੈਠੇ ਸਾਰੇ ਵਿਅਕਤੀਆਂ ਨੂੰ ਆਰਤੀ ਕਰਨ ਲਈ ਭੇਜ ਦਿੱਤਾ। ਇਸ ਤੋਂ ਬਾਅਦ ਬਾਬੇ ਨੇ ਅੰਦਰੋਂ ਕਮਰੇ ਦੀ ਚਿਟਕਣੀ ਲਾ ਦਿੱਤੀ। ਬਾਬਾ ਬੈੱਡ ਤੇ ਲੇਟ ਗਿਆ ਤੇ ਲੜਕੀ ਨੂੰ ਸ਼ਹਿਦ ਲਾ ਕੇ ਚੱਟਣ ਲਈ ਕਿਹਾ। ਇਸ ਤੋਂ ਬਾਅਦ ਬਾਬੇ ਨੇ ਲੜਕੀ ਨਾਲ ਛੇੜਛਾੜ ਕਰਨੀ ਸ਼ੁਰੂ ਕਰ ਦਿੱਤੀ। ਲੜਕੀ ਬਹੁਤ ਘਬਰਾ ਗਈ। ਇਸ ਦੌਰਾਨ ਇੱਕ ਬੱਚੇ ਨੇ ਬਾਬੇ ਦਾ ਕਮਰਾ ਬਾਹਰੋਂ ਖੜਕਾ ਦਿੱਤਾ ਤਾਂ ਬਾਬਾ ਡਰ ਕੇ ਖੜ੍ਹਾ ਹੋ ਗਿਆ। ਡਰਦੀ-ਡਰਾਉਂਦੀ ਲੜਕੀ ਨੇ ਇਸੇ ਤਰ੍ਹਾਂ ਹੀ ਆਸ਼ਰਮ ਵਿੱਚ ਰਾਤ ਕੱਟੀ ਅਤੇ ਸਵੇਰੇ ਦਿੱਲੀ ਨੂੰ ਚੱਲ ਪਈ। ਦਿੱਲੀ ਪਹੁੰਚ ਕੇ ਉਸਨੇ ਇਹ ਸਾਰੀ ਘਟਨਾ ਆਪਣੇ ਭਰਾ ਨਾਲ ਸਾਂਝੀ ਕੀਤੀ। ਭਰਾ ਨੂੰ ਬਾਬਿਆਂ ਦੀਆਂ ਖਤਰਨਾਕ ਕਰਤੂਤਾਂ ਦੀ ਜਾਣਕਾਰੀ ਸੀ। ਇਸ ਲਈ ਉਸਨੇ ਲੜਕੀ ਨੂੰ ਕੁੱਝ ਸਮਾਂ ਚੁੱਪ ਵੱਟਣ ਲਈ ਕਿਹਾ। ਇਸ ਦੌਰਾਨ ਗੁਰਮੀਤ ਰਾਮ ਰਹੀਮ ਵਾਲਾ ਕਿੱਸਾ ਟੈਲੀਵਿਜ਼ਨਾਂ ਤੇ ਬਾਬਿਆਂ ਦੀਆਂ ਕਰਤੂਤਾਂ ਦੀ ਦੁਹਾਈ ਪਾਉਣ ਲੱਗ ਗਿਆ। ਫਲਹਾਰੀ ਸਾਧ ਦੀਆਂ ਕਰਤੂਤਾਂ ਦਾ ਪਰਦਾ ਫਾਸ਼ ਕਰਨ ਲਈ ਕੁੜੀ ਨੇ ਹੌਂਸਲਾ ਫੜ ਲਿਆ ਤੇ ਅਲਬਰ ਜਾ ਕੇ 11 ਸਤੰਬਰ 2017 ਨੂੰ ਐਫ.ਆਈ.ਆਰ ਦਰਜ ਕਰਵਾ ਦਿੱਤੀ।

****



# ਪ੍ਰਧਾਨ ਮੰਤਰੀ ਮੋਦੀ ਦੀਆਂ ਗੱਪਾਂ ਅਤੇ ਅਮਲ

**ਮੱਖਣ ਸਿੰਘ ਜੌਹਲ**

2014 ਦੀਆਂ ਆਮ ਚੋਣਾਂ ਵਿੱਚ ਭਾਰਤੀ ਜਨਤਾ ਪਾਰਟੀ ਨੇ ਆਪਣੇ ਚੋਣ ਮਨੋਰਥ ਪੱਤਰ ਰਾਹੀਂ ਆਮ ਢੰਡੋਰਾ ਪਿੱਟਿਆ ਸੀ ਕਿ ਵਿੱਦਿਆ ਤੇ ਸਿੱਖਿਆ ਪ੍ਰਣਾਲੀ ਉੱਪਰ ਵਧੇਰੇ ਖਰਚ ਹੋਣਾ ਚਾਹੀਦਾ ਹੈ। ਪਰ ਮੋਦੀ ਸਰਕਾਰ ਦੇ ਸ਼ਾਸ਼ਨ ਕਾਲ ਵਿੱਚ ਸਿੱਖਿਆ ਤੇ ਵਿੱਦਿਆ ਦਾ ਮਸਲਾ ਪੂਰੀ ਤਰ੍ਹਾਂ ਗਾਇਬ ਹੈ। ਵਿੱਦਿਅਕ ਸੰਸਥਾਵਾਂ ਭਾਵ ਸਕੂਲ ਵੱਡੀਆਂ ਸਰਮਾਏਦਾਰ ਕੰਪਨੀਆਂ ਵੱਲੋਂ ਚਲਾਏ ਜਾਂਦੇ ਪ੍ਰਾਈਵੇਟ ਸਕੂਲਾਂ ਦੀਆਂ ਫੀਸਾਂ ਇੰਨੀਆਂ ਜ਼ਿਆਦਾ ਹਨ ਕਿ ਆਮ ਗਰੀਬ ਟੱਬਰ ਆਪਣੇ ਬੱਚਿਆਂ ਨੂੰ ਇੰਨ੍ਹਾਂ ਸਕੂਲਾਂ ਵਿੱਚ ਨਹੀਂ ਭੇਜ ਸਕਦਾ। ਸਰਕਾਰੀ ਸਕੂਲਾਂ ਦਾ ਹਾਲ ਇੰਨਾ ਭੈੜਾ ਹੈ ਕਿ ਟੀਚਰਾਂ ਨੂੰ ਪੂਰੀਆਂ ਤਨਖਾਹਾਂ ਵੀ ਨਹੀਂ ਦਿੱਤੀਆਂ ਜਾਂਦੀਆਂ ਤਾਂ ਕਿ ਟੀਚਰ ਸਕੂਲ ਛੱਡ ਕੇ ਨੱਠ ਨਾਂ ਜਾਣ। ਇਸ ਦਾ ਨਤੀਜਾ ਇਹ ਹੋ ਰਿਹਾ ਹੈ ਕਿ ਇਮਤਿਹਾਨਾਂ ਵਿੱਚ ਪੂਰੇ ਜਾਂ ਆਸ ਤੋਂ ਘੱਟ ਨੰਬਰ ਆਉਣ ਕਰਕੇ ਗਰੀਬ ਤੇ ਦਰਮਿਆਨੇ ਘਰਾਂ ਦੇ ਸੈਂਕੜੇ ਵਿਦਿਆਰਥੀ ਆਤਮਘਾਤ ਕਰ ਰਹੇ ਹਨ। ਹੁਣੇ ਹੁਣੇ ਹੋਏ ਇੱਕ ਸਰਵੇਖਣ ਅਨੁਸਾਰ ਉਕਤ ਕਾਰਨਾਂ ਕਰਕੇ ਦੁਨੀਆਂ ਵਿੱਚ ਸਭ ਤੋਂ ਵੱਧ ਵਿਦਿਆਰਥੀ ਸਾਡੇ ਦੇਸ਼ ਵਿੱਚ ਖੁਦਕੁਸ਼ੀਆਂ ਕਰਦੇ ਹਨ। ਨੈਸ਼ਨਲ ਕਰਾਈਮ ਬਿਊਰੋ ਅਨੁਸਾਰ ਸਾਡੇ ਦੇਸ਼ ਵਿੱਚ ਹਰ ਘੰਟੇ ਇੱਕ ਵਿਦਿਆਰਥੀ ਖੁਦਕੁਸ਼ੀ ਕਰਦਾ ਹੈ।



ਸੂਚਨਾ ਅਧਿਕਾਰ ਕਾਨੂੰਨ ਦੇ ਤਹਿਤ ਮਿਲੀ ਜਾਣਕਾਰੀ ਅਨੁਸਾਰ ਮੋਦੀ ਸਰਕਾਰ ਨੇ 2014 ਤੋਂ 2016 ਦੇ ਸਿਰਫ਼ ਦੋ ਸਾਲਾਂ ਵਿੱਚ ਹੀ ਆਪਣੇ ਪ੍ਰਚਾਰ ਲਈ ਸਰਕਾਰੀ ਖਜ਼ਾਨੇ ਵਿੱਚੋਂ ਗਿਆਰਾਂ ਅਰਬ ਰੁਪਿਆ ਖਰਚ ਕੀਤਾ ਹੈ। ਇਹ ਖਰਚਾ ਉਨ੍ਹਾਂ ਕੰਪਨੀਆਂ ਤੇ ਟੈਲੀਵਿਜ਼ਨ ਚੈਨਲਾਂ ਤੋਂ ਅਲੱਗ ਹੈ ਜਿਹੜੇ ਮੋਦੀ ਨੂੰ ਦਿਨ ਰਾਤ ਇੱਕ ਮਹਾਂਨਾਇਕ ਬਣਾ ਕੇ ਪੇਸ਼ ਕਰ ਰਹੇ ਹਨ। ਜੇ ਮੋਦੀ ਸਰਕਾਰ ਦੀ ਆਪਣੇ ਥੋਥੇ ਪ੍ਰਚਾਰ ਦੀ ਇਹੋ ਰਫਤਾਰ ਰਹੀ ਤਾਂ ਇੰਨ੍ਹਾਂ ਹੀ ਜਾਣਕਾਰ ਹਲਕਿਆਂ ਦਾ ਅਨੁਮਾਨ ਹੈ ਕਿ ਇਹ ਖਰਚਾ 2019 ਤੱਕ 30 ਅਰਬ ਰੁਪਏ ਤੱਕ ਪਹੁੰਚ ਜਾਵੇਗਾ। ਪ੍ਰਧਾਨ ਮੰਤਰੀ ਮੋਦੀ ਹੁਣ ਤੱਕ ਤਕਰੀਬਨ 50 ਮੁਲਕਾਂ ਦੀ ਯਾਤਰਾ ਕਰ ਚੁੱਕਾ ਹੈ। ਇੰਨ੍ਹਾਂ ਦੇਸ਼ਾਂ ਵਿੱਚੋਂ ਇੱਕ ਨੇ ਵੀ ਭਾਰਤ ਵਿੱਚ ਪੈਸਾ ਨਿਵੇਸ਼ ਕਰਨ ਲਈ ਹੁੰਗਾਰਾ ਨਹੀਂ ਭਰਿਆ। ਜਿੱਥੋਂ ਤੱਕ ਕਸ਼ਮੀਰ ਵਿੱਚ ਆਤੰਕਵਾਦ ਦਾ ਸਵਾਲ ਹੈ ਕਿਸੇ ਦੇਸ਼ ਨੇ ਵੀ ਕਸ਼ਮੀਰ ਵਿੱਚ ਹੋ ਰਹੇ ਆਤੰਕਵਾਦੀ ਹਮਲਿਆਂ ਦੀ ਸਾਫ਼-ਸਾਫ਼ ਨਿੰਦਿਆ ਨਹੀਂ ਕੀਤੀ। ਇਸ ਦੇ ਉਲਟ ਅਮਰੀਕਾ ਤੇ ਇਜ਼ਰਾਈਲ ਨੇ ਆਪਣੇ ਉਡਾਰੂ ਡਰੋਨ ਵੇਚਣ ਦਾ ਜ਼ਰੂਰ ਵਾਅਦਾ ਕੀਤਾ ਹੈ। ਇਸ ਦਾ ਸਾਫ਼ ਮਤਲਬ ਇਹ ਹੈ ਕਿ ਮੋਦੀ ਦੀਆਂ ਉਪਰੋਕਤ ਸਾਰੇ ਮੁਲਕਾਂ ਦੀਆਂ ਕੀਤੀਆਂ ਯਾਤਰਾਵਾਂ ਫੇਲ੍ਹ ਹੋਈਆਂ ਹਨ।

ਕਸ਼ਮੀਰ ਵਿੱਚ ਹਿੰਦੂ-ਮੁਸਲਿਮ ਧਾਰਮਿਕ ਹਾਲਾਤ ਇੱਥੋਂ ਤੱਕ ਵਿਗੜ ਚੁੱਕੇ ਹਨ ਕਿ ਅਮਰਨਾਥ ਸਥਾਨਾਂ ਦੀ ਯਾਤਰਾ ਵਾਸਤੇ 75 ਹਜ਼ਾਰ ਸੁਰੱਖਿਆ ਬਲਾਂ ਨੂੰ ਤਾਇਨਾਤ ਕੀਤਾ ਗਿਆ ਹੈ। ਕਸ਼ਮੀਰ ਵਿੱਚ ਭਾਜਪਾ ਨੇ ਪੀਪਲਜ਼ ਡੈਮੋਕਰੈਟਿਕ ਪਾਰਟੀ ਨਾਲ ਸਿਧਾਂਤਹੀਣ ਗੱਠਜੋੜ ਕਰਕੇ ਸਰਕਾਰ ਬਣਾਈ ਹੋਈ ਹੈ। ਇਹ ਉਹ ਭਾਰਤੀ ਜਨਤਾ ਪਾਰਟੀ ਹੈ ਜਿਹੜੀ ਪੀ.ਡੀ.ਪੀ. ਨੂੰ ਮੁਸਲਿਮ ਅੱਤਵਾਦੀ ਪਾਰਟੀ ਕਹਿ ਕੇ ਗਰਦਾਨਿਆਂ ਕਰਦੀ ਸੀ। ਹੁਣ ਕਸ਼ਮੀਰ ਵਿੱਚ ਇਸ ਸਿਧਾਂਤਹੀਣ ਗੱਠਜੋੜ ਦੇ ਨਤੀਜੇ ਦੇਸ਼ ਦੇ ਸਾਹਮਣੇ ਹਨ। ਜਿੱਥੇ ਭਾਰਤੀ ਜਨਤਾ ਪਾਰਟੀ ਆਤੰਕਵਾਦੀਆਂ ਦੇ ਖਿਲਾਫ਼ ਸਖਤੀ ਨਾਲ ਪੇਸ਼ ਆਉਣਾ ਚਾਹੁੰਦੀ ਹੈ ਉੱਥੇ ਕਸ਼ਮੀਰ ਦੀ ਮੁੱਖ ਮੰਤਰੀ ਮਹਿਬੂਬਾ ਮੁਫਤੀ ਆਤੰਕਵਾਦੀਆਂ ਨਾਲ ਗੱਲਬਾਤ ਕਰਨ ਲਈ ਕਹਿ ਰਹੀ ਹੈ। ਸਰਕਾਰ ਵਿਚਕਾਰ ਦੋਹਾਂ ਪਾਰਟੀਆਂ ਦੀ ਆਪਸੀ ਵਿਰੋਧਤਾ ਕਾਰਨ ਕਸ਼ਮੀਰ ਦੇ ਹਾਲਾਤ ਬੜੀ ਤੇਜ਼ੀ ਨਾਲ ਵਿਗੜ ਰਹੇ ਹਨ। ਸੁਰੱਖਿਆ ਬਲਾਂ ਤੇ ਖੁੱਲ੍ਹੇਆਮ ਹਮਲੇ ਹੋ ਰਹੇ ਹਨ ਤੇ ਨਾਲ ਹੀ ਉਨ੍ਹਾਂ ਨੂੰ ਅਪਮਾਨਿਤ ਵੀ ਕੀਤਾ ਜਾ ਰਿਹਾ ਹੈ। ਬੀਤੇ ਦੋ ਸਾਲਾਂ ਵਿੱਚ ਜੰਮੂ-ਕਸ਼ਮੀਰ ਦੇ ਇਤਿਹਾਸ ਵਿੱਚ ਹੁਣ ਤੱਕ ਤਕਰੀਬਨ 525 ਫੌਜੀ ਜਵਾਨ ਸ਼ਹੀਦ ਹੋ ਚੁੱਕੇ ਹਨ ਤੇ ਹਜ਼ਾਰਾਂ ਜ਼ਖਮੀ ਹੋ ਚੁੱਕੇ ਹਨ। ਹੁਣ ਤਾਂ ਕਸ਼ਮੀਰ ਵਾਦੀ ਦੇ ਵਿਦਿਆਰਥੀ ਤੇ ਵਿਦਿਆਰਥਣਾਂ ਵੱਲੋਂ ਵੀ ਖੁੱਲ੍ਹ ਕੇ ਸਰਕਾਰ ਵਿਰੋਧੀ ਪ੍ਰਦਰਸ਼ਨਾਂ ਵਿੱਚ ਹਿੱਸਾ ਲਿਆ ਜਾਣ ਲੱਗ ਪਿਆ ਹੈ। ਸੁਰੱਖਿਆ ਬਲਾਂ ਤੇ ਪਥਰਾਓ ਕਰਨ ਦਾ ਸਿਲਸਿਲਾ ਲਗਾਤਾਰ ਵਧ ਰਿਹਾ ਹੈ। ਇਹ ਸਭ ਕਿਉਂ ਹੋ ਰਿਹਾ ਹੈ? ਕਿਉਂਕਿ ਉੱਤਰ ਪ੍ਰਦੇਸ਼ ਵਿੱਚ ਭਾਰਤੀ ਜਨਤਾ ਪਾਰਟੀ ਦੇ ਵਿਦਿਆਰਥੀ ਵਿੰਗ ਵੱਲੋਂ ਯੂਨੀਵਰਸਿਟੀਆਂ ਵਿੱਚ ਪੜ੍ਹਦੇ ਕਸ਼ਮੀਰੀ ਵਿਦਿਆਰਥੀਆਂ ਦੇ ਖਿਲਾਫ਼ ਇਸ਼ਤਿਹਾਰ ਵੰਡੇ ਜਾਂਦੇ ਹਨ ਕਿ "ਕਸ਼ਮੀਰੀਓ ਉੱਤਰ ਪ੍ਰਦੇਸ਼ ਛੱਡੋ।" ਨਤੀਜੇ ਦੇ ਤੌਰ 'ਤੇ ਕਸ਼ਮੀਰ ਵਿੱਚ ਕਸ਼ਮੀਰੀ ਵਿਦਿਆਰਥੀ ਵੀ ਭਾਰਤੀ ਫੌਜ ਦੇ ਜਵਾਨਾਂ ਦੇ ਖਿਲਾਫ਼ ਪ੍ਰੋਟੈਸਟ ਮੁਜ਼ਾਹਰਿਆਂ ਵਿੱਚ ਸ਼ਾਮਿਲ ਹੋ ਰਹੇ ਹਨ।

ਪ੍ਰਧਾਨ ਮੰਤਰੀ ਦੀ ਗੱਦੀ ਸੰਭਾਲਦੇ ਹੀ ਨਰਿੰਦਰ ਮੋਦੀ ਨੇ ਦੂਜੇ ਦੇਸ਼ ਵਿੱਚ ਰਹਿੰਦੇ ਭਾਰਤੀ ਲੋਕਾਂ ਨਾਲ ਸਿੱਧੀ ਗੱਲ ਕਰਨ ਲਈ ਰੈਲੀਆਂ ਕੀਤੀਆਂ। ਪਾਰਲੀਮੈਂਟ ਦੀਆਂ ਚੋਣਾਂ ਦੌਰਾਨ ਵਰਤੇ ਗਏ ਜੁਮਲੇ ਭਾਵ ਗੱਪਾਂ ਵਾਂਗ ਪ੍ਰਵਾਸੀ ਭਾਰਤੀਆਂ ਨਾਲ ਕੀਤੇ ਵਾਅਦੇ ਵੀ ਫੋਕੇ ਜੁਮਲੇ ਨਿਕਲੇ। ਨਤੀਜੇ ਦੇ ਤੌਰ 'ਤੇ ਵੱਡੀ ਆਸ ਰੱਖ ਕੇ ਬੈਠੇ ਪ੍ਰਵਾਸੀਆਂ ਦੇ ਮਨਾਂ ਵਿੱਚ ਕੁੜੱਤਣ ਵਧ ਗਈ ਹੈ। ਨਰਿੰਦਰ ਮੋਦੀ ਦੀ ਨੋਟਬੰਦੀ ਨੇ ਜਿਹੜਾ ਉਨ੍ਹਾਂ ਨਾਲ ਵਰਤਾਓ ਕੀਤਾ ਹੈ ਉਸ ਨੂੰ ਉਹ ਕਦੇ ਭੁੱਲ ਨਹੀਂ ਸਕਦੇ। ਵਾਅਦਾ ਇਹ ਕੀਤਾ ਗਿਆ ਸੀ ਕਿ ਐਨ.ਆਰ. ਆਈਜ਼ ਲਈ ਦੇਸ਼ ਦੇ ਬਾਕੀ ਲੋਕਾਂ ਨਾਲੋਂ ਵੱਧ ਸਮਾਂ ਹੱਦ ਰੱਖੀ ਗਈ ਹੈ ਜਿਸ ਦੌਰਾਨ ਉਹ ਬੰਦ ਹੋਏ ਕਰੰਸੀ ਨੋਟ ਬਦਲ ਸਕਣਗੇ। ਪਰ ਜਦ ਉਨ੍ਹਾਂ ਨੇ ਭਾਰਤ ਆ ਕੇ ਨੋਟ ਬਦਲਣ ਦੀ ਕੋਸ਼ਿਸ਼ ਕੀਤੀ ਤਾਂ ਸਾਫ਼ ਕਿਹਾ ਗਿਆ ਕਿ ਇਹ ਨੋਟ ਤਦ ਤਬਦੀਲ ਹੋ ਸਕਦੇ ਹਨ, ਜੇ ਤੁਹਾਡਾ ਭਾਰਤ ਵਿੱਚ ਕਿਸੇ ਬੈਂਕ ਵਿੱਚ ਖਾਤਾ ਹੋਵੇ। ਪ੍ਰਵਾਸ ਵਿੱਚ ਰਹਿੰਦੇ ਬਹੁਤੇ ਲੋਕਾਂ ਦਾ ਭਾਰਤ ਵਿੱਚ ਬੈਂਕ ਅਕਾਊਂਟ ਨਹੀਂ ਹੈ। ਸਭ ਤੋਂ ਵੱਧ ਪ੍ਰਵਾਸੀ ਲੋਕ ਪੰਜਾਬ ਤੋਂ ਹਨ ਦੂਸਰੇ ਨੰਬਰ 'ਤੇ ਗੁਜਰਾਤ ਤੇ ਤੀਸਰੇ 'ਤੇ ਕੇਰਲਾ ਸੂਬੇ ਨਾਲ ਸਬੰਧ ਰੱਖਦੇ ਹਨ। ਉਨ੍ਹਾਂ ਨੂੰ ਬੰਦ ਕੀਤੇ ਨੋਟ ਬਦਲਣ ਦੀ ਸਹੂਲਤ ਦੇਣ ਲਈ ਜਿਹੜੇ ਕਾਊਂਟਰ ਖੋਲ੍ਹੇ ਗਏ ਉਨ੍ਹਾਂ ਵਿਚੋਂ ਦੋ ਤਾਂ ਮਹਾਂਰਾਸ਼ਟਰ ਦੇ ਸ਼ਹਿਰ ਮੁੰਬਈ ਅਤੇ ਪੂਨੇ ਵਿੱਚ ਹਨ ਤੀਸਰਾ ਤਾਮਿਲਨਾਡੂ ਦੇ ਸ਼ਹਿਰ ਚੇਨਈ ਵਿੱਚ ਚੌਥਾ ਪੱਛਮੀ ਬੰਗਾਲ ਦੇ ਕਲਕੱਤਾ ਅਤੇ ਪੰਜਵਾਂ ਨਵੀਂ ਦਿੱਲੀ ਵਿੱਚ ਖੋਲ੍ਹ ਦਿੱਤਾ ਗਿਆ, ਜਦੋਂ ਕਿ ਪੰਜਾਬ ਦੇ ਪ੍ਰਵਾਸੀ ਸਭ ਤੋਂ ਜ਼ਿਆਦਾ ਸਨ। ਪਰ ਉਨ੍ਹਾਂ ਲਈ ਪੰਜਾਬ ਵਿੱਚ ਕੋਈ ਕਾਊਂਟਰ ਨਹੀਂ ਖੋਲ੍ਹਿਆ ਗਿਆ। ਇਸ ਤਰ੍ਹਾਂ ਪ੍ਰਵਾਸੀ ਲੋਕਾਂ ਦੀ ਖੱਜਲ ਖੁਆਰੀ ਲਈ ਮੁੱਢ ਆਪਣੇ ਆਪ ਬੰਨ੍ਹ ਦਿੱਤਾ ਗਿਆ। ਇਸ ਤਰ੍ਹਾਂ ਪ੍ਰਵਾਸੀ ਲੋਕ ਖੱਜਲ ਖੁਆਰ ਹੋ ਕੇ ਵਾਪਸ ਮੁੜਦੇ ਰਹੇ।

ਨੋਟਬੰਦੀ ਬਾਬਤ ਮੈਂ ਭਾਰਤ ਦੇ ਮਸ਼ਹੂਰ ਪੱਤਰਕਾਰ ਵਿਨੋਦ ਦੂਆ ਦੇ ਕੁੱਝ ਸ਼ਬਦ ਪੇਸ਼ ਕਰਨਾ ਚਾਹੁੰਦਾ ਹਾਂ। ਵਿਨੋਦ ਦੁਆ ਕਹਿੰਦੇ ਹਨ ਕਿ ਕੁੱਝ ਦਿਨ ਪਹਿਲਾਂ ਨਰਿੰਦਰ ਮੋਦੀ ਨੇ ਪਾਰਲੀਮੈਂਟ ਵਿੱਚ ਕਿਹਾ ਸੀ ਕਿ "ਦੁਨੀਆਂ ਦੇ ਵੱਡੇ-ਵੱਡੇ ਅਰਥ ਸ਼ਾਸ਼ਤਰੀ ਹਾਲੇ ਤੱਕ ਇਹ ਸਮਝ ਨਹੀਂ ਸਕਦੇ ਕਿ ਇਸ ਨੋਟਬੰਦੀ ਦਾ ਕੀ ਮਤਲਬ ਹੈ।" ਨਰਿੰਦਰ ਮੋਦੀ ਦੀ ਇਹ ਗੱਲ ਬਿਲਕੁੱਲ ਠੀਕ ਹੈ ਕਿ ਦੁਨੀਆਂ ਦੇ ਵੱਡੇ-ਵੱਡੇ ਅਰਥ ਸ਼ਾਸ਼ਤਰੀ ਵਾਕਈ ਸਮਝ ਨਹੀਂ ਸਕਦੇ ਕਿ ਤੁਸੀਂ ਕੀਤਾ ਕੀ ਹੈ? ਕਦੇ ਕਦੇ ਮੈਨੂੰ ਮਹਿਸੂਸ ਹੁੰਦਾ ਹੈ ਕਿ ਤੁਸੀਂ ਤੇ ਤੁਹਾਡੀ ਟੀਮ ਖੁਦ ਨਹੀਂ ਸਮਝ ਸਕੀ ਕਿ ਤੁਹਾਡੇ ਹੱਥੋਂ ਕੀ ਹੋ ਰਿਹਾ ਹੈ? ਪਹਿਲਾਂ ਜ਼ਿਕਰ ਹੋਇਆ ਸੀ ਕਿ ਬਲੈਕ ਮਨੀ ਖਤਮ ਕਰਨ ਲਈ ਨੋਟਬੰਦੀ ਕੀਤੀ ਗਈ ਹੈ। ਫਿਰ ਕਿਹਾ ਕਿ ਆਤੰਕਵਾਦੀਆਂ ਨੂੰ ਬਲੈਕ ਮਨੀ ਰਾਹੀਂ ਫੰਡਿੰਗ ਹੁੰਦੀ ਹੈ ਉਸ ਨੂੰ ਰੋਕਣ ਲਈ ਨੋਟਬੰਦੀ ਕੀਤੀ ਗਈ ਹੈ। ਫਿਰ ਇਹ ਕਿਹਾ ਗਿਆ ਕਿ ਜਿਹੜੀ ਨਕਲੀ ਕਰੰਸੀ ਛਪਦੀ ਹੈ ਉਸ ਨੂੰ ਰੋਕਣ ਲਈ ਇਹ ਕਦਮ ਚੁੱਕਿਆ ਗਿਆ ਹੈ। ਫਿਰ ਲੋਕਾਂ ਨੂੰ ਇਹ ਦੱਸਿਆ ਗਿਆ ਕਿ ਕੈਸ਼ਲੈਸ ਸੁਸਾਇਟੀ ਕਾਇਮ ਕਰਨ ਲਈ ਇਹ ਸਭ ਕੁੱਝ ਕੀਤਾ ਗਿਆ ਹੈ। ਹੁਣ ਮੋਦੀ ਜੀ ਤੁਹਾਡੇ ਸਲਾਹਕਾਰ ਪ੍ਰਚਾਰ ਕਰ ਰਹੇ ਹਨ ਕਿ ਰੀਅਲ ਅਸਟੇਟ ਦੀਆਂ ਕੀਮਤਾਂ ਵਿੱਚ ਕਮੀ ਲਿਆਉਣ ਲਈ ਨੋਟਬੰਦੀ ਜ਼ਰੂਰੀ ਸੀ। ਪਿਆਰੇ ਪ੍ਰਧਾਨ ਮੰਤਰੀ ਜੀ ਜਦ ਤੁਸੀਂ ਆਪ ਸਪੱਸ਼ਟ ਹੋ ਜਾਓਗੇ ਕਿ ਤੁਸੀਂ ਇਹ ਸਭ ਕੁੱਝ ਕਿਸ ਕੰਮ ਲਈ ਕੀਤਾ ਸੀ ਤਾਂ ਸਾਨੂੰ ਵੀ ਦੱਸ ਦਿਓ। ਤੁਹਾਡਾ ਬਹੁਤ-ਬਹੁਤ ਸ਼ੁਕਰਗੁਜ਼ਾਰ ਹੋਵਾਂਗਾ।"

ਇੱਕ ਵਿਅਕਤੀ ਦੀ ਸ਼ੋਸ਼ਲ ਮੀਡੀਆ 'ਤੇ ਬਹੁਤ ਹੀ ਮਹੱਤਵਪੂਰਨ ਟਿੱਪਣੀ ਸੀ ਕਿ "ਜਦੋਂ ਕਾਂਗਰਸ ਰਾਜ ਸੀ ਤਾਂ ਮੈਨੂੰ ਕਾਂਗਰਸ ਭਾਜਪਾ "ਸੈਕੂਲਰ ਵਿੰਗ" ਜਾਪਦੀ ਸੀ। ਹੁਣ ਜਦੋਂ ਭਾਜਪਾ ਦਾ ਰਾਜ ਹੈ ਤਾਂ ਇਹ ਪਾਰਟੀ ਕਾਂਗਰਸ ਦਾ "ਫਿਰਕੂ ਵਿੰਗ" ਜਾਪਣ ਲੱਗ ਪਈ ਹੈ। ਜੇ ਅਸੀਂ ਇਸ ਗੱਲ ਨੂੰ ਬਹੁਤ ਨੀਝ ਨਾਲ ਸੋਚੀਏ ਤਾਂ ਗੱਲ ਬਿੱਲਕੁੱਲ ਸਮਝ ਵਿੱਚ ਆ ਜਾਂਦੀ ਹੈ। ਬਾਬਰੀ ਮਸਜਿਦ ਦੇ ਕੰਪਲੈਕਸ ਵਿੱਚ ਆਰਜ਼ੀ ਤੌਰ 'ਤੇ ਉਸਰੇ "ਰਾਮ ਮੰਦਰ" ਵਿੱਚ ਕਾਂਗਰਸ ਦੇ ਆਗੂ ਰਾਜੀਵ ਗਾਂਧੀ ਵੱਲੋਂ ਚੋਣ ਲਾਭਾਂ ਲਈ ਮੱਥਾ ਟੇਕਣ ਤੋਂ ਪ੍ਰਭਾਵ ਪੈਂਦਾ ਸੀ ਕਿ ਉਹ ਨਹਿਰੂ-ਗਾਂਧੀ ਕਾਂਗਰਸ ਦਾ ਆਗੂ ਨਹੀਂ ਬਲਕਿ ਭਾਜਪਾ ਦੇ ਸੈਕੂਲਰ ਵਿੰਗ ਦਾ ਆਗੂ ਬਣ ਕੇ ਚੱਲਣ ਲਈ ਯਤਨ ਕਰ ਰਿਹਾ ਹੈ। ਹੁਣ ਜਦੋਂ ਭਾਜਪਾ ਦਾ ਰਾਜ ਹੈ ਤੇ ਇਸ ਦੀਆਂ ਸਾਰੀਆਂ ਨੀਤੀਆਂ ਸਰਮਾਏਦਾਰ ਕਾਰਪੋਰੇਟਾਂ ਦੀ ਸਭ ਤੋਂ ਵੱਧ ਚਹੇਤੀ ਧਿਰ ਕਾਂਗਰਸ ਪਾਰਟੀ ਵਾਲੀਆਂ ਹਨ ਤੇ ਸਿਰਫ਼ "ਹਿੰਦੂਤਵ" ਵਾਲੇ ਆਪਣੇ ਪੈਂਤੜੇ ਦਾ ਵਖਰੇਵਾਂ ਹੈ। ਇਸ ਤਰ੍ਹਾਂ ਭਾਜਪਾ ਕਾਂਗਰਸ ਦਾ ਫਿਰਕੂ ਵਿੰਗ ਹੀ ਸਮਝੀ ਜਾ ਸਕਦੀ ਹੈ। ਨੀਤੀਆਂ ਦਾ ਵਖਰੇਵਾਂ ਸਿਰਫ਼ ਇੰਨਾ ਹੀ ਹੈ ਕਿ ਉਹੀ ਗੱਲ ਕਦੇ ਕਾਂਗਰਸ ਆਖਦੀ ਹੁੰਦੀ ਸੀ ਤਾਂ ਭਾਜਪਾ ਵਿਰੋਧ ਕਰਿਆ ਕਰਦੀ ਸੀ। ਹੁਣ ਜਦੋਂ ਉਹ ਗੱਲ ਭਾਜਪਾ ਕਹਿੰਦੀ ਹੈ ਤਾਂ ਕਾਂਗਰਸ ਵਿਰੋਧ ਕਰ ਰਹੀ ਹੈ। ਕਾਂਗਰਸੀ ਆਗੂ ਆਪਣੀਆਂ ਫਿਰਕੂ ਸੋਚਾਂ ਉੱਤੇ "ਧਰਮ ਨਿਰਪੱਖਤਾ" ਦਾ ਪੜਦਾ ਪਾਈ ਰੱਖਦੇ ਸਨ ਅਤੇ ਅੱਜ ਭਾਜਪਾ ਆਗੂ ਕਾਂਗਰਸ ਵਾਲੀਆਂ ਨੀਤੀਆਂ ਨੂੰ "ਕਬਰਸਤਾਨ ਤੇ ਸਮਸ਼ਾਨ" ਦੀ ਤੁਲਨਾ ਦੇ ਨਾਹਰੇ ਨਾਲ ਪਰੋਸੀ ਜਾਂਦੇ ਹਨ। ਇਹ ਗੱਲ ਨੋਟ ਕਰਨ ਵਾਲੀ ਹੈ ਜਿਹੜਾ ਵੀ ਕੋਈ ਲੋਕਲ ਸਟੇਟ ਜਾਂ ਨੈਸ਼ਨਲ ਪੱਧਰ ਦਾ ਕਾਂਗਰਸੀ ਲੀਡਰ ਕਾਂਗਰਸ ਪਾਰਟੀ ਛੱਡਦਾ ਉਹ ਸਿੱਧਾ ਭਾਜਪਾ ਵਿਚ ਸ਼ਾਮਿਲ ਹੋ ਜਾਂਦਾ ਹੈ। ਜੇ ਕੋਈ ਭਾਜਪਾ ਛੱਡਦਾ ਹੈ ਤਾਂ ਉਹ ਹੋਰ ਪਾਰਟੀਆਂ ਵਿੱਚ ਸ਼ਾਮਿਲ ਹੋਣ ਦੀ ਬਜਾਇ ਕਾਂਗਰਸ ਵਿੱਚ ਚਲੇ ਜਾਂਦਾ ਹੈ। ਇਹੋ ਹੀ ਇਕ ਕਾਰਨ ਹੈ ਕਿ ਕਾਂਗਰਸ ਪਾਰਟੀ ਭਾਜਪਾ ਦੀ ਵਿਰੋਧਤਾ ਵਿੱਚ ਕੋਈ ਆਰਥਿਕ ਪ੍ਰੋਗਰਾਮ ਨਹੀਂ ਪੇਸ਼ ਕਰ ਰਹੀ ਕਿਉਂਕਿ ਭਾਜਪਾ ਉਹ ਸਾਰੇ ਸਰਮਾਏਦਾਰ ਪੱਖੀ ਕਾਨੂੰਨ ਪਾਸ ਕਰ ਰਹੀ ਹੈ ਜਿਹੜੇ ਕਾਂਗਰਸ ਪਾਸ ਕਰਨਾ ਚਾਹੁੰਦੀ ਸੀ ਇਸ ਕੰਮ ਲਈ ਕਾਂਗਰਸ ਪਾਰਟੀ ਕੋਲ ਪਾਰਲੀਮੈਂਟ ਵਿੱਚ ਬਹੁਸੰਮਤੀ ਨਹੀਂ ਸੀ। ਇਸ ਦੇ ਉਲਟ ਇਸ ਕੰਮ ਲਈ ਭਾਜਪਾ ਪਾਸ ਪਾਰਲੀਮੈਂਟ ਵਿੱਚ ਪੱਕੀ ਬਹੁਸੰਮਤੀ ਹੈ।

ਨਰਿੰਦਰ ਮੋਦੀ ਨੇ ਪਾਰਲੀਮੈਂਟ ਵਿੱਚ ਚੋਣਾਂ ਦਰਮਿਆਨ ਭਾਰਤ ਦੇ ਲੋਕਾਂ ਨਾਲ ਵਾਅਦਾ ਕੀਤਾ ਸੀ ਕਿ ਉਹ "ਕਾਲਾ ਧਨ" ਹਿੰਦੁਸਤਾਨ ਵਿੱਚ ਵਾਪਸ ਲਿਆ ਕੇ ਰਹੇਗਾ। ਨਤੀਜੇ ਦੇ ਤੌਰ 'ਤੇ ਹਰ ਭਾਰਤੀ ਦੇ ਬੈਂਕ ਖਾਤੇ ਵਿੱਚ ਤਿੰਨ-ਤਿੰਨ ਲੱਖ ਰੁਪਿਆ ਜਮ੍ਹਾਂ ਕੀਤਾ ਜਾਵੇਗਾ। ਇਸ ਤਰ੍ਹਾਂ ਭਾਰਤੀ ਲੋਕਾਂ ਲਈ "ਅੱਛੇ ਦਿਨਾਂ" ਦਾ ਤੋਹਫਾ ਪੇਸ਼ ਕੀਤਾ ਗਿਆ। ਹੁਣ ਪਹਿਲੇ ਸੌ ਦਿਨ ਤਾਂ ਭਾਰਤ ਦੇ ਲੋਕ ਇਸ ਲੀਡਰ ਦੇ "ਅੱਛੇ ਦਿਨ ਆਨੇ ਵਾਲੇ ਹੈਂ" ਦੇ ਨਾਹਰੇ ਨੂੰ ਅਮਲ ਵਿੱਚ ਆਉਂਦਾ ਵੇਖਣ ਲਈ ਤਾਂਘਦੇ ਰਹੇ ਸਨ। ਫਿਰ ਇਸ ਦੇ ਸਭ ਤੋਂ ਵੱਡੇ ਸਾਥੀ ਭਾਜਪਾ ਦੇ ਪ੍ਰਧਾਨ ਅਮਿਤ ਸ਼ਾਹ ਨੇ ਇਹ ਆਖ ਕੇ ਆਸ ਖਤਮ ਕਰ ਦਿੱਤੀ ਕਿ "ਅੱਛੇ ਦਿਨ" ਨਾਹਰੇ ਨਾਲ ਜੁੜਿਆ ਹਰ ਕਿਸੇ ਨਾਗਰਿਕ ਦੇ ਖਾਤੇ ਵਿੱਚ ਤਿੰਨ-ਤਿੰਨ ਲੱਖ ਰੁਪਏ ਸਿੱਧੇ ਆਉਣ ਦਾ ਵਾਅਦਾ ਸਿਰਫ਼ ਇੱਕ "ਚੋਣ ਜੁਮਲਾ" ਭਾਵ ਵੱਡੀ ਗੱਪ ਸੀ। ਇਸ ਤਰ੍ਹਾਂ ਬੜੇ ਆਰਾਮ ਨਾਲ ਉਸ ਨੇ ਮੰਨ ਲਿਆ ਕਿ ਉਸ ਨੇ ਤੇ ਉਸ ਦੇ ਸਾਥੀ ਮੋਦੀ ਨੇ ਇਸ ਦੇਸ਼ ਦੇ ਲੋਕਾਂ ਨਾਲ ਚਿੱਟੇ ਦਿਨ ਧੋਖਾ ਕੀਤਾ ਸੀ। ਅੱਜ ਹਿੰਦੂ ਧਰਮ ਦੇ ਨਾਮ 'ਤੇ ਆਮ ਹਿੰਦੂ ਲੋਕਾਂ ਨਾਲ ਧੋਖਾ ਕੀਤਾ ਜਾ ਰਿਹਾ ਹੈ। ਫਿਰਕੂ ਚਾਲਾਂ ਨਾਲ ਆਮ ਲੋਕਾਂ ਨੂੰ ਉਕਸਾ ਕੇ ਸਭ ਤੋਂ ਵੱਡਾ ਰਾਜ ਉੱਤਰ ਪ੍ਰਦੇਸ਼ ਜਿੱਤ ਲੈਣ ਤੋਂ ਬਿਨਾਂ ਜਿਹੜੇ ਬਾਕੀ ਬੜੇ ਰਾਜਾਂ ਵਿੱਚ ਭਾਜਪਾ ਦੀ ਜਿੱਤ ਦੇ ਝੰਡੇ ਝੁਲਦੇ ਹਨ ਦਲ ਬਦਲੂਆਂ ਦੇ ਭਾਜਪਾ ਦਾ ਤਿਲਕ ਲਾ ਕੇ ਸਰਕਾਰਾਂ ਬਣਾਈਆਂ ਗਈਆਂ ਹਨ। ਆਸਾਮ ਵਰਗੇ ਰਾਜ ਵਿੱਚ ਸਰਕਾਰ ਦੀ ਕਮਾਨ ਵੀ ਕਾਂਗਰਸ ਵਿੱਚੋਂ ਨਵੇਂ ਨਵੇਂ ਆਏ ਦਲ ਬਦਲੂ ਦੇ ਹੱਥ ਦੇ ਦਿੱਤੀ ਗਈ ਤੇ ਜਿਨ੍ਹਾਂ ਕਾਂਗਰਸੀਆਂ ਨੇ ਮੋਦੀ ਦੇ ਕਹਿਣ ਤੇ ਇੱਕ ਸਾਲ ਪਹਿਲਾਂ ਕਾਂਗਰਸ ਛੱਡੀ ਸੀ ਉਨ੍ਹਾਂ ਨੂੰ ਵੀ ਪਿੱਛੇ ਸੁੱਟ ਦਿੱਤਾ ਗਿਆ। ਇਹ ਹਨ ਮੋਦੀ ਸਰਕਾਰ ਦੇ ਅਮਲ ਤੇ ਮੋਦੀ ਦੀਆਂ ਗੱਪਾਂ ਦਾ ਸਾਫ਼ ਚਿੱਠਾ।

ਨਰਿੰਦਰ ਮੋਦੀ 2001 ਤੋਂ 2014 ਤੱਕ ਗੁਜਰਾਤ ਦਾ ਮੁੱਖ ਮੰਤਰੀ ਰਿਹਾ ਹੈ। ਭਾਜਪਾ ਵੱਲੋਂ ਪ੍ਰਚਾਰ ਕੀਤਾ ਜਾ ਰਿਹਾ ਹੈ ਕਿ ਗੁਜਰਾਤ ਦਾ ਵਿਕਾਸ ਮਾਡਲ ਸਾਰੇ ਦੇਸ਼ ਵਿੱਚ ਲਾਗੂ ਕੀਤਾ ਜਾਵੇਗਾ। ਅਸਲ ਵਿੱਚ ਗੁਜਰਾਤ ਮਾਡਲ ਲੁੱਟ ਤੇ ਤਬਾਹੀ ਦਾ ਮਾਡਲ ਹੈ। ਨਰਿੰਦਰ ਮੋਦੀ ਗੁਜਰਾਤ ਦੇ ਵਿਕਾਸ ਬਾਰੇ ਇੰਨਾ ਗਲਤ ਬੋਲ ਰਿਹਾ ਹੈ ਕਿ ਉਹ ਹਿਟਲਰ ਦੇ ਪ੍ਰਾਪੇਗੰਡਾ ਵਜ਼ੀਰ ਗੋਬਲਜ਼ ਨੂੰ ਮਾਤ ਪਾ ਰਿਹਾ ਹੈ। 2001 ਤੱਕ ਗੁਜਰਾਤ ਸੂਬੇ ਦੀ ਮਾਇਕ ਹਾਲਤ ਸਿਹਤਮੰਦ ਸੀ। ਰਿਪੋਰਟਾਂ ਮੁਤਾਬਿਕ 2001 ਤੱਕ ਗੁਜਰਾਤ ਸਿਰ ਸੈਂਟਰ ਦਾ ਕਰਜ਼ਾ 53000 ਕਰੋੜ ਸੀ ਜਿਹੜਾ ਮੋਦੀ ਦੇ ਰਾਜ ਵਿੱਚ ਵਧ ਕੇ ਹੁਣ 165000 ਕਰੋੜ ਹੋ ਗਿਆ।

ਮੋਦੀ ਚਾਰ ਵਾਰ ਗੁਜਰਾਤ ਦਾ ਮੁੱਖ ਮੰਤਰੀ ਬਣਿਆਂ। ਇਸ ਨੇ ਲੋਕਾਂ ਨਾਲ ਵਾਅਦਾ ਕੀਤਾ ਸੀ ਕਿ ਉਹ ਗਰੀਬਾਂ ਲਈ 50 ਲੱਖ ਘਰ ਬਣਵਾ ਕੇ ਦੇਵੇਗਾ। ਪਰ ਇਸ ਦੇ ਸਾਰੇ ਸਮੇਂ ਦੇ ਰਾਜ ਵਿੱਚ ਇੱਕ ਫੀਸਦੀ ਵਾਅਦੇ ਵੀ ਪੂਰੇ ਨਹੀਂ ਹੋਏ।

ਜਾਣਕਾਰੀ ਐਕਟ ਅਧੀਨ ਸੂਚਨਾ ਅਨੁਸਾਰ ਗੁਜਰਾਤ ਵਿੱਚ ਦਲਿਤ ਔਰਤਾਂ ਦੇ ਖਿਲਾਫ ਹਿੰਸਾ ਵਿੱਚ 300 ਫੀਸਦੀ ਵਾਧਾ ਹੋਇਆ। ਮੋਦੀ ਰਾਜ ਦੇ ਸਮੇਂ ਬਲਾਤਕਾਰ ਦੇ 501 ਮੁਕੱਦਮੇ ਦਰਜ ਹੋਏ ਤੇ 104 ਪਿੰਡਾਂ ਦੇ ਦਲਿਤ ਲੋਕ ਲਗਾਤਾਰ ਪੁਲਿਸ ਦੀ ਸੁਰੱਖਿਆ ਹੇਠ ਜੀਅ ਰਹੇ ਹਨ। ਗੁਜਰਾਤ ਹਿੰਦੂਤਵ ਏਜੰਡੇ ਦੀ ਪ੍ਰਯੋਗਸ਼ਾਲਾ ਰਿਹਾ ਹੈ। ਹੁਣ ਇਹ ਏਜੰਡਾ ਸਾਰੇ ਦੇਸ਼ ਵਿੱਚ ਲਾਗੂ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਮੋਦੀ ਇਸ ਏਜੰਡੇ ਦਾ ਚਿਹਰਾ ਹੈ।

ਇਹ ਆਰਥਿਕਤਾ ਜਾਂ ਵਿਕਾਸ ਬਾਰੇ ਨਹੀਂ ਹੈ। ਇਸ ਪਿੱਛੇ ਕੁੱਝ ਬਹੁਤ ਹੀ ਮਨਹੂਸ ਹੈ। ਬਹੁ-ਸੰਮਤੀਵਾਦ ਦਾ ਏਜੰਡਾ ਜੋ ਧਰਮ ਨਿਰਪੱਖ ਕੌਮ ਨੂੰ ਫਿਰਕਾਪ੍ਰਸਤੀ ਵਿੱਚ ਬਦਲ ਦੇਣਾ ਚਾਹੁੰਦਾ ਹੈ। ਮੋਦੀ ਨੂੰ ਵੱਡੇ-ਵੱਡੇ ਕਾਰਪੋਰੇਟ ਘਰਾਣੇ ਜਿਆਦਾ ਪਿਆਰੇ ਹਨ ਆਮ ਆਦਮੀ ਨਹੀਂ। ਅੰਕੜਿਆਂ ਮੁਤਾਬਿਕ ਭੁੱਖੇ ਸੌਣ ਵਾਲੇ ਲੋਕਾਂ ਦੀ ਗਿਣਤੀ ਦੇਸ਼ ਦੇ ਬਾਕੀ ਸੂਬਿਆਂ ਦੇ ਮੁਕਾਬਲੇ ਗੁਜਰਾਤ ਵਿੱਚ ਸਭ ਤੋਂ ਜ਼ਿਆਦਾ ਹੈ।



# ਗੌਰੀਲੰਕੇਸ਼ ਦੇ ਤਲਾਕਸ਼ੁਦਾ ਪਤੀ ਵੱਲੋਂ ਆਪਣੀ ਪਤਨੀ ਨੂੰ ਸ਼ਰਧਾਂਜਲੀ

**ਅਜ਼ਬ ਨਿਆਮਤ**

ਜੇ ਗੌਰੀਲੰਕੇਸ਼ ਨੇ ਆਤਮਾ ਸਵਰਗਾਂ ਅਤੇ ਪੁਨਰ-ਜਨਮਾਂ ਬਾਰੇ ਉਸ ਨੂੰ ਨਿਵਾਜੇ ਮਾਨ-ਸਨਮਾਨ ਨੂੰ ਸੁਣਿਆਂ ਹੁੰਦਾ ਤਾਂ ਉਸ ਨੇ ਹੱਸਣੋਂ ਨਹੀਂ ਸੀ ਹਟਣਾ। ਜੇ ਹਸਦੀ ਨਾ ਤਾਂ ਮੁਸਕਰਾਉਂਦੀ ਜ਼ਰੂਰ ਕਿਉਂਕਿ ਅਸੀਂ ਆਪਣੇ ਸਕੂਲੀ ਸਮੇਂ ਵਿੱਚ ਇਹ ਮਹਿਸੂਸ ਕਰ ਲਿਆ ਸੀ ਕਿ ਸਵਰਗ ਨਰਕ ਅਤੇ ਮੁੜ ਜਨਮ ਸਭ ਕੁੱਝ ਵੱਡੀ ਬਕਵਾਸ ਹਨ। ਧਰਤੀ ਦੇ ਉੱਪਰ ਹੀ ਸਭ ਸਵਰਗ ਅਤੇ ਨਰਕ ਹੈ। ਇਹੀ ਕਾਫ਼ੀ ਹੈ। ਰੱਬ ਕੋਲੋਂ ਸਵਰਗ ਨਰਕ ਲੋਕਾਂ ਦੀ ਤਰ੍ਹਾਂ ਮੰਨਣਾ, ਇਸ ਨਾਲ ਸਾਡੀ ਸਹਿਮਤੀ ਨਹੀਂ ਸੀ। ਸਾਡੀ ਰਜ਼ਾਮੰਦੀ ਇਸ ਗੱਲ ਵਿੱਚ ਵੀ ਸੀ ਕਿ ਅਸੀਂ ਆਪਣੇ ਵਿਚਾਰਾਂ ਕਰਕੇ ਕਿਸੇ ਦਾ ਦਿਲ ਨਹੀਂ ਦੁਖਾਵਾਂਗੇ ਅਤੇ ਆਪਣੇ ਪਰਿਵਾਰਾਂ ਦਾ ਵੀ ਨਹੀਂ ਭਾਵੇਂ ਆਪਣੀ ਜਵਾਨੀ ਦੇ ਦਿਨਾਂ ਵਿੱਚ ਅਸੀਂ ਉਨ੍ਹਾਂ ਦੇ ਵਿਸ਼ਵਾਸ਼ਾਂ ਅਤੇ ਉਨ੍ਹਾਂ ਦੀ ਪਾਠ-ਪੂਜਾ ਵਿਧੀਆਂ ਨੂੰ ਮੰਨਦੇ ਨਹੀਂ ਸੀ ਹੁੰਦੇ। ਅਸੀਂ ਜਵਾਨੀ ਵਿੱਚ ਹਮੇਸ਼ਾਂ ਆਪਣੇ ਫੈਸਲਿਆਂ ਨੂੰ ਲਾਗੂ ਕਰਨ ਲਈ ਸਫ਼ਲ ਵੀ ਨਹੀਂ ਸੀ ਹੋਏ। ਇਹ ਚੰਗਾ ਨਿਯਮ ਵੀ ਸੀ। ਬਾਅਦ ਵਿੱਚ ਸਾਨੂੰ ਇਸਦੇ ਬਹੁਤ ਫਾਇਦੇ ਹੋਏ। ਪੰਜ ਸਾਲ ਇਕੱਠੇ ਰਹਿਣ ਮਗਰੋਂ ਅਸੀਂ ਵਿਆਹ ਕਰਵਾ ਲਿਆ ਅਤੇ ਵਿਆਹੁਤਾ ਜ਼ਿੰਦਗੀ ਪੰਜ ਸਾਲ ਹੀ ਬਤੀਤ ਕੀਤੀ। ਅੱਜ ਤੋਂ 27 ਵਰ੍ਹੇ ਪਹਿਲਾਂ ਅਸੀਂ ਇੱਕ-ਦੂਜੇ ਨੂੰ ਤਲਾਕ ਦੇ ਕੇ ਜੁਦਾ ਹੋ ਗਏ ਪਰ ਅਸੀਂ ਗੂੜੇ ਦੋਸਤ ਰਹੇ। ਤਲਾਕ ਲਈ ਸਾਡੀ ਰਜ਼ਾਮੰਦੀ ਵਿੱਚ ਇਹ ਗੱਲ ਸ਼ਾਮਿਲ ਸੀ ਕਿ ਅਸੀਂ ਇੱਕ ਦੂਜੇ ਨੂੰ ਦੁਖੀ ਨਹੀਂ ਕਰਾਂਗੇ।

ਅਸੀਂ ਨੈਸ਼ਨਲ ਕਾਲਜ ਵਿੱਚ ਮਿਲੇ ਸੀ ਜਿਹੜਾ ਤਰਕਸ਼ੀਲ ਲਹਿਰ ਦਾ ਉਨ੍ਹਾਂ ਸਮਿਆਂ ਵਿੱਚ ਜਨਮ ਸਥਾਨ ਸੀ। ਭਾਰਤ ਦਾ ਸਾਬਕਾ ਪ੍ਰਮਾਣੂ ਵਿਗਿਆਨੀ ਡਾ. ਨਰਸਮਈਆ ਸਾਡਾ ਪ੍ਰਿੰਸੀਪਲ ਸੀ ਅਤੇ ਸ੍ਰੀਲੰਕਾ ਦੇ ਡਾ. ਅਬਰਾਹਿਮ ਕਾਵੂਰ ਇਸ ਲਹਿਰ ਦੇ ਮਘਦੇ ਸੂਰਜ ਸਨ। ਅਸੀਂ ਚੜ੍ਹਦੀ ਜਵਾਨੀ ਵਿੱਚ ਸੀ। ਅਸੀਂ ਸਾਧਾਂ-ਸੰਤਾਂ ਪੰਖਡੀਆਂ ਰਿਸ਼ੀਆਂ ਦੇ ਧੋਖਿਆਂ ਦੇ ਪੂਰੇ ਭਾਰਤ ਵਿੱਚ ਪਰਦੇ ਫਾਸ਼ ਕਰਨੇ ਸ਼ੁਰੂ ਕਰ ਦਿੱਤੇ ਜੋ ਉਸ ਸਮੇਂ ਭਾਰਤ ਵਿੱਚ ਮੌਜੂਦ ਸਨ। ਇਸ ਬਾਰੇ ਕਾਫ਼ੀ ਕੁੱਝ ਫੇਰ ਦੱਸਾਂਗਾ। ਪ੍ਰੰਤੂ ਹੁਣ ਮੈਂ ਅਸਹਿਣਸ਼ੀਲ ਧਾਰਮਿਕ ਕਿਸਮ ਦੇ ਲੋਕਾਂ ਵੱਲੋਂ ਤਰਕਸ਼ੀਲਾਂ ਅਤੇ ਝੂਠ ਦੇ ਪਰਦੇ ਲਾਹੁਣ ਵਾਲਿਆਂ ਦੇ ਹੋ ਰਹੇ ਕਤਲਾਂ ਬਾਰੇ ਹੀ ਗੱਲ ਕਰਾਂਗਾ।

ਸਭ ਤੋਂ ਪਹਿਲੀ ਕਿਤਾਬ ਜਿਹੜੀ ਅਸੀਂ ਪੜ੍ਹੀ ਉਹ 'ਦੁਰੰਤ' ਦੀ ਵਿਚਾਰਧਾਰਾ ਬਾਰੇ ਕਹਾਣੀ ਸੀ ਅਤੇ ਇਹ ਕਿਤਾਬ ਧਰਮ ਸਿਆਸਤ ਬਾਰੇ ਦਰਸਾਉਂਦੀ ਹੈ। ਸਾਡੇ ਦੋਨਾਂ ਵਿੱਚੋਂ ਕੋਈ ਵੀ ਸਾਡੀ ਮਾਤ ਭਾਸ਼ਾ ਕੰਨੜ ਵਿੱਚ ਮੁਹਾਰਤ ਨਹੀਂ ਸੀ ਰੱਖਦਾ। ਇਸ ਲਈ ਅਸੀਂ ਉਸ ਸਮੇਂ ਕੰਨੜ ਭਾਸ਼ਾ ਵਿੱਚ ਲਿਖੇ ਸਾਹਿਤ ਨੂੰ ਨਹੀਂ ਪੜ੍ਹਿਆ। ਪਰ ਉਸਤੋਂ ਕੁੱਝ ਸਾਲਾਂ ਬਾਅਦ ਗੌਰੀ ਨੇ ਕੰਨੜ ਸਾਹਿਤ ਦਾ ਅਧਿਆਪਨ ਕਰਨਾ ਸ਼ੁਰੂ ਕਰ ਦਿੱਤਾ। ਫਿਰ ਮੇਰਾ ਝੁਕਾਅ ਭਾਰਤੀ ਸੰਗੀਤ ਵੱਲ ਹੋ ਗਿਆ ਪ੍ਰੰਤੂ ਉਸ ਨੂੰ ਸੰਗੀਤ ਵਿੱਚ ਕੋਈ ਰੁਚੀ ਨਹੀਂ ਸੀ। ਅਸੀਂ 'ਅਰਿੱਕ ਸਹਿਗਲ' ਦੀ ਪ੍ਰੇਮ ਕਥਾ ਪੜ੍ਹੀ ਅਤੇ ਬਹੁਤ ਹੱਸੇ। ਆਪਣੀ ਮੰਗਣੀ ਦੇ ਦਿਨਾਂ 'ਚ ਅਸੀਂ ਫਿਲਮਾਂ ਵੱਲ ਵੀ ਆਕਰਸ਼ਤ ਹੋਏ। ਫਿਰ ਅਸੀਂ 'ਅੱਬਾ' 'ਸੈਚਰਡੇ ਨਾਈਟ ਫੀਵਰ' ਅਤੇ 'ਗਾਂਧੀ' ਵਰਗੀਆਂ ਫਿਲਮਾਂ ਦੇਖੀਆਂ। ਕਾਰਲ ਸਹਿਗਲ ਨੂੰ ਪੜ੍ਹਨ ਅਤੇ ਉਸ ਦੀਆਂ ਫਿਲਮਾਂ ਦੇਖਣ ਤੋਂ ਬਾਅਦ ਅਸੀਂ ਹਨੇਰੀਆਂ ਰਾਤਾਂ ਨੂੰ ਸੁੰਨਸਾਨ ਸਮੁੰਦਰੀ ਰੇਤਾਂ ਤੇ ਜਾ ਲਿਟਦੇ ਤੇ ਅਰਬਾਂ ਤਾਰਿਆਂ ਅਤੇ ਗਲੈਕਸੀਆਂ ਨੂੰ ਨਿਹਾਰਨਾ ਸ਼ੁਰੂ ਕਰ ਦਿੰਦੇ। ਇਹ ਗੱਲ ਮੈਨੂੰ ਦੱਸਣੀ ਤਾਂ ਨਹੀਂ ਚਾਹੀਦੀ ਪਰ ਮੈਂ ਦੱਸ ਰਿਹਾ ਹਾਂ ਕਿ ਮੇਰੇ ਕਾਲਜ ਦੇ ਦਿਨਾਂ ਵਿੱਚ ਮੈਂ ਸਿਗਰਟ ਪੀਣ ਦਾ ਆਦੀ ਸੀ ਤੇ ਉਹ ਸਿਗਰਟਾਂ ਨੂੰ ਨਫ਼ਰਤ ਕਰਦੀ ਸੀ। ਕੁੱਝ ਸਾਲਾਂ ਬਾਅਦ ਫਿਰ ਮੈਂ ਇਹ ਪੀਣੀਆਂ ਛੱਡ ਦਿੱਤੀਆਂ ਪਰ ਉਹ ਪੀਣ ਲੱਗ ਪਈ।

ਇਕ ਦਿਨ ਉਹ ਮੈਨੂੰ ਅਮਰੀਕਾ ਵਿੱਚ ਵੀ ਮਿਲਣ ਆਈ। ਕੀ ਤੁਹਾਨੂੰ ਇਹ ਅਜੀਬ ਨਹੀਂ ਲੱਗੇਗਾ ਕਿ ਸਾਬਕਾ ਪਤਨੀ ਤੁਹਾਡੇ ਕੋਲ ਆ ਕੇ ਰਹਿੰਦੀ ਹੈ? ਪ੍ਰੰਤੂ ਉਹ ਸਾਬਕਾ ਪਤਨੀ ਤੋਂ ਵੀ ਵੱਧ ਮੇਰੀ ਦੋਸਤ ਸੀ। ਅਮਰੀਕਾ ਵਿੱਚ ਸਰਦੀ ਬਹੁਤ ਪੈਂਦੀ ਹੈ। ਘਰ ਦੇ ਦਰਵਾਜ਼ੇ ਖਿੜਕੀਆਂ ਬੰਦ ਹੁੰਦੇ ਹਨ। ਥਾਂ-ਥਾਂ ਗਲੀਚੇ ਵਿਛੇ ਹੁੰਦੇ ਹਨ। ਇਸ ਲਈ ਘਰ ਵਿੱਚ ਹੋਇਆ ਧੂੰਆਂ ਬਾਹਰ ਨਿਕਲ ਨਹੀਂ ਸਕਦਾ। ਉਸ ਨੇ ਸਿਗਰਟ ਲਾ ਲਈ। ਮੈਂ ਉਸਨੂੰ ਮਨ੍ਹਾ ਕੀਤਾ। ਤਾਂ ਉਹ ਕਹਿਣ ਲੱਗੀ ਕਿ 'ਤੂੰ ਕੀ ਚਾਹੁੰਦਾ ਹੈਂ?'

ਮੈਂ ਕਿਹਾ "ਤੂੰ ਛੱਤ ਤੇ ਜਾਹ ਉੱਥੇ ਜਾ ਕੇ ਸਿਗਰਟ ਪੀ ਲੈ।"

ਉਹ ਕਹਿਣ ਲੱਗੀ "ਠੰਢ ਐ ਬਰਫ਼ ਪੈ ਰਹੀ ਹੈ।"

ਮੈਂ ਕਿਹਾ 'ਲੰਬੇ ਊਨੀ ਕੱਪੜੇ ਪਹਿਨ ਕੇ ਚਲੀ ਜਾਹ।'

ਉਹ ਕਹਿਣ ਲੱਗੀ 'ਤੂੰ ਹੀ ਤਾਂ ਮੈਨੂੰ ਸਿਗਰਟ ਪੀਣ ਲਾਇਆ ਸੀ।'

"ਸੌਰੀ ਕੁੜੀਏ, ਮੈਂ ਤੈਨੂੰ ਰੁਕਣ ਲਈ ਕਹਿ ਰਿਹਾ ਹਾਂ।'

"ਠੀਕ ਐ ਹੁਣ ਤੂੰ ਅਮਰੀਕਨ ਬਣ ਗਿਆ।'

"ਅਮਰੀਕਨ ਦਾ ਇਸ ਨਾਲ ਕੋਈ ਸਬੰਧ ਨਹੀਂ। ਇਸ ਦਾ ਸਬੰਧ ਸਿਰਫ਼ ਸਿਹਤ ਨਾਲ ਹੈ।"

"ਪਗਲਿਆ ਮੈਂ ਤੇਰੇ ਨਾਲੋਂ ਵੱਧ ਜ਼ਿੰਦਗੀ ਜਿਉਂਵਾਂਗੀ, ਝੂਠਾ।"

ਮੇਰੇ ਬਹੁਤ ਸਾਰੇ ਦੋਸਤ ਸਾਡੀ ਇਸ ਦੋਸਤੀ ਤੇ ਉਲਝ ਜਾਂਦੇ। ਭਾਰਤ ਵਿੱਚ ਅਲੱਗ ਹੋ ਜਾਣਾ ਜਾਂ ਤਲਾਕਸ਼ੁਦਾ ਹੋ ਜਾਣਾ ਘਟੀਆ ਸਮਝਿਆ ਜਾਂਦਾ ਹੈ। ਬੇਸ਼ੱਕ ਬਾਕੀ ਥਾਵਾਂ ਤੇ ਵੀ ਇਹ ਚੰਗਾ ਨਹੀਂ ਹੁੰਦਾ। ਸਮਾਂ ਸਾਡਾ ਸੀ। ਛੇਤੀ ਹੀ ਅਸੀਂ ਮਹਿਸੂਸ ਕਰ ਲਿਆ ਕਿ ਅਸੀਂ ਇੱਕ-ਦੂਜੇ ਨਾਲ ਅਤੇ ਉੱਚੇ ਆਦਰਸ਼ਾਂ ਲਈ ਬੱਝੇ ਹੋਏ ਸਾਂ। ਤਲਾਕ ਵਾਲੇ ਦਿਨ ਅਦਾਲਤ ਵਿੱਚ ਅਸੀਂ ਇੱਕ-ਦੂਜੇ ਦੇ ਹੱਥ ਫੜੇ ਹੋਏ ਸਨ। ਜੇ ਤੁਸੀਂ ਆਪਣੇ-ਆਪਣੇ ਢੰਗਾਂ ਨਾਲ ਜਿਉਣਾ ਚਾਹੁੰਦੇ ਹੋ ਤਾਂ ਵਧੀਐ। ਇਹ ਹੋਣ ਤੋਂ ਬਾਅਦ ਅਸੀਂ ਐਮ.ਜੀ. ਰੋਡ ਤੇ ਜਾ ਕੇ ਇਕੱਠਿਆਂ ਤਾਜ ਵਿੱਚ ਦੁਪਹਿਰ ਦਾ ਖਾਣਾ

ਖਾਧਾ। ਅਸੀਂ ਮੁਸਕਰਾਏ ਅਤੇ ਇੱਕ ਦੂਜੇ ਨੂੰ ਅਲਵਿਦਾ ਕਹੀ। ਮੈਂ ਦਿੱਲੀ ਨੂੰ ਚੱਲ ਪਿਆ। ਫਿਰ ਮੁੰਬਈ ਹੁੰਦਾ ਹੋਇਆ ਵਾਸ਼ਿੰਗਟਨ ਡੀ.ਸੀ. ਪਹੁੰਚ ਗਿਆ। ਉਹ ਸਾਰੀਆਂ ਥਾਵਾਂ ਤੇ ਮੈਨੂੰ ਮਿਲਣ ਆਈ।

ਭਾਵੇਂ ਉਹ ਬਾਗ਼ੀ ਤਬੀਅਤ ਦੀ ਮਾਲਕ ਸੀ ਪਰ ਫਿਰ ਵੀ ਮੇਰੇ ਮਾਪੇ ਉਸ ਨੂੰ ਪਿਆਰ ਕਰਦੇ ਸਨ ਜਿਵੇਂ ਭਾਰਤੀ ਮਾਪੇ ਕਰਦੇ ਹਨ। ਉਨ੍ਹਾਂ ਨੇ ਅੰਤ ਤੱਕ ਉਸ ਨਾਲ ਸਬੰਧ ਰੱਖੇ। ਸਾਡੇ ਤਲਾਕ ਹੋਣ ਤੋਂ ਬਾਅਦ ਵੀ ਇੱਕ ਵਾਰ ਜਦੋਂ ਮੈਂ ਉਸ ਨੂੰ ਆਪਣੇ ਕਿਸੇ ਰੁਮਾਂਸ ਬਾਰੇ ਦੱਸਿਆ ਤਾਂ ਉਹ ਕਹਿਣ ਲੱਗੀ "ਤੂੰ ਮੇਰੇ ਕੋਲੋਂ ਪਰਿਵਾਰ ਦੀ ਪਹਿਲੀ ਨੂੰਹ ਹੋਣ ਦਾ ਮਾਣ ਕਦੇ ਵਾਪਸ ਨਹੀਂ ਲੈ ਸਕਦਾ।"

ਪਿਛਲੇ ਸਾਲ ਜਦੋਂ ਮੇਰੀ ਮਾਂ ਚੱਲ ਵਸੀ ਤਾਂ ਗੌਰੀ ਲੰਕੇਸ਼ ਉਸਦੀਆਂ ਅੰਤਿਮ ਰਸਮਾਂ ਲਈ ਮੇਰੇ ਪਹੁੰਚਣ ਤੋਂ ਪਹਿਲਾਂ ਹੀ ਪੁੱਜ ਗਈ।

ਉਸਦੇ ਪਰਿਵਾਰ ਨਾਲ ਮੇਰੇ ਰਿਸ਼ਤੇ ਵੀ ਪਹਿਲਾਂ ਦੀ ਤਰ੍ਹਾਂ ਹੀ ਰਹੇ। ਭਾਵੇਂ ਅਸੀਂ ਅਲੱਗ ਹੋ ਗਏ ਤੇ ਆਪੋ-ਆਪਣੇ ਢੰਗਾਂ ਨਾਲ ਜ਼ਿੰਦਗੀ ਬਤੀਤ ਕਰਨ ਲੱਗ ਪਏ ਫਿਰ ਵੀ ਮੈਂ ਉਸਦੇ ਪਿਤਾ ਪੀ ਲੰਕੇਸ਼ ਨੂੰ ਮਿਲਦਾ ਰਿਹਾ ਜੋ ਇੱਕ ਲੇਖਕ, ਨਾਟਕਕਾਰ ਅਤੇ ਫਿਲਮ ਨਿਰਮਾਤਾ ਵੀ ਸਨ। ਭਾਵੇਂ ਮੈਂ ਅਮਰੀਕਾ ਦਾ ਨਾਗਰਿਕ ਬਣ ਗਿਆ ਸੀ ਜਦੋਂ ਵੀ ਭਾਰਤ ਆਉਂਦਾ ਅਸੀਂ ਇਕੱਠੇ ਹੋ ਕੇ ਇੱਕ ਦੋ ਪੈੱਗ ਵੀ ਲਾਉਂਦੇ ਅਤੇ ਸਿਆਸਤ ਧਰਮ ਸਾਹਿਤ ਫਿਲਮਾਂ ਕਿਸਾਨੀ ਸਮੱਸਿਆਵਾਂ ਸਿਹਤ ਅਤੇ ਦੁਨੀਆਂ ਦੇ ਬਾਰੇ ਬਹਿਸ਼-ਵਟਾਂਦਰਾ ਕਰਦੇ। ਉਹ ਮੈਨੂੰ ਇਹ ਵੀ ਕਹਿੰਦੀ ਕਿ ਤੂੰ ਲੋਕ ਸੰਘਰਸ਼ ਤੋਂ ਪਿੱਠ ਮੋੜ ਗਿਆ। ਪਰ ਮੈਂ ਉਸਨੂੰ ਕਹਿੰਦਾ ਕਿ ਇਹ ਅਸਥਾਈ ਹੈ ਚੰਗੀਆਂ ਸੰਭਾਵਨਾਵਾਂ ਲਈ ਕੁੱਝ ਸਮਾਂ ਅਤੇ ਦੂਰੀ ਚਾਹੀਦੀ ਹੈ। ਦੋ ਹਜ਼ਾਰ ਵਿੱਚ ਉਸ ਦੇ ਪਿਤਾ ਦੀ ਮੌਤ ਹੋ ਗਈ। ਉਹ ਇੱਕ ਚੰਗੇ ਬਾਪ ਦੀ ਸੱਚੀ ਧੀ ਬਣੀ। ਉਸਨੇ ਟੀ ਲੰਕੇਸ਼ ਦੁਆਰਾ ਸ਼ੁਰੂ ਕੀਤੇ ਹੋਏ ਅਖ਼ਬਾਰ ਨੂੰ ਸੰਘਰਸ਼ ਦੀਆਂ ਉਨ੍ਹਾਂ ਲੀਹਾਂ ਤੇ ਹੀ ਚਲਾਉਣਾ ਜਾਰੀ ਰੱਖਿਆ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਉਹ ਖੱਬੇ ਪੱਖੀ ਸੀ ਤੇ ਪੂਰੀ ਖੱਬੇ ਪੱਖੀ। ਸਾਡੇ ਕੋਲ ਇੱਕ ਦੂਜੇ ਨਾਲ ਰਜ਼ਾਮੰਦ ਨਾ ਹੋਣ ਲਈ ਬਹੁਤ ਕਾਰਨ ਸਨ। ਉਹ ਮੈਨੂੰ ਸਨਅਤੀਕਰਨ ਕਰਨ ਦਾ ਪ੍ਰਚਾਰਕ ਦੱਸਦੀ। 1990 ਦੇ ਸ਼ੁਰੂ ਵਿੱਚ ਉਸਨੇ ਮੈਨੂੰ ਕਿਹਾ ਕਿ ਸੈੱਲਫੋਨਾਂ ਦਾ ਪ੍ਰਚਾਰ ਕਰਨਾ ਬੰਦ ਕਰੋ। ਸਾਡੀ ਗਰੀਬ ਜਨਤਾ ਸੈੱਲਫੋਨ ਨਹੀਂ ਖਾ ਸਕਦੀ। ਮੈਂ ਉਸ ਨੂੰ ਇਹ ਕਦੇ ਵੀ ਭੁੱਲਣ ਨਾ ਦਿੱਤਾ ਪ੍ਰੰਤੂ ਉਸ ਦੀ ਨੀਤ ਸਾਫ਼ ਸੀ। ਅੱਠ ਸਾਲਾਂ ਬਾਅਦ ਜਦੋਂ ਮੈਂ ਬੰਗਲੌਰ ਵਿਖੇ ਆਪਣਾ ਨਵਾਂ ਘਰ ਬਣਾ ਲਿਆ ਤਾਂ ਉਸ ਨੇ ਮਹਿਸੂਸ ਕੀਤਾ ਕਿ ਮੈਨੂੰ ਘਰ ਸਾਂਭਣ ਲਈ ਇੱਕ ਕੰਮ ਕਰਨ ਵਾਲੀ ਦੀ ਜ਼ਰੂਰਤ ਹੈ ਅਤੇ ਕਿਹਾ 'ਮੈਂ ਕਿਸੇ ਨੂੰ ਭੇਜ ਰਹੀ ਹਾਂ। ਉਹ ਵਿਧਵਾ ਹੈ ਅਤੇ ਦੋ ਬੇਟੀਆਂ ਦੀ ਮਾਂ ਹੈ। ਇਹ ਵਿਸ਼ਵਾਸ਼ ਦੁਆ ਕਿ, "ਤੂੰ ਉਨ੍ਹਾਂ ਬੱਚੀਆਂ ਦਾ ਧਿਆਨ ਵੀ ਰੱਖੇਂਗਾਂ ਤੇ ਉਨ੍ਹਾਂ ਨੂੰ ਪੜ੍ਹਾਵੇਂਗਾ ਵੀ"। ਉਸ ਦਾ ਤੋਹਫਾ 'ਰਮਾਕਾ' ਮੇਰੇ ਕੋਲ ਅੱਜ ਵੀ ਹੈ ਅਤੇ ਉਸ ਦੀਆਂ ਦੋਵੇਂ ਧੀਆਂ 'ਆਸ਼ਾ' ਅਤੇ 'ਊਸ਼ਾ' ਨੇ ਡਿਗਰੀ ਕਰ ਲਈ ਹੈ। 'ਆਸ਼ਾ' ਸਿੰਡੀਕੇਟ ਬੈਂਕ ਵਿੱਚ ਅਤੇ 'ਊਸ਼ਾ' ਕਿਸੇ ਸਮਾਜ ਸੇਵੀ ਜਥੇਬੰਦੀ ਲਈ ਕੰਮ ਕਰ ਰਹੀ ਹੈ। ਸੈਂਕੜੇ ਹੀ ਆਸ਼ਾ, ਊਸ਼ਾ ਵਰਗੀਆਂ ਗੌਰੀ ਲੰਕੇਸ਼ ਕਰਕੇ ਸਨਮਾਨਯੋਗ ਜ਼ਿੰਦਗੀ ਬਤੀਤ ਕਰ ਰਹੀਆਂ ਹਨ।

ਹੁਣ ਮੈਂ ਜਹਾਜ਼ ਫੜਨਾ ਹੈ ਅਤੇ ਮੇਰਾ ਮਨ ਉਸਦੀਆਂ ਮਿੱਠੀਆਂ ਯਾਦਾਂ ਨਾਲ ਭਰਿਆ ਹੋਇਆ ਹੈ। ਇੱਕ ਕਹਾਵਤ ਮੇਰੇ ਮਨ ਵਿੱਚ ਵਾਰ-ਵਾਰ ਦਸਤਕ ਦੇ ਰਹੀ ਹੈ 'ਅਜ਼ਬ ਨਿਆਮਤ'। ਦੂਸਰੇ ਸਾਰੇ ਲੈਵਲ ਖੱਬੇ ਪੱਖੀ ਹਿੰਦੂ-ਵਿਰੋਧੀ ਨਾਸਤਿਕ ਆਦਿ ਮੇਰੇ ਲਈ ਫਿੱਕੇ ਹਨ। ਉਹ ਮੇਰੇ ਲਈ ਮੇਰੀ ਦੋਸਤ ਮੇਰਾ ਪਹਿਲਾ ਪਿਆਰ ਅਤੇ ਉੱਚ ਦਰਜੇ ਦੀ ਅਜ਼ਬ ਨਿਆਮਤ ਸੀ।

5 ਸਤੰਬਰ ਨੂੰ ਇਸ ਤਰਕਸ਼ੀਲ ਪੱਤਰਕਾਰ ਨੂੰ ਸ਼ਾਮੀ ਸਾਢੇ ਅੱਠ ਵਜੇ ਹਿੰਦੂ ਕੱਟੜਵਾਦੀਆਂ ਨੇ ਗੋਲੀਆਂ ਮਾਰ ਦਿੱਤੀਆਂ ਸਨ। ਇਸ ਸਬੰਧੀ ਪੰਜਾਬ ਦੇ ਸੈਂਕੜੇ ਥਾਵਾਂ ਤੇ ਮੁਜ਼ਾਹਰੇ ਵੀ ਹੋਏ ਅਤੇ ਹਿੰਦੂ ਕੱਟੜਵਾਦੀਆਂ ਦੀਆਂ ਅਰਥੀਆਂ ਵੀ ਫੂਕੀਆਂ ਗਈਆਂ। ਅਸੀਂ ਸਮਝਦੇ ਹਾਂ ਕਿ ਗੌਰੀ ਲੰਕੇਸ਼ ਦਾ ਕਤਲ ਉਸ ਮਾਹੌਲ ਨੇ ਕੀਤਾ ਹੈ ਜੋ ਭਾਰਤੀ ਜਨਤਾ ਪਾਰਟੀ ਨੇ ਭਾਰਤ ਵਿੱਚ ਸਿਰਜਿਆ ਹੈ। ਉਸ ਦੀ ਯਾਦ ਨੂੰ ਤਾਜ਼ਾ ਕਰਨ ਲਈ ਅਸੀਂ ਇਹ ਸ਼ਰਧਾਂਜ਼ਲੀ ਛਾਪ ਰਹੇ ਹਾਂ।

## ਆਰ.ਟੀ.ਆਈ. ਰਾਹੀਂ ਦੇਵੀ-ਦੇਵਤਿਆਂ ਦੇ ਜਨਮ ਦੀ ਮਿਤੀ ਪੁੱਛੀ ਗਈ

ਭਾਰਤ ਦਾ ਪੁਰਾਤੱਤਵ ਵਿਭਾਗ ਅੱਜਕੱਲ ਇਤਿਹਾਸ ਦੀਆਂ ਕਿਤਾਬਾਂ ਫਰੋਲ ਰਿਹਾ ਹੈ। ਡੇਢ ਮਹੀਨਾ ਪਹਿਲਾਂ ਮਹਾਂਰਾਸ਼ਟਰ ਦੇ ਕਿਸੇ ਵਿਅਕਤੀ ਨੇ ਸ੍ਰੀ ਰਾਮ ਚੰਦਰ ਰਾਵਣ ਵਿਸ਼ਨੂੰ ਮਹੇਸ਼ ਸ੍ਰੀ ਕ੍ਰਿਸ਼ਨ ਮਹਾਂਦੇਵ ਸ਼ੰਕਰ ਹਨੂੰਮਾਨ ਸ਼ਨੀਦੇਵ ਆਦਿ ਦੀ ਜਨਮ ਮਿਤੀ ਅਤੇ ਮੌਤ ਦੀ ਮਿਤੀ ਦੀ ਜਾਣਕਾਰੀ ਮੰਗੀ ਹੈ। ਉਸ ਵਿਅਕਤੀ ਨੇ 70 ਦੇਵੀ-ਦੇਵਤਿਆਂ ਦੀ ਜਨਮ-ਮੌਤ ਦੀ ਮਿਤੀ ਪੁੱਛੀ ਹੈ ਕਿਉਂਕਿ ਉਨ੍ਹਾਂ ਦੇ ਮੰਦਰ ਬਣੇ ਹੋਏ ਹਨ। ਅਧਿਕਾਰੀ ਕਹਿੰਦੇ ਹਨ ਕਿ ਇੰਨ੍ਹਾਂ ਸਭ ਦੀਆਂ ਜਨਮ-ਮੌਤ ਦੀਆਂ ਮਿਤੀਆਂ ਦੱਸਣਾ ਲੋਕਾਂ ਦੀ ਆਸਥਾ ਨੂੰ ਨੁਕਸਾਨ ਪਹੁੰਚਾਵੇਗਾ।

ਸਿਰਸਾ ਦੇ ਡੇਰਾ ਮੁਖੀ ਨੂੰ ਸੁਣਾਈ ਗਈ 20 ਸਾਲ ਦੀ ਸਜ਼ਾ ਦੇ ਮੱਦੇ ਨਜ਼ਰ ਪੰਜਾਬ ਦੇ ਬਿਆਸ ਦਿੱਲੀ ਅਤੇ ਨਿਰੰਕਾਰੀਆਂ ਨੇ ਆਪਣੇ ਡੇਰਿਆਂ ਨੂੰ ਜਿੰਦੇ ਲਾ ਦਿੱਤੇ ਹਨ। ਇੰਨ੍ਹਾਂ ਡੇਰਿਆਂ ਦੇ ਮੁਖੀ ਕਿਸੇ ਕਿਸਮ ਦੀ ਉਲਝਣ ਵਿੱਚ ਪੈਣ ਲਈ ਤਿਆਰ ਨਹੀਂ ਹਨ।

## ਪੁਜਾਰੀ ਬਣਨ ਲਈ ਪ੍ਰੀਖਿਆ ਛੇ ਦਲਿਤ ਪਾਸ

ਕੇਰਲ ਦੇ ਮੰਦਰਾਂ ਵਿੱਚ ਪਹਿਲੀ ਵਾਰ ਛੇ ਦਲਿਤਾਂ ਨੂੰ ਪੁਜਾਰੀ ਬਣਾਉਣ ਦੀ ਸਿਫ਼ਾਰਿਸ਼ ਕੀਤੀ ਗਈ ਹੈ। ਇਨ੍ਹਾਂ ਨੂੰ ਰਾਜ ਦੇ ਉਨ੍ਹਾਂ ਮੰਦਰਾਂ ਵਿੱਚ ਪੁਜਾਰੀ ਬਣਾਉਣ ਦੀ ਤਜ਼ਵੀਜ਼ ਰੱਖੀ ਗਈ ਹੈ ਜਿਨ੍ਹਾਂ ਦੇ ਪ੍ਰਬੰਧਨ ਦੀ ਜ਼ਿੰਮੇਵਾਰੀ ਟਰਾਵਨਕੋਟ ਦੇਵਾਸਵੋਮ ਬੋਰਡ (ਟੀ.ਡੀ.ਬੀ) ਉੱਤੇ ਹੈ। ਕੇਰਲ ਦੇਵਾਸਵੋਮ ਭਰਤੀ ਬੋਰਡ ਨੇ ਅਨੁਸੂਚਿਤ ਜਾਤੀ ਦੇ ਛੇ ਵਿਅਕਤੀਆਂ ਸਮੇਤ 36 ਗੈਰ ਬ੍ਰਾਹਮਣਾਂ ਦੀ ਬਤੌਰ ਪੁਜਾਰੀ ਨਿਯੁਕਤ ਕਰਨ ਦੀ ਸਕੀਮ ਬਣਾਈ ਹੈ। ਭਰਤੀ ਬੋਰਡ ਨੇ ਆਪਣੇ ਬਿਆਨ ਵਿੱਚ ਕਿਹਾ ਹੈ ਕਿ ਇਸ ਲਈ ਲੋਕ ਸੇਵਾ ਆਯੋਗ (ਪੀ.ਐਸ.ਪੀ.) ਦੀ ਤਰਜ਼ ਤੇ ਲਿਖਤੀ ਪ੍ਰੀਖਿਆ ਕਰਵਾਈ ਗਈ ਹੈ ਅਤੇ ਇੰਟਰਵਿਊ ਲਈ ਗਈ ਹੈ।


# ਵਿਗਿਆਨ ਜੋਤ

✪ ਮੈਂਬਰਸ਼ਿਪ ਫੀਸ ਇੱਕ ਸਾਲ ਲਈ 100/-
✪ ਦੋ ਸਾਲ ਲਈ 150/-

ਹੁਣ ਤੁਸੀਂ ਘਰ ਬੈਠੇ ਵੀ ਵੀਪੀਪੀ ਰਾਹੀਂ 'ਵਿਗਿਆਨ ਜੋਤ' ਮੰਗਵਾ ਸਕਦੇ ਹੋ, ਵਧੇਰੇ ਜਾਣਕਾਰੀ ਲਈ ਫ਼ੋਨ ਨੰਬਰ 01679 241744 'ਤੇ ਸੰਪਰਕ ਕਰੋ।

# ਸਿਰ ਕਿਸੇ ਦਾ ਧੜ ਕਿਸੇ ਦਾ



ਅਸੰਭਵ ਨੂੰ ਸੰਭਵ ਕਰਨ ਦਾ ਜਨੂੰਨ-ਸਿਰੜ ਲੈ ਕੇ ਵਿਗਿਆਨ ਨੇ ਮਨੁੱਖੀ ਇਤਿਹਾਸ ਵਿੱਚ ਕਈ ਲਾਭਦਾਇਕ ਪਹਿਲਾਂ ਕੀਤੀਆਂ ਹਨ। ਹੁਣ ਇੱਕ ਸਰੀਰ ਵਿੱਚ 'ਧੜ (ਸਿਰ ਨੂੰ ਛੱਡ ਕੇ ਬਾਕੀ ਸਰੀਰ) ਕਿਸੇ ਦਾ ਅਤੇ ਸਿਰ ਕਿਸੇ ਹੋਰ ਦਾ' ਮਨਘੜਤ ਗੱਲ ਨੂੰ ਅਰਥ ਭਰਪੂਰ ਕਰਨ ਦਾ ਦਾਅਵਾ ਕੀਤਾ ਜਾ ਰਿਹਾ ਹੈ।

ਆਪਣਾ ਸਰੀਰ ਦੇਰ ਤੱਕ ਜਵਾਨ ਰੱਖਣ ਦੀ ਇੱਛਾ ਰੱਖਣ ਵਾਲੇ ਆਪਣਾ ਸਿਰ ਆਪਣੀ ਇੱਛਾ ਵਾਲੇ ਤੰਦਰੁਸਤ ਸੁੰਦਰ ਸਰੀਰ ਵਿੱਚ ਫਿੱਟ ਕਰਵਾ ਸਕਦੇ ਹਨ। ਇਹ ਵਿਗਿਆਨ ਮਨਘੜਤ ਨਾਵਲ ਜਾਂ ਹਵਾਈ ਸੋਚ ਨਹੀਂ ਹੈ ਆਪਣੇ ਪਿਛਲੇ ਪ੍ਰਯੋਗਾਂ ਦੇ ਸਹਾਰੇ ਵਿਗਿਆਨਕਾਂ ਨੂੰ ਯਕੀਨ ਹੈ ਕਿ ਬੱਸ 22 ਮਹੀਨਿਆਂ ਦੇ ਬਾਅਦ ਇਸ ਦਾ ਜੀਉਂਦਾ-ਜਾਗਦਾ-ਸਜੀਵ ਮਨੁੱਖੀ ਨਮੂਨਾ ਸਭ ਨੂੰ ਦਿੱਸੇਗਾ। ਇਹ ਦੇਖਿਆ ਗਿਆ ਹੈ ਕਿ ਵੀਅਤਨਾਮ ਅਤੇ ਜਰਮਨੀ ਦੀ ਮੱਦਦ ਨਾਲ ਬਣੇ ਹਸਪਤਾਲ ਵਿੱਚ 25 ਦਸੰਬਰ 2007 ਨੂੰ ਮਨੁੱਖੀ ਸਿਰ ਦੇ ਅੰਗ-ਬਦਲੀ ਨੂੰ ਅੰਜ਼ਾਮ ਦੇ ਦਿੱਤਾ ਜਾਵੇ। ਡਾਕਟਰਾਂ ਵਿਗਿਆਨਕਾਂ ਦਾ ਮੰਨਣਾ ਹੈ ਕਿ ਇਹ ਪ੍ਰਯੋਗ ਪੂਰੀ ਤਰ੍ਹਾਂ ਸਫਲ ਰਹੇਗਾ। ਹੁਣੇ ਇਸੇ ਸਾਲ ਜਨਵਰੀ ਵਿੱਚ ਇੱਕ ਬਾਂਦਰ ਦੇ ਸਰੀਰ ਉੱਤੇ ਸਿਰ ਬਦਲੀ ਦੀ ਪ੍ਰਕਿਰਿਆ ਪੂਰੀ ਤਰ੍ਹਾਂ ਸਫ਼ਲ ਰਹੀ ਹੈ। ਉਹਨਾਂ ਨੂੰ ਇਹ ਵੀ ਯਕੀਨ ਹੈ ਕਿ ਇਸ ਅਪਰੇਸ਼ਨ ਦੇ ਸਿਰਫ 2 ਦਹਾਕਿਆਂ ਦੇ ਅੰਦਰ ਹੀ ਇਸ ਸਿਰ ਬਦਲੀ ਦੀ ਤਕਨੀਕ ਵਿਕਸਿਤ ਹੋ ਕੇ ਏਨੀ ਆਸਾਨ ਬਣ ਜਾਵੇਗੀ ਕਿ ਲੋਕ ਆਪਣੇ ਨੇੜੇ ਦੇ ਹਸਪਤਾਲ ਵਿੱਚ ਜਾ ਕੇ ਆਪਣੀ ਸਹੂਲਤ ਅਨੁਸਾਰ ਸਿਰ ਜਾਂ ਸਰੀਰ ਬਦਲਵਾ ਸਕਣਗੇ।

ਪਿਛਲੇ ਜੂਨ ਦੀ 12 ਤਾਰੀਕ ਨੂੰ ਇਹ ਸਾਫ਼ ਹੋ ਗਿਆ ਕਿ ਮਨੁੱਖ ਅਮਰਤਾ ਦੇ ਇਸ ਨਵੇਂ ਰਸਤੇ ਉੱਤੇ ਚੱਲੇਗਾ। ਨਿਊਰੋ ਸਰਜਨ-ਨਸ ਵਿਗਿਆਨੀ ਸੇਰਜੀਓ ਕਨਾਬੇਰੋ ਨੇ ਉਸੇ ਦਿਨ ਅਮਰੀਕਾ ਦੇ ਮੈਰੀਲੈਂਡ ਦੇ ਏਨਾਪੋਲਿਸ ਵਿੱਚ ਹੋਣ ਵਾਲੀ ਇੱਕ ਮੀਟਿੰਗ ਵਿੱਚ ਆਪਣੀ ਉਸ ਯੋਜਨਾ ਦਾ ਬਿਊਰਾ ਰੱਖਿਆ ਜਿਸ ਦੇ ਤਹਿਤ ਉਹ ਚੀਰ-ਫਾੜ ਕਰਨ ਵਾਲੇ ਮਾਹਿਰਾਂ ਦੇ ਇੱਕ ਦਲ ਦੇ ਨਾਲ ਇੱਕ ਬੰਦੇ ਦਾ ਸਿਰ ਦੂਜੇ ਬੰਦੇ ਦੇ ਤੰਦਰੁਸਤ ਸਰੀਰ ਉੱਤੇ ਬਦਲੀ ਕਰਨਗੇ। ਚੀਰ-ਫਾੜ ਡਾਕਟਰਾਂ ਦੇ ਸੰਗਠਨ ਅਕੈਡਮੀ ਆਫ਼ ਨਿਊਰੋਲੌਜਿਕਲ ਐਂਡ ਓਰਥੋਪੇਡਿਕ ਸਰਜਨਸ ਦੀ ਇਸ ਸਾਲਾਨਾ ਬੈਠਕ ਵਿੱਚ ਉਹਨਾਂ ਨੇ ਮਾਹਿਰਾਂ ਦੇ ਹਰ ਸਵਾਲ ਦਾ ਜਵਾਬ ਦਿੱਤਾ ਜੋ ਇਸ ਬਹਿਸ਼ਵਾਲਾ ਪ੍ਰੰਤੂ ਮਹੱਤਵਪੂਰਨ ਸਭ ਤੋਂ ਵੱਡੇ ਅਪਰੇਸ਼ਨ ਨਾਲ ਜੁੜੇ ਸਨ। ਸਹਿਮਤੀ ਇਸ ਉੱਤੇ ਬਣੀ ਕਿ ਅਗਲੇ ਸਾਲ ਇਸ ਅਪਰੇਸ਼ਨ ਨੂੰ ਅੰਜ਼ਾਮ ਦੇਣ ਤੋਂ ਪਹਿਲਾਂ ਬਾਕੀ ਤਿਆਰੀਆਂ ਕਰ ਲਈਆਂ ਜਾਣ। 2 ਸਾਲ ਪਹਿਲਾਂ ਤੋਂ ਹੀ ਇਸ ਪ੍ਰਯੋਗ ਦੇ ਲਈ ਆਪਣਾ ਸਿਰ ਸਮਰਪਿਤ ਕਰਨ ਵਾਲੇ ਵਲੇਰੀ ਸਿਪਰੀਦੋਨਫ਼ ਦਾ ਸਿਰ ਉਹ ਇੱਕ ਦੂਜੇ ਬੰਦੇ ਦੇ ਧੜ ਉੱਤੇ ਲਗਾ ਦੇਣਗੇ।

ਬੱਸ ਇਸ ਸਾਲ : ਸਾਲ ਭਰ ਦੀ ਉਡੀਕ ਅਤੇ ਇਸ ਅਪਰੇਸ਼ਨ ਦੀ ਉਲਟੀ ਗਿਣਤੀ ਸ਼ੁਰੂ। ਫੇਰ ਸਭ ਕੁੱਝ ਠੀਕ ਰਿਹਾ ਤਾਂ ਇਸੇ ਰਸਤੇ ਉੱਤੇ ਚੱਲ ਕੇ ਜਿਹੜੇ ਵੀ ਲੋਕ ਆਪਣੇ ਸਰੀਰ ਤੋਂ ਦੁਖੀ ਮਹਿਸੂਸ ਕਰ ਰਹੇ ਹੋਣਗੇ ਨਵੇਂ ਸਰੀਰ ਅਪਣਾ ਕੇ ਕਾਇਆਕਲਪ ਕਰ ਸਕਣਗੇ। ਕਨਾਵੇਰੋ ਪ੍ਰਸਿੱਧੀ ਪ੍ਰਾਪਤ ਨਿਊਰੋ ਸਰਜਨ ਹੋਣ ਦੇ ਨਾਲ-ਨਾਲ ਤਯੂਰਿਨ ਐਡਵਾਂਸ ਨਿਊਰੋਮੋਡਯੂਲੇਸ਼ਨ ਗਰੁੱਪ ਵਰਗੇ

**ਮੂਲ ਲੇਖਕ-ਡਾ. ਭਾਰਤ ਭੂਸ਼ਣ**
**ਅਨੁਵਾਦਕ ਪਵਨ ਕੁਮਾਰ ਰੱਤੋਂ**

ਅਗਰਣੀ ਥਿੰਕਟੈਂਕ ਦੇ ਮੁਖੀ ਵੀ ਹਨ ਅਜਿਹੇ ਵਿੱਚ ਉਹਨਾਂ ਦੇ ਦਾਅਵੇ ਅਤੇ ਵਾਅਦਿਆਂ ਨੂੰ ਹਲਕੇ ਵਿੱਚ ਨਹੀਂ ਲਿਆ ਜਾ ਸਕਦਾ। ਉਹਨਾਂ ਦੇ ਦਾਅਵੇ ਦੇ ਮਜ਼ਬੂਤ ਵਿਗਿਆਨਕ ਆਧਾਰ ਹਨ। ਕਨਾਵੇਰੋ ਦਿਮਾਗੀ ਰੂਪ ਤੋਂ ਮ੍ਰਿਤਕ ਐਲਾਨੇ ਬੰਦੇ ਦਾ ਸਿਰ ਉਸ ਬੰਦੇ ਉੱਤੇ ਕਾਇਮ ਕਰਨਗੇ ਜਿਸ ਦਾ ਸਰੀਰ ਖਾਤਮੇ ਨੂੰ ਪ੍ਰਾਪਤ ਹੈ। ਤੰਦਰੁਸਤ ਸਰੀਰ ਦਾ ਮੇਲ ਤੰਦਰੁਸਤ ਦਿਮਾਗ ਨਾਲ ਹੋਵੇਗਾ ਅਤੇ ਸਾਲ ਭਰ ਵਿੱਚ ਦੋਵੇਂ ਮਿਲ ਕੇ ਸਕ੍ਰਿਆ ਹੋ ਜਾਣਗੇ। ਇੱਕ ਵਾਰ ਇਹ ਮੌਡਯੂਲ ਵਿਵਹਾਰਿਕ ਤੌਰ ਉੱਤੇ ਪਰਖ ਲਿਆ ਜਾਵੇ ਤਾਂ ਫਿਰ ਇਸ ਸਿਰ ਬਦਲੀ ਪ੍ਰਕਿਆ ਵਿੱਚ ਇੱਕ ਘੰਟੇ ਤੋਂ ਵੀ ਘੱਟ ਸਮਾਂ ਲੱਗੇਗਾ। ਕਨਾਵੇਰੋ ਆਪਣੇ ਇਸੇ ਅਪਰੇਸ਼ਨ ਦਾ ਪੂਰਾ ਬਿਉਰਾ ਸੰਬੰਧਿਤ ਮਾਹਿਰ ਚੀਰਫਾੜ ਮਾਹਿਰਾਂ ਦੇ ਸਾਹਮਣੇ ਰੱਖਣਗੇ। ਉਹਨਾਂ ਨੇ ਆਪਣੇ ਇਸ ਨਿਊਰੋ ਮੌਡਯੂਲ (ਅੰਦਰਲਾ ਭਾਗ) ਦਾ ਨਾਂ ਦਿੱਤਾ ਹੈ ਹੇਵੇਨ ਜੇਮਿਨੀ।

ਸਿਰ ਭੇਂਟ : ਕਨਾਵੇਰੋ ਦੇ ਪ੍ਰਯੋਗ ਨੂੰ ਆਪਣਾ ਸਿਰ ਸਮਰਪਿਤ ਕਰਨ ਵਾਲਾ ਮਿਲ ਗਿਆ ਹੈ। ਬਚਪਨ ਤੋਂ ਹੁਣ ਤੱਕ ਪਹੀਆ ਕੁਰਸੀ ਉੱਤੇ ਸਮਾਂ ਗੁਜ਼ਾਰ ਰਹੇ 30 ਸਾਲਾਂ ਦਾ ਰੂਸੀ ਵਲੇਰੀ ਸਿਪਰੀਦੋਨਫ਼ ਦਾ ਜੀਵਨ ਮੌਤ ਤੋਂ ਵੀ ਭੈੜਾ ਹੈ। ਉਹ ਸਰੀਰ ਦੀਆਂ ਮਾਸਪੇਸ਼ੀਆਂ ਦੇ ਲਗਾਤਾਰ ਬੇਕਾਰ ਹੁੰਦੀ ਜਾਣ ਵਾਲੀ ਦੁਰਲੱਭ ਪੀੜ੍ਹੀ-ਦਰ-ਪੀੜ੍ਹੀ ਚੱਲਣ ਵਾਲੀ ਬਿਮਾਰੀ ਵਰਡਲਿੰਗ ਹੌਗਮੈਨ ਨਾਲ ਗ੍ਰਸਤ ਹਨ। ਉਹਨਾਂ ਨੇ ਕਨਾਵੇਰੋ ਦੀ ਇਹ ਬੇਨਤੀ ਮੰਨ ਲਈ ਹੈ ਕਿ ਉਹਨਾਂ ਦਾ ਸਿਰ ਉਤਾਰ ਕੇ ਕਿਸੀ ਦੂਸਰੇ ਦੇ ਸਰੀਰ ਵਿੱਚ ਲਗਾ ਕੇ ਇਸ ਖਤਮ ਹੁੰਦੇ ਸਰੀਰ ਨੂੰ ਬਦਲ ਦਿੱਤਾ ਜਾਵੇਗਾ। ਉਹ ਦੁਨੀਆਂ ਦੇ ਪਹਿਲੇ ਵਿਅਕਤੀ ਅਖਵਾਉਣਗੇ ਜਿਹਨਾਂ ਦੇ ਸਿਰ ਦੀ ਬਦਲੀ ਕੀਤੀ ਜਾਵੇਗੀ।

ਇਹ ਸਭ ਕੁੱਝ ਕਿਵੇਂ ਹੋਵੇਗਾ : ਸਿਰ ਦੀ ਬਦਲੀ ਦੇ ਲਈ ਹੱਡੀ ਦਿਮਾਗ ਦਵਾਈ ਅਤੇ ਸਾਰੇ ਖੇਤਰਾਂ ਦਾ 100 ਮਾਹਿਰ ਡਾਕਟਰ ਕੁੱਲ 36 ਘੰਟੇ ਚੱਲਣ ਵਾਲਾ ਅਪਰੇਸ਼ਨ ਕਰਨਗੇ ਅਤੇ ਖਰਚ 15 ਤੋਂ 20 ਮਿਲੀਅਨ ਅਮਰੀਕੀ ਡਾਲਰ ਆਵੇਗਾ। ਬਿਮਾਰ ਸਰੀਰ ਉੱਤੇ ਤੰਦਰੁਸਤ ਕਾਰਜ਼ਸ਼ੀਲ ਸਿਰ ਅਤੇ ਉਸ ਨੂੰ ਨਿਸ਼ਕਿਰਿਆ ਦਿਮਾਗ ਵਾਲਾ ਸਰੀਰ ਦੋਹਾਂ ਤੋਂ ਇੱਕ ਹੀ ਸਮੇਂ ਅਤੇ ਬੇਹੱਦ ਤੇਜ਼ ਧਾਰ ਵਾਲੇ ਅਲਟਰਾ ਤੇਜ਼ ਬਲੇਡ ਨਾਲ ਪਹਿਲਾਂ ਤੋਂ ਤੈਅ ਥਾਂ ਤੋਂ ਬੜੀ ਸਫ਼ਾਈ ਨਾਲ ਅਲੱਗ ਕੀਤਾ ਜਾਵੇਗਾ। ਧੜ ਅਤੇ ਸਿਰ ਨੂੰ 0 ਤੋਂ 10-15 ਡਿਗਰੀ ਹੇਠਾਂ ਦੇ ਤਾਪਮਾਨ ਵਿੱਚ ਰੱਖਿਆ ਜਾਵੇਗਾ ਤਾਂਕਿ ਦੇਰ ਤੱਕ ਆਕਸੀਜਨ ਨਾ ਮਿਲਣ ਦੇ ਬਾਵਜੂਦ ਕੋਸ਼ਿਕਾਵਾਂ ਨਾ ਮਰਨ। ਠੰਡੇ ਸਰੀਰ ਉੱਤੇ ਠੰਡਾ ਸਿਰ ਸੈਂਕੜਿਆਂ ਦੇ ਅੰਦਰ ਸਾਵਧਾਨੀ ਨਾਲ ਫਿੱਟ ਕੀਤਾ ਜਾਵੇਗਾ।

ਕਲਪਨਾ ਕਰ ਲਉ ਕਿ ਬੇਹੱਦ ਤੇਜ਼ ਚਾਕੂ ਨਾਲ ਤੇਜ਼ੀ ਨਾਲ ਕੱਟੇ ਕੇਲੇ ਦੇ 2 ਟੁਕੜੇ। ਇਸ ਦੇ ਪਹਿਲਾਂ ਖ਼ੂਨ ਦੀਆਂ ਨਲੀਆਂ ਤੋਂ ਉਹ ਬਨਾਵਟੀ ਨਲੀਆਂ ਜੋੜੀਆਂ ਜਾ ਚੁੱਕੀਆਂ ਹੋਣਗੀਆਂ ਜਿੰਨ੍ਹਾਂ ਨੇ ਇੱਕ ਦੂਜੇ ਨਾਲ ਜੁੜਨਾ ਹੈ। ਖਾਸ ਤੌਰ ਤੇ ਖਾਣੇ ਨੂੰ ਅੰਦਰ ਲੈ ਜਾਣ ਵਾਲੀ ਗ੍ਰਸਨੀ ਅਤੇ ਫੇਫੜਿਆਂ ਨਾਲ ਜੁੜਨ ਵਾਲੀ ਟਰੈਕੀਆ ਜਿਸ ਨਾਲ ਆਵਾਜ਼ ਪ੍ਰਭਾਵਿਤ ਹੁੰਦੀ ਹੈ ਅਤੇ ਕੁੱਝ ਹੋਰ ਨਲੀਆਂ ਨਸ ਨਾੜੀਆਂ। ਇਸ ਦੇ ਨਾਲ ਹੀ ਗਲੇ ਦੇ ਆਲੇ-ਦੁਆਲੇ ਦੀਆਂ ਮਾਸਪੇਸ਼ੀਆਂ ਨੂੰ ਵੀ ਇਸ ਕਾਬਲ ਬਣਾ ਲਿਆ ਜਾਵੇਗਾ ਕਿ ਸਿਰ ਰੱਖਣ ਦੇ ਇੱਕਦਮ ਬਾਅਦ ਉਹਨਾਂ ਨੂੰ ਚਿਪਕਾਇਆ ਜਾ ਸਕੇ। ਸਿਰ ਨੂੰ ਧੜ ਨਾਲ

ਸਫ਼ਲਤਾਪੂਰਵਕ ਚਿਪਕਾਉਣ ਅਤੇ ਰੀੜ੍ਹ ਦੀ ਹੱਡੀ ਦੇ ਆਖਰੀ ਸਿਰੇ ਨਾਲ ਜੋੜਨ ਦੇ ਬਾਅਦ ਪੋਲੀਏਥੀਲੀਨ ਗਲਾਯੀਕੌਲ ਨਾਲ ਉਹਨਾਂ ਨੂੰ ਲਗਾਤਾਰ ਤਰ ਰੱਖਿਆ ਜਾਵੇਗਾ ਅਤੇ ਘੰਟੇ ਭਰ ਦੇ ਬਾਅਦ ਤੋਂ ਇਸੇ ਦੇ ਇੰਜੈਕਸ਼ਨ (ਟੀਕੇ) ਵੀ ਲਗਾਤਾਰ ਲਗਾਏ ਜਾਂਦੇ ਰਹਿਣਗੇ। ਅਸਲ ਵਿੱਚ ਗਲਾਯੀਕੌਲ ਏਥੀਲੀਨ ਫੈਟ ਸੈੱਲ ਜਾਂ ਕੋਸ਼ਿਕਾ (ਸਰੀਰ ਰਚਨਾ ਦੇ ਲਈ ਜ਼ਰੂਰੀ ਜੀਵ ਦ੍ਰਵ ਦੀ ਸਭ ਤੋਂ ਛੋਟੀ ਇਕਾਈ) ਦੀ ਬਾਹਰੀ ਝਿੱਲੀ ਜਾਂ ਕੇਂਬੇਰਨ ਨੂੰ ਗਲਾ ਕੇ ਨਵੀਆਂ ਕੋਸ਼ਿਕਾਵਾਂ ਬਣਾਉਣ ਵਿੱਚ ਵੀ ਮੱਦਦ ਕਰਦੀ ਹੈ।

ਇਸ ਸਾਰੀ ਪ੍ਰਕ੍ਰਿਆ ਵਿੱਚ 2 ਸਭ ਤੋਂ ਮਹੱਤਵਪੂਰਨ ਗੱਲਾਂ ਹਨ। ਪਹਿਲੀ ਧੜ ਅਤੇ ਸਿਰ ਦੋਹਾਂ ਦੀ ਰੀੜ੍ਹ ਦੀ ਹੱਡੀ ਅਤੇ ਉਸ ਦੇ ਅੰਦਰ ਦੀਆਂ ਨਸਾਂ ਦਾ ਆਪਸ ਵਿੱਚ ਜੁੜਨਾ। ਦੂਜੀ ਸਰੀਰ ਦੇ ਇਮਯੂਨ ਸਿਸਟਮ (ਪ੍ਰਤੀਰੋਧਕ ਸ਼ਕਤੀ) ਦਾ ਨਵੇਂ ਸਿਰ ਨੂੰ ਪ੍ਰਵਾਨ ਕਰਨਾ। ਮਾਸਪੇਸ਼ੀਆਂ ਜਲਦੀ ਜੁੜ ਜਾਂਦੀਆਂ ਹਨ ਚਮੜੀ ਹੱਡੀਆਂ ਅਤੇ ਨਾੜੀਆਂ ਵੀ ਸਮੇਂ ਉੱਤੇ ਜੁੜ ਜਾਂਦੀਆਂ ਹਨ ਪ੍ਰੰਤੂ ਤੰਤਰਕਾਤੰਤਰ ਵਾਲੀਆਂ ਨਸਾਂ ਆਪਣੀ ਹੌਲੀ ਰਫ਼ਤਾਰ ਜਾਂ ਲੱਗਭਗ ਬਿਲਕੁੱਲ ਨਾ ਵਧਣ ਦੇ ਲਈ ਮਸ਼ਹੂਰ ਹਨ। ਜੇਕਰ  ਏਕਸੌਨ ਅਤੇ ਭੂਰੀ ਪਰਤ ਦੇ ਹੇਠਾਂ ਉਸ ਦੇ ਸਫ਼ੈਦ ਤੰਤੂ ਕਟ ਫਟ ਗਏ ਹਨ ਤਾਂ ਕੰਮ ਅਸੰਭਵ ਦੀ ਹੱਦ ਤੱਕ ਮੁਸ਼ਕਿਲ ਹੈ। ਅਜਿਹੀ ਹਾਲਤ ਵਿੱਚ ਗਲਾਯੀਕੌਲ ਦਾ ਘੋਲ ਜਾਂ ਘੰਟਿਆਂ ਵਿੱਚ ਦਿੱਤਾ ਜਾਣ ਵਾਲਾ ਇੰਜੈਕਸ਼ਨ ਇਸ ਵਿੱਚ ਮੱਦਦ ਕਰੇਗਾ। ਜੇਕਰ ਇਹ ਤਰਕੀਬ ਕਾਮਯਾਬ ਘੱਟ ਹੁੰਦੀ ਦਿਸੀ ਤਾਂ ਕਨਾਵੇਰੋ ਦੇ ਕੋਲ ਇੱਕ ਦੂਜਾ ਰਾਮਬਾਣ ਰਸਤਾ ਵੀ ਹੈ। ਇਸ ਦੇ ਤਹਿਤ ਉਹ ਜਾਂ ਤਾਂ ਮਰੀਜ਼ ਦੀ ਰੀੜ੍ਹ ਦੀ ਹੱਡੀ ਦੇ ਅੰਦਰ ਸਟੇਮ ਸੈੱਲ ਪਹੁੰਚਾਉਣਗੇ ਜਾਂ ਦਿਮਾਗ ਅਤੇ ਨੱਕ ਦੇ ਵਿੱਚ ਪਾਈ ਜਾਣ ਵਾਲੀ ਝਿੱਲੀ ਦੀ ਕੋਸ਼ਿਕਾ ਯਾਨੀ ਓਲੀ ਫੈਕਟਰੀ ਇੰਸੀਥਿੰਗ ਸੈੱਲ ਦੀ ਵਰਤੋਂ ਕਰਾਂਗੇ ਆਪਣੇ ਆਪ ਵਧਣ ਵਾਲੀਆਂ ਇਹ ਕੋਸ਼ਿਕਾਵਾਂ ਰੀੜ੍ਹ ਦੀ ਹੱਡੀ ਦੀਆਂ ਤੰਤਰੀਕਾਵਾਂ ਨੂੰ ਵਧਣ ਅਤੇ ਜੁੜਨ ਦੇ ਲਈ ਪ੍ਰੇਰਿਤ ਕਰਨਗੀਆਂ। ਇਹਨਾਂ ਦੇ ਇਲਾਵਾ ਜੋੜਨ ਦੇ ਲਈ ਵੀ ਕਨਾਵੇਰੋ ਦੇ ਕੋਲ ਇੱਕ ਦੂਜੀ ਤਰ੍ਹਾਂ ਦੀ ਝਿੱਲੀ ਦਾ ਜੁਗਾੜ ਹੈ ਜਿਹੜੀ ਸਰੀਰ ਦੇ  ਅੰਦਰ ਹੀ ਪਾਈ ਜਾਂਦੀ ਹੈ।

ਕਈ ਵਾਰ ਇੱਕ ਸਰੀਰ ਦਾ ਇਮਯੂਨ ਸਿਸਟਮ ਜਾਂ ਪ੍ਰਤੀਰੱਖਿਆ ਪ੍ਰਣਾਲੀ ਦੂਜੇ ਸਰੀਰ ਦੇ ਅੰਗਾਂ ਨੂੰ ਅਪਨਾਉਣ ਤੋਂ ਨਕਾਰ ਦਿੰਦਾ ਹੈ। ਕਨਾਵੇਰੋ ਨੂੰ ਇਸ ਦੀ ਫਿਕਰ ਨਹੀਂ ਕਿਉਂਕਿ ਹੁਣ ਅਜਿਹੀਆਂ ਦਵਾਈਆਂ ਰਸਾਇਣ ਅਤੇ ਢੰਗ ਵਿਕਸਿਤ ਕੀਤੇ ਜਾ ਚੁੱਕੇ ਹਨ ਕਿ ਅਜਿਹੀ ਹਾਲਤ ਵਿੱਚ ਸਫ਼ਲਤਾਪੂਰਵਕ ਨਿਪਟਿਆ ਜਾਵੇ। ਗਲੇ ਦੀਆਂ ਮਾਸਪੇਸ਼ੀਆਂ ਅਤੇ ਖੂਨ ਦੀਆਂ ਨਾੜਾਂ ਨੂੰ ਨਾਲ ਮਿਲ ਕੇ ਕੁੱਝ ਹੀ ਮਿੰਟਾਂ ਵਿੱਚ ਜੋੜਨ ਦੇ ਬਾਅਦ ਸਭ ਕੁੱਝ ਠੀਕ ਰਿਹਾ ਤਾਂ 15 ਮਿੰਟ ਬਾਅਦ ਖੂਨ ਦੀਆਂ ਨਾੜਾਂ ਫਿਰ ਤੋਂ ਸਿਰ ਨੂੰ ਖੂਨ ਦੀ ਪੂਰਤੀ ਸ਼ੁਰੂ ਕਰ ਦੇਣਗੀਆਂ। ਅਗਲੇ 36 ਘੰਟਿਆਂ ਤੱਕ ਇਸ ਅਪਰੇਸ਼ਨ ਨਾਲ ਸਬੰਧਤ ਹੋਰ ਕੰਮ ਨਿਪਟਾਏ ਜਾਣਗੇ ਜਿਵੇਂ ਉਹਨਾਂ ਇਲੈਕਟਰੋਡੋਂ ਦੀ ਕਾਇਮੀ ਜੋ ਬਿਜਲੀ ਦੇ ਹਲਕੇ ਝਟਕੇ ਦੇ ਕੇ ਖੂਨ ਸੰਚਾਰ ਜਾਰੀ ਰੱਖਣਗੇ ਅਤੇ ਤੰਤਰਕਾਤੰਤਰ ਅਤੇ ਮਾਸਪੇਸ਼ੀਆਂ ਦੀ ਵੜਤ-ਵਾਧੇ ਨੂੰ ਉਕਸਾਂਦੇ ਰਹਿਣਗੇ।

ਅਪਰੇਸ਼ਨ ਦੇ ਬਾਅਦ ਖੂਨ ਸਪਲਾਈ ਸ਼ੁਰੂ ਹੋਣ ਦੇ ਸਮੇਂ ਤੋਂ ਮਰੀਜ਼ ਘੱਟੋ-ਘੱਟ 4 ਹਫ਼ਤਿਆਂ ਲਈ ਕੋਮਾ ਵਿੱਚ ਚਲਾ ਜਾਵੇਗਾ। ਕਈ ਸਰੀਰਕ ਤਬਦੀਲੀਆਂ ਅਤੇ ਦੂਜੀਆਂ ਲੋੜਾਂ ਦੇ ਲਈ ਮਰੀਜ਼ ਦਾ ਕੋਮਾ ਵਿੱਚ ਜਾਣਾ ਵੀ ਜ਼ਰੂਰੀ ਹੀ ਹੈ। ਜਦ ਉਸ ਨੂੰ ਹੋਸ਼ ਆਵੇਗਾ ਤਾਂ ਉਹ ਆਪਣੇ ਸਿਰ ਦੇ ਹੇਠਾਂ ਇੱਕ ਤੰਦਰੁਸਤ ਪ੍ਰੰਤੂ ਅਣਜਾਣ (ਓਪਰੇ) ਸਰੀਰ ਨੂੰ ਦੇਖੇਗਾ। ਦਿਮਾਗ ਦੇ ਲਈ ਇਸ ਅਜ਼ਨਬੀ (ਅਣਜਾਣ) ਸਰੀਰ ਨਾਲ ਤਾਲਮੇਲ ਬਿਠਾਉਣ ਦੇ ਲਈ ਫਿਜਿਓਥਰੈਪੀ ਦੇ ਤਹਿਤ ਬਹੁਤ ਸਾਰੀਆਂ ਸਰੀਰ ਅਭਿਆਸ ਕਸਰਤਾਂ ਕਰਨੀਆਂ ਹੋਣਗੀਆਂ ਜਿਸ ਤੋਂ ਸਾਲ ਦੇ ਅੰਦਰ ਹੀ ਇਹ ਨਵੇਂ ਸਿਰ ਵਾਲਾ ਸਰੀਰ ਚੱਲਣ-ਫਿਰਨ ਬੋਲਣ ਗੱਲਾਂ ਕਰਨ ਅਤੇ ਉਸ ਦੇ ਬਾਅਦ ਦੂਜੇ ਕੰਮਕਾਜ ਦੇ ਯੋਗ ਹੋ ਜਾਵੇਗਾ।

ਪਹਿਲਾਂ ਦੀਆਂ ਕੋਸ਼ਿਸ਼ਾਂ

ਸਾਲ 1908 : ਗੁਦਰੇ ਨਾਂ ਦੇ ਵਿਗਿਆਨਕ ਨੇ ਵੱਡੇ ਕੁੱਤੇ ਦੀ ਗਰਦਨ ਉੱਤੇ ਛੋਟੇ ਕੁੱਤੇ ਦਾ ਸਿਰ ਬਦਲ ਕੇ ਲਗਾਇਆ। ਇਸ ਅਜੀਬ ਪ੍ਰਾਣੀ ਦਾ ਚਿੱਤਰ ਅਤੇ ਬਣਾਏ ਜਾਣ ਦੀ ਪ੍ਰਕ੍ਰਿਆ ਦਾ ਵਰਨਣ ਕਿਤਾਬ ਵਿੱਚ ਮੌਜੂਦ ਹੈ। ਖੂਨ ਦੀਆਂ ਨਾੜਾਂ ਨੇ 20 ਮਿੰਟ ਦੇ ਅੰਦਰ ਹੀ ਉਸ ਦੇ ਦਿਮਾਗ ਤੱਕ ਖੂਨ ਪਹੁੰਚਾ ਦਿੱਤਾ ਅਤੇ ਨਵੇਂ ਲੱਗੇ ਸਿਰ ਨੇ ਬਾਕਾਇਦਾ ਹਰਕਤ ਕੀਤੀ। ਅੱਖ ਦੀਆਂ ਪੁਤਲੀਆਂ ਵਿੱਚ ਹਰਕਤ ਦੇਖੀ ਗਈ ਜੀਭ ਵੀ ਅੰਦਰ ਬਾਹਰ ਨਿਕਲੀ।

ਸਾਲ 1950 : ਰੂਸੀ ਇਲਾਜ ਵਿਗਿਆਨਕ ਦੇਮੀਖੋਵ ਨੇ ਡੇਢ ਦਹਾਕੇ ਵਿੱਚ ਲੱਗਭਗ 2 ਦਰਜਨ ਕੁੱਤੀ ਦੇ ਬੱਚਿਆਂ ਦੇ ਸਿਰਾਂ ਦੀ ਅਦਲਾ-ਬਦਲੀ ਕਰ ਕੇ ਸਿਰ ਕੱਟੇ ਜਾਣ ਅਤੇ ਬਦਲੀ ਦੇ ਸਮੇਂ ਨੂੰ ਘੱਟ ਕਰਨ ਬਿਨਾਂ ਆਕਸੀਜਨ ਦੇ ਇਸਨੂੰ ਦੇਰ ਤੱਕ ਰੱਖਣ ਅਤੇ ਅਪਰੇਸ਼ਨ ਛੇਤੀ ਨਿਪਟਾਉਣ ਵਿੱਚ ਸਫ਼ਲਤਾ ਪ੍ਰਾਪਤ ਕੀਤੀ। ਨਸਾਂ ਨੂੰ ਸਿਲਾਈ ਦੇ ਲਈ ਖਾਸ ਮਸ਼ੀਨ ਦੀ ਵਰਤੋਂ ਕੀਤੀ ਗਈ। ਅਦਲਾ-ਬਦਲੀ ਦੇ ਬਾਅਦ ਜ਼ਿਆਦਾਤਰ ਕੁੱਤੇ 2 ਤੋਂ 6 ਦਿਨ ਤੱਕ ਜਿਉਂਦੇ ਰਹੇ। ਇੱਕ ਮਾਮਲੇ ਵਿੱਚ ਤਾਂ ਇਹ ਅੰਕੜਾ 29 ਦਿਨ ਤੱਕ ਪੁੱਜ ਗਿਆ ਸੀ।

1954 ਵਿੱਚ ਇਸ ਤਰ੍ਹਾਂ ਦੇ ਕੀਤੇ ਗਏ ਇੱਕ ਅਪਰੇਸ਼ਨ ਦੇ ਬਾਅਦ ਪ੍ਰਾਣੀ ਨੇ ਦੁੱਧ ਪੀਣ ਤੱਕ ਸਫ਼ਲਤਾ ਪ੍ਰਾਪਤ ਕੀਤੀ। ਇਸੇ ਦੌਰਾਨ 1959 ਵਿੱਚ ਚੀਨ ਨੇ ਐਲਾਨ ਕੀਤਾ ਕਿ ਉਸਦੇ ਵਿਗਿਆਨਕਾਂ ਨੇ 2 ਕੁੱਤਿਆਂ ਦੇ ਸਿਰ ਬਦਲੀ ਵਿੱਚ ਕਾਮਯਾਬੀ ਪ੍ਰਾਪਤ ਕਰ ਲਈ ਹੈ।

ਸਾਲ 1970 : ਅਮਰੀਕੀ ਨਿਊਰੋ ਸਰਜਨ ਰੌਬਰਟ ਜੇ. ਵਾਈਟ ਨੇ ਇੱਕ ਬਾਂਦਰ ਦਾ ਸਿਰ ਦੂਜੇ ਬਾਂਦਰ ਦੇ ਧੜ ਉੱਤੇ ਲਗਾ ਕੇ ਦਿਖਾਇਆ। ਵਾਈਟ ਦੀ ਟੀਮ ਨੇ ਦਾਅਵਾ ਕੀਤਾ ਕਿ ਬਾਂਦਰ ਦਾ ਅਦਲੀ-ਬਦਲੀ ਵਾਲਾ ਸਿਰ ਸੁੰਘ ਸਕਦਾ ਹੈ ਸਵਾਦ ਲੈ ਸਕਦਾ ਹੈ ਆਪਣੇ ਆਸਪਾਸ ਦੇ ਵਾਤਾਵਰਣ ਨੂੰ ਦੇਖ ਸੁਣ ਮਹਿਸੂਸ ਕਰ ਸਕਦਾ ਹੈ। ਦਿਮਾਗ ਤੱਕ ਖੂਨ ਦਾ ਦੌਰਾ ਬਣਾਉਣ ਵਿੱਚ ਉਹਨਾਂ ਨੇ ਸਫ਼ਲਤਾ ਪ੍ਰਾਪਤ ਕੀਤੀ ਸੀ। ਪਰ ਬਾਂਦਰ ਅਪਰੇਸ਼ਨ ਦੇ ਬਾਅਦ ਕੁੱਝ ਦੇਰ ਹੀ ਜੀਵਿਤ ਰਿਹਾ। ਵਾਈਟ ਦੇ ਸਾਥੀਆਂ ਨੇ ਇਸ ਸਫ਼ਲਤਾ ਨੂੰ ਫੇਰ ਇੱਕ ਦੂਜੇ ਬਾਂਦਰ ਦੇ ਨਾਲ ਦੁਹਾਰਾਇਆ ਪਰ ਸਭ ਕੁੱਝ ਹੋਣ ਦੇ ਬਾਵਜੂਦ ਪਹਿਲਾਂ ਵਾਗ ਬਾਂਦਰ ਦਾ ਹੇਠਲਾ ਹਿੱਸਾ ਅਧਰੰਗ (ਲਕਵਾਗ੍ਰਸਤ) ਜਾਂ ਅਸੰਵੇਦਨਸ਼ੀਲ ਹੀ ਬਣਿਆਂ ਰਿਹਾ। ਰੀੜ੍ਹ ਦਾ ਤੰਤਰਕਾਤੰਤਰ ਵਿਕਸਤ ਨਹੀਂ ਹੋਇਆ ਅਤੇ ਸਰੀਰ ਦੇ ਇਮਯੂਨ ਸਿਸਟਮ ਨੇ ਸਿਰ ਨੂੰ ਪ੍ਰਵਾਨ ਨਹੀਂ ਕੀਤਾ ਅਤੇ ਬਾਂਦਰ ਮਰ ਗਿਆ।

ਸਾਲ 2002 : ਇਸ ਮਾਮਲੇ ਵਿੱਚ ਰੂਸ ਅਤੇ ਅਮਰੀਕਾ ਦੇ ਬਰਾਬਰ ਚੀਨ ਨੇ 2002 ਵਿੱਚ ਦਾਅਵਾ ਕੀਤਾ ਕਿ ਉਸ ਨੇ ਚੂਹੇ ਦੇ ਨਾਲ ਇਹ ਸਫ਼ਲਤਾ ਪ੍ਰਾਪਤ ਕੀਤੀ ਹੈ। ਠੀਕ ਅਜਿਹਾ ਹੀ ਦਾਅਵਾ ਜਪਾਨੀ ਵਿਗਿਆਨਕਾਂ ਨੇ ਵੀ ਕੀਤਾ। ਪੂਰੇ ਦਹਾਕੇ ਬਾਅਦ ਚੀਨ ਅਤੇ ਜਪਾਨ ਦੇ ਵਿਗਿਆਨਕਾਂ ਨੇ ਸਿਰ ਅਦਲਾ-ਬਦਲੀ ਦੇ ਮਾਮਲੇ ਵਿੱਚ ਆਪਣੇ ਤਜ਼ਰਬੇ ਸਾਂਝੇ ਕੀਤੇ।

ਸਾਲ 2013 : ਇਤਾਲਵੀ ਨਿਊਰੋ ਸਰਜਨ ਨੇ ਦਾਅਵਾ ਕੀਤਾ ਕਿ ਉਸਦੇ ਕੋਲ ਡਾਕਟਰ ਰੌਬਰਟ ਵਾਇਟ ਨਾਲੋਂ ਅਲੱਗ ਅਤੇ ਵਿਸ਼ੇਸ਼ ਤਕਨੀਕ ਅਤੇ ਯੋਜਨਾ ਹੈ। ਜਿਸ ਦੇ ਤਹਿਤ ਉਹ ਸਿਰ ਦੀ ਬਦਲੀ ਸਫਲਤਾਪੂਰਵਕ ਕਰ ਸਕਦੇ ਹਨ। 2015 ਵਿੱਚ ਉਹਨਾਂ ਨੂੰ ਸਿਰ ਦੇਣ ਵਾਲਾ ਵੀ ਮਿਲ ਗਿਆ ਹੈ। ਹੁਣ ਉਹ 2017 ਤੱਕ ਸਿਰ ਬਦਲੀ ਦੇ ਸਫ਼ਲ ਨਤੀਜੇ ਸਭ ਨੂੰ ਦਿਖਾਉਣ ਲਈ ਬਚਨਵੱਧ ਹਨ।

ਜਨਵਰੀ 2016 : ਡਾਕਟਰ ਕਨਾਵੇਰੋ ਨੇ ਦਾਅਵਾ ਕੀਤਾ ਕਿ ਉਹਨਾਂ ਦੀ ਟੀਮ ਦੇ ਇੱਕ ਚੀਰਫਾੜ ਮਾਹਿਰ ਨੇ ਬਾਂਦਰ ਦਾ ਸਿਰ ਜੋੜਨ ਦਾ ਕੰਮ ਸਫਲਤਾਪੂਰਵਕ ਕੀਤਾ। ਉਹਨਾਂ ਨੇ ਇੱਕ ਪ੍ਰੈਸ ਕਾਨਫਰੰਸ ਕਰ ਕੇ ਨਾ ਸਿਰਫ਼ ਅਪਰੇਸ਼ਨ ਦੇ ਬਾਅਦ ਉਸ ਬਾਂਦਰ ਦਾ ਚਿੱਤਰ ਦਿਖਾਇਆ ਸਗੋਂ ਚੀਰ-ਫਾੜ ਪ੍ਰਕ੍ਰਿਆ ਨਾਲ ਜੁੜੀਆਂ ਕਈ ਗੱਲਾਂ ਵੀ ਸਾਂਝੀਆਂ ਕੀਤੀਆਂ ਅਤੇ ਕਿਹਾ ਕਿ ਉਹ ਦਬੰਸਰ ਵਿੱਚ ਅਜਿਹਾ ਹੀ ਪ੍ਰਯੋਗ ਮਨੁੱਖੀ ਸਿਰ ਦੇ ਨਾਲ

ਕਰਨ ਦੇ ਲਈ ਵਚਨਬੱਧ ਹਨ।

ਰਸਤੇ ਦੇ ਰੋੜੇ : ਕਨਾਵੇਰੋ ਸਿਰ ਬਦਲਣ ਦਾ ਅਪਰੇਸ਼ਨ ਚੀਨ ਵਿੱਚ ਕਰਨਾ ਚਾਹੁੰਦੇ ਸਨ ਪਰ ਚੀਨ ਨੇ ਸਾਫ਼ ਨਾਂਹ ਕਰ ਦਿੱਤੀ। ਹੁਣ ਉਹ ਚਾਹੁੰਦੇ ਹਨ ਕਿ ਸਿਰ ਦੇਣ ਵਾਲੇ ਵਲੇਰੀ ਸਿਪਰੀਦੋਨਫ਼ ਰੂਸੀ ਨਾਗਰਿਕ ਹਨ। ਸੋ ਅਪਰੇਸ਼ਨ ਰੂਮ ਵਿੱਚ ਹੋਵੇ। ਉਹਨਾਂ ਦਾ ਇੱਕ ਹੋਰ ਤਰਕ ਇਹ ਵੀ ਹੈ ਕਿ ਸਿਰ ਬਦਲੀ ਦੇ ਸੰਸਾਰ ਪਿਤਾਮਾ ਬਲਦੀਮੀਰ ਦੇਮਿਖੋਵ ਰੂਸ ਦੇ ਹੀ ਸਨ ਸੋ ਰੂਸ ਨੂੰ ਇਤਿਹਾਸ ਬਣਾਉਣ ਦਾ ਜਸ ਮਿਲਣਾ ਚਾਹੀਦਾ ਹੈ। ਸਪੱਸ਼ਟ ਹੈ ਕਿ ਕਨਾਵੇਰੋ ਨੂੰ ਇਸ ਵਾਦ-ਵਿਵਾਦ ਵਾਲੇ ਅਪਰੇਸ਼ਨ ਦੇ ਲਈ ਕੋਈ ਅਜਿਹਾ ਦੇਸ਼ ਲੱਭਣਾ ਪਵੇਗਾ ਜਿਸ ਦਾ ਕਾਨੂੰਨ ਅਤੇ ਸਮਾਜ ਇਸ ਤਰ੍ਹਾਂ ਦੀ ਨੱਸਭੱਜ ਦੀ ਆਗਿਆ ਦੇਵੇ। ਧਰਮ ਨੈਤਿਕਤਾ ਅਤੇ ਸਮਾਜ ਦੇ ਨਾਲ ਸਾਰੇ ਵਿਗਿਆਨਕ ਵੀ ਕਨਾਵੇਰੋ ਦੇ ਇਸ ਕੰਮ ਦੇ ਵਿਰੋਧ ਵਿੱਚ ਹਨ।

ਕਨਾਵੇਰੋ ਨੇ 2013 ਵਿੱਚ ਪਹਿਲੀ ਵਾਰ ਇਸ ਤਰ੍ਹਾਂ ਦਾ ਵਿਚਾਰ ਸਾਹਮਣ ਰੱਖਿਆ ਸੀ। ਸਰਜੀਕਲ ਨਿਊਰੋਲੌਜੀ ਇੰਟਰਨੈਸ਼ਨਲ ਮੈਗਜ਼ੀਨ ਵਿੱਚ ਉਹਨਾਂ ਦੀ ਖੋਜ਼ ਰਿਪੋਰਟ ਪ੍ਰਕਾਸ਼ਿਤ ਹੋਈ ਸੀ। ਤਦੇ ਤੋਂ ਇਸ ਦੀ ਹਿਮਾਇਤ ਅਤੇ ਵਿਰੋਧ ਚਾਲੂ ਹੈ। ਅੰਗਾਂ ਦੀ ਅਦਲਾ-ਬਦਲੀ ਦੇ ਸਬੰਧ ਵਿੱਚ ਹਰ ਦੇਸ਼ ਵਿੱਚ ਆਪਣੇ ਨਿਯਮ ਕਾਇਦੇ ਕਾਨੂੰਨ ਹਨ। ਬਿਨਾਂ ਇਨ੍ਹਾਂ ਦੇ ਬਦਲੇ ਇਸ ਤਰ੍ਹਾਂ ਦੇ ਤਜ਼ਰਬੇ ਦੀ ਆਗਿਆ ਨਹੀਂ ਦਿੱਤੀ ਜਾ ਸਕਦੀ। ਕਨਾਵੇਰੋ ਨੂੰ ਪਤਾ ਹੈ ਕਿ ਸਮਰਪਿਤ ਦੇਸ਼ ਨਾ ਹੋਇਆ ਤਾਂ ਜ਼ੇਲ ਤੈਅ ਹੈ। ਹਾਲ ਦੀ ਘੜੀ ਵੀਅਤਨਾਮ ਦੇ ਹਸਪਤਾਲ ਦੁਆਰਾ ਹਾਮੀ ਭਰ ਦੇਣ ਨਾਲ ਅਤੇ ਤਿਆਰੀਆਂ ਸ਼ੁਰੂ ਕਰ ਦੇਣ ਨਾਲ ਅਸਥਾਈ ਤੌਰ ਉੱਤੇ ਇਸ ਕੀਤੇ ਜਾਣ ਵਾਲੇ ਅਪਰੇਸ਼ਨ ਦੇ ਰਸਤੇ ਤੋਂ ਇੱਕ ਵੱਡਾ ਰੋੜਾ ਹਟ ਗਿਆ ਲਗਦਾ ਹੈ।

ਅਪਰੇਸ਼ਨ ਜੇਕਰ ਸਫ਼ਲ ਹੋ ਗਿਆ ਤਾਂ ਇਹ ਕਾਰਨਾਮਾ ਅਮਰਤਵ ਦੀ ਦਿਸ਼ਾ ਵਿੱਚ ਇੱਕ ਕਦਮ ਹੋਵੇਗਾ। ਇਹ ਧਰਮ ਅਧਿਕਾਰੀਆਂ ਨੂੰ ਬਿਲਕੁੱਲ ਰਾਸ ਨਹੀਂ ਆਉਂਦਾ ਹੈ। ਕਿਸੇ ਦਾ ਸਿਰ ਕਿਸੇ ਦਾ ਧੜ ਇਹ ਨੈਤਿਕਵਾਦੀ ਅਤੇ ਪਰੰਪਾਵਾਦੀਆਂ ਨੂੰ ਪਸੰਦ ਨਹੀਂ ਹੈ। ਦੁਨੀਆਂ ਦੇ ਸਾਰੇ ਦੇਸ਼ ਦੂਜੇ ਡਾਕਟਰ ਜਿਹਨਾਂ ਨੂੰ ਆਪਣੀ ਬਿਰਾਦਰੀ ਦਾ ਹੋਣ ਦੇ ਨਾਤੇ ਕਨਾਵੇਰੋ ਦੀ ਹਮਾਇਤ ਕਰਨੀ ਚਾਹੀਦੀ ਹੈ ਉਹ ਡਾਕਟਰ ਕਨਾਵੇਰੋ ਨੂੰ ਸਨਕੀ (ਪਾਗਲ) ਕਰਾਰ ਦੇ ਰਹੇ ਹਨ। ਉਹਨਾਂ ਦੇ ਅਨੁਸਾਰ ਅਜਿਹਾ ਸੋਚਣਾ ਜਨੂੰਨੀ ਮਾਤਰ ਹੈ ਪਰ ਕਰ ਸਕਣਾ ਅਸੰਭਵ ਹੈ। ਰੂਸ ਇਸ ਖੇਤਰ ਵਿੱਚ ਕਾਫ਼ੀ ਕੰਮ ਕਰ ਚੁੱਕਿਆ ਸੀ ਅਤੇ ਅਮਰੀਕੀ ਨਿਊਰੋਲੌਜਿਸਟ ਨੇ ਸ਼ਾਨਦਾਰ ਕੰਮ ਕੀਤਾ। ਅਜਿਹੇ ਵਿੱਚ ਇਤਾਲਵੀ ਵਿਗਿਆਨਕ ਦੀ ਸਫ਼ਲਤਾ ਨਾਲ ਇਸ ਖੇਤਰ ਵਿੱਚ ਕੀਤੇ ਗਏ ਸਾਰੇ ਕੰਮ ਦੀ ਸਫ਼ਲਤਾ ਦਾ ਸਿਹਰਾ ਉਸ ਦੇ ਸਿਰ ਬੰਨ੍ਹ ਸਕਦਾ ਹੈ। ਇਸ ਮਾਮਲੇ ਵਿੱਚ ਮਹਾਂਸ਼ਕਤੀਆਂ ਦੀ ਰਾਜਨੀਤੀ ਵੀ ਰੋੜਾ ਬਣੀ ਹੋਈ ਹੈ।

ਇਸ ਦਾ ਭਵਿੱਖ : ਡਾਕਟਰ ਕਨਾਵੇਰੋ ਨਿਊਰੋਸਰਜਨ ਅਨੁਸਾਰ ਅੱਜ 100 ਡਾਕਟਰ 30 ਘੰਟੇ ਖਾਸ ਹਸਪਤਾਲ ਅਤੇ 15 ਮਿਲੀਅਨ ਡਾਲਰ ਖਰਚ ਹੋ ਰਹੇ ਹਨ। ਕੱਲ ਇਹ ਸਹੂਲਤ ਤੁਹਾਡੇ ਨੇੜੇ ਦੇ ਹਸਪਤਾਲ ਵਿੱਚ ਹੋਵੇਗੀ ਅਤੇ ਬੇਹੱਦ ਸਸਤੀ ਮਹੀਨੇ ਭਰ ਵਿੱਚ ਸਭ ਦਰੁਸਤ। ਦੁਨੀਆਂ ਵਿੱਚ ਕਈ ਅਰਬ ਲੋਕ ਹੋਣਗੇ ਜੋ ਇਸ ਦੇ ਆਧਾਰ ਉੱਤੇ ਮਰਨ ਤੋਂ ਨਾਂਹ ਕਰ ਦੇਣਗੇ। ਇਹ ਕਲੋਨਿੰਗ ਤੋਂ ਵਧੀਆ ਬਦਲ ਹੋਵੇਗਾ।

**ਇਹ ਖੇਤ ਹੈ ਘਰ ਨਹੀਂ**

ਛੋਟਾ ਜਿਹਾ ਨੀਦਰਲੈਂਡ ਸਿਰਫ 20 ਸਾਲਾਂ ਵਿੱਚ ਬਣਿਆਂ ਸਬਜ਼ੀਆਂ ਦਾ ਵਪਾਰ ਕਰਨ ਵਾਲਾ ਦੁਨੀਆਂ ਦਾ ਦੂਜਾ ਸਭ ਤੋਂ ਵੱਡਾ ਦੇਸ਼

**ਮਕਸਦ : ਘੱਟ ਜ਼ਮੀਨ ਅਤੇ ਘੱਟ ਸਾਧਨਾਂ ਨਾਲ ਜ਼ਿਆਦਾ ਪੈਦਾਵਾਰ ਕਰਨਾ।**

ਇਹ ਗੱਲ ਦੁਨੀਆਂ ਦੇ ਸਭ ਤੋਂ ਹਾਈਟੈਕ ਗਰੀਨ ਹਾਊਸ ਦੀ ਹੈ। ਇਹ ਨੀਦਰਲੈਂਡ ਦੇ ਬੈਲਜੀਅਮ ਬਾਰਡਰ ਕੋਲ 36 ਏਕੜ ਜ਼ਮੀਨ ਵਿੱਚ ਫੈਲਿਆ ਹੋਇਆ ਹੈ। ਇੱਥੇ ਖਾਸਕਰ ਆਲੂ ਟਮਾਟਰ ਅਤੇ ਪਿਆਜ ਦੀ ਖੇਤੀ ਕੀਤੀ ਜਾਂਦੀ ਹੈ। ਦੇਸ਼ ਭਰ ਵਿੱਚ ਅਜਿਹੇ ਗਰੀਨ ਹਾਊਸ ਕਰੀਬ 15 ਹਜ਼ਾਰ ਏਕੜ ਵਿੱਚ ਫੈਲੇ ਹੋਏ ਹਨ। ਕੁੱਝ ਗਰੀਨ ਹਾਊਸਾਂ ਦਾ ਆਕਾਰ 175 ਏਕੜ ਤੱਕ ਦਾ ਹੈ। ਸਾਰੇ ਦੇਸ਼ਾਂ ਦੇ ਕਿਸਾਨ ਔਸਤਨ ਇੱਕ ਏਕੜ ਵਿੱਚ 9 ਟਨ ਆਲੂ ਪੈਦਾ ਕਰਦੇ ਹਨ ਜਦੋਂ ਕਿ ਨੀਦਰਲੈਂਡ ਦੇ ਕਿਸਾਨ 180 ਟਨ। ਜਾਨੀ ਕਿ 20 ਗੁਣਾ ਜ਼ਿਆਦਾ। ਇਹ ਦੇਸ਼ ਆਪਣੇ ਗਰੀਨ ਹਾਊਸ ਦੇ ਦਮ ਤੇ ਸਬਜ਼ੀਆਂ ਦੇ ਵਪਾਰ ਵਿੱਚ ਸਭ ਤੋਂ ਜ਼ਿਆਦਾ ਪੈਸਾ ਕਮਾਉਣ ਵਾਲਾ ਦੂਸਰਾ ਦੇਸ਼ ਹੈ। ਅਮਰੀਕਾ ਇਸ ਕੰਮ ਲਈ ਪਹਿਲੇ ਨੰਬਰ ਤੇ ਹੈ ਜੋ ਕਿ ਨੀਦਰਲੈਂਡ ਤੋਂ 270 ਗੁਣਾ ਵੱਡਾ ਹੈ।

**ਡਰਾਈਵਰਲੈਸ ਟਰੈਕਟਰ ਨਾਲ ਖੇਤੀ ਡਰੋਨ ਨਾਲ ਹਰ ਰੋਜ਼ ਪੌਦਿਆਂ ਦੇ ਵਿਕਾਸ ਲਈ ਦੇਖਭਾਲ**

ਡਰੋਨ ਅਤੇ ਬਿਨਾਂ ਡਰਾਈਵਰ ਦੇ ਟਰੈਕਟਰ ਨਾਲ ਖੇਤ ਦੀ ਨਿਗਰਾਨੀ ਕੀਤੀ ਜਾਂਦੀ ਹੈ। ਡਰੋਨ ਹਰ ਪੌਦੇ ਦੀ ਰੋਜ਼ਾਨਾ ਜਾਂਚ ਕਰਕੇ ਮਿੱਟੀ ਪਾਣੀ ਖਾਦ ਅਤੇ ਪੌਦੇ ਦੇ ਵਿਕਾਸ ਦੀ ਜਾਣਕਾਰੀ ਪ੍ਰਾਪਤ ਕਰਦਾ ਹੈ। ਇਸ ਜਾਣਕਾਰੀ ਦੇ ਹਿਸਾਬ ਨਾਲ ਪੌਦਿਆਂ ਲਈ ਜ਼ਰੂਰੀ ਤੱਤਾਂ ਦੀ ਪੂਰਤੀ ਕੀਤੀ ਜਾਂਦੀ ਹੈ।



**ਇਸ ਤਰ੍ਹਾਂ ਬਣਿਆਂ ਸਬਜ਼ੀਆਂ ਦਾ ਦੂਸਰਾ ਸਭ ਤੋਂ ਵੱਡਾ ਵਪਾਰਕ ਦੇਸ਼ ਖੇਤੀ ਨੂੰ ਵਿਗਿਆਨ ਨਾਲ ਜੋੜਿਆ**

17 ਸਾਲ ਪਹਿਲਾਂ ਸਰਕਾਰ ਨੇ ਫਸਲ ਉਤਪਾਦਨ ਦਾ ਨਿਸ਼ਾਨਾ ਦੋ ਗੁਣਾ ਕੀਤਾ। ਖੇਤੀ ਨੂੰ ਟੈਕਨਾਲੋਜੀ ਨਾਲ ਜੋੜਿਆ। ਫਸਲ ਵਧਾਉਣ ਲਈ ਚੰਗੇ ਬੀਜ ਬਣਾਏ।

ਹਾਈਟੈਕ ਗਰੀਨ ਹਾਊਸ ਬਣਾਏ। ਰਸਾਇਣਿਕ ਕੀਟਨਾਸ਼ਕਾਂ ਦਾ ਇਸਤੇਮਾਲ ਬੰਦ ਕੀਤਾ ਗਿਆ। ਗਰੀਨ ਹਾਊਸ ਦੇ ਨਾਲ ਹੀ ਪੋਲਟਰੀ ਫਾਰਮ ਅਤੇ ਪਸ਼ੂ ਪਾਲਣ ਸ਼ੁਰੂ ਕੀਤਾ ਗਿਆ।

**ਇਹ ਹਾਸਿਲ ਕੀਤਾ 90% ਪਾਣੀ ਘੱਟ ਲੱਗਦਾ ਹੈ।**

ਪਾਣੀ ਤੇ ਨਿਰਭਰਤਾ 90% ਤੱਕ ਘੱਟ ਕੀਤੀ। 70% ਫਸਲ ਆਰਗੈਨਿਕ। ਦੇਸ਼ ਦੀ ਅੱਧੀ ਤੋਂ ਜ਼ਿਆਦਾ ਜ਼ਮੀਨ ਵਿੱਚ ਖੇਤੀਬਾੜੀ ਅਤੇ ਬਾਗਬਾਨੀ ਸ਼ੁਰੂ ਕੀਤੀ।

ਦੁਨੀਆਂ ਭਰ ਦੇ ਇੱਕ ਤਿਹਾਈ ਸਬਜ਼ੀਆਂ ਦੇ ਬੀਜ਼ਾਂ ਦਾ ਕਾਰੋਬਾਰ ਸਹੀ ਢੰਗ ਨਾਲ ਕੀਤਾ ਜਾਂਦਾ ਹੈ। ਟਮਾਟਰ ਉਤਪਾਦਨ ਲਈ ਇਹ ਦੁਨੀਆਂ ਦਾ ਨੰਬਰ ਇੱਕ ਦੇਸ਼ ਹੈ।

**2016 ਵਿੱਚ 8 ਲੱਖ ਕਰੋੜ ਦੀ ਫਸਲ**

ਨੀਦਰਲੈਂਡ 250 ਏਕੜ ਵਿੱਚ 13036 ਟਨ ਆਲੂ ਪੈਦਾ ਕਰਦਾ ਹੈ। ਏਨੀ ਹੀ ਜ਼ਮੀਨ ਵਿੱਚ 90 ਹਜ਼ਾਰ ਟਨ ਮਿਰਚ ਉਗਾਉਂਦਾ ਹੈ।

**ਟਮਾਟਰ ਦੀਆਂ 15 ਤਰ੍ਹਾਂ ਦੀਆਂ ਵਧੀਆ ਕਿਸਮਾਂ ਤਿਆਰ ਕੀਤੀਆਂ ਗਈਆਂ ਹਨ।**

ਇੱਥੇ ਟਮਾਟਰਾਂ ਦੀਆਂ 15 ਵਰਾਇਟੀਆਂ ਹਨ। ਇੱਕ ਪੌਦੇ ਦੀ ਉਚਾਈ 20 ਫੁੱਟ ਤੱਕ ਦੀ ਹੈ। ਇਹ ਮਿੱਟੀ ਦੀ ਜਗ੍ਹਾਂ ਚਾਕ ਵਿੱਚ ਲਗਾਏ ਜਾਂਦੇ ਹਨ।

ਇਸ ਤਰ੍ਹਾਂ ਸੰਭਵ ਹੋਈ ਇੱਕ ਯੂਨੀਵਰਸਿਟੀ ਦੀ ਮੁਹਿੰਮ

ਵਾਗੇਨਿਜੇਨ ਖੇਤੀਬਾੜੀ ਯੂਨੀਵਰਸਿਟੀ ਐਂਡ ਰਿਸਰਚ (WUR) ਦੇ ਵਿਗਿਆਨਕਾਂ ਨੇ ਗਰੀਨ ਹਾਊਸ ਬਣਾਏ। ਕਿਸਾਨਾਂ ਨੂੰ ਟਰੇਨਿੰਗ ਦਿੱਤੀ। ਦੁਨੀਆਂ ਭਰ ਦੇ 140 ਦੇਸ਼ਾਂ ਵਿੱਚ ਪ੍ਰੋਜੈਕਟ ਚੱਲ ਰਹੇ ਹਨ। ਯੂਨੀਵਰਸਿਟੀ ਦੇ ਐਮ.ਡੀ. ਅਰਨਸਟ ਵੈਨ ਕਹਿੰਦੇ ਹਨ ਕਿ ਖੇਤੀ ਦੀ ਮੁੱਖ ਸਮੱਸਿਆ ਪਾਣੀ ਨਹੀਂ ਖਰਾਬ ਮਿੱਟੀ ਹੈ।

# ਵਿਗਿਆਨਿਕ ਖ਼ਬਰਾਂ

- ਡਾ. ਵਿਸ਼ਾਲ ਭਾਰਤੀ



## 1. ਅਮਰੀਕੀ ਵਿਗਿਆਨਕਾਂ ਨੇ ਬਣਾਈ ਐਸੀ ਪੇਨ ਡਿਵਾਈਸ ਜੋ ਕੈਂਸਰ ਟਿਸ਼ੂ ਨੂੰ 10 ਸੈਕਿੰਡ ਵਿੱਚ ਪਕੜ ਲਵੇਗੀ ਟੈਸਟ ਵਿੱਚ 96% ਨਤੀਜੇ ਸਹੀ ਪਾਏ ਗਏ

ਅਮਰੀਕੀ ਵਿਗਿਆਨਕਾਂ ਨੇ ਇੱਕ ਅਨੋਖੀ 'ਪੇਨ' ਡਿਵਾਈਸ ਈਜ਼ਾਦ ਕੀਤੀ ਹੈ। ਇਹ ਪੇਨ ਸਿਰਫ਼ 10 ਸੈਕਿੰਡ ਵਿੱਚ ਸਰੀਰ ਦੇ ਕੈਂਸਰ ਵਾਲੇ ਟਿਸ਼ੂਆਂ ਦੀ ਪਹਿਚਾਣ ਕਰ ਲੈਂਦੀ ਹੈ। ਇਸ ਨਾਲ ਕੈਂਸਰ ਨੂੰ ਜਲਦੀ ਪਤਾ ਲਗਾਉਣ ਅਤੇ ਪੂਰੀ ਤਰ੍ਹਾਂ ਹਟਾਉਣ ਵਿੱਚ ਮੱਦਦ ਮਿਲੇਗੀ। ਟੈਸਟ ਵਿੱਚ ਇਸ ਪੇਨ ਡਿਵਾਈਸ ਦੇ ਨਤੀਜੇ 96% ਤੱਕ ਸਹੀ ਪਾਏ ਗਏ ਹਨ। ਇਸ ਨੂੰ ਅਗਲੇ ਸਾਲ ਮਾਰਕੀਟ ਵਿੱਚ ਲਿਆਂਦਾ ਜਾਵੇਗਾ।

ਇਸ ਡਿਵਾਈਸ ਦੀ ਖੋਜ਼ ਟੈਕਸਾਸ ਯੂਨੀਵਰਸਿਟੀ ਦੇ ਵਿਗਿਆਨਕਾਂ ਨੇ ਕੀਤੀ ਹੈ। ਉਨ੍ਹਾਂ ਮੁਤਾਬਕ ਉਸ ਪੇਨ ਨੂੰ ਉਸ ਜਗ੍ਹਾ ਰੱਖਿਆ ਜਾਂਦਾ ਹੈ ਜਿੱਥੇ ਕੈਂਸਰ ਹੋਣ ਦੀ ਸੰਭਾਵਨਾ ਹੁੰਦੀ ਹੈ। ਪੇਨ ਵਿੱਚੋਂ ਪਾਣੀ ਦੀ ਇੱਕ ਛੋਟੀ ਜਿਹੀ ਬੂੰਦ ਨਿਕਲਦੀ ਹੈ। ਇਸ ਤੋਂ ਬਾਅਦ ਜਿੰਦਾ ਸੈੱਲਾਂ ਦੇ ਅੰਦਰ ਮੌਜੂਦ ਕੈਮੀਕਲ, ਪਾਣੀ ਦੀ ਉਸ ਬੂੰਦ ਵੱਲ ਜਾਣ ਲੱਗ ਜਾਂਦੇ ਹਨ ਜਿਸ ਨੂੰ ਟੈਸਟ ਲਈ ਪੇਨ ਵਾਪਸ ਸੋਖ ਲੈਂਦਾ ਹੈ। ਇਸ ਪੇਨ ਨੂੰ ਸਪੈਕਟਰੋਮੀਟਰ ਨਾਲ ਜੋੜਿਆ ਗਿਆ ਹੈ। ਇਹ ਸਪੈਕਟਰੋਮੀਟਰ ਹਰ ਇੱਕ ਸੈਕਿੰਡ ਵਿੱਚ ਹਜ਼ਾਰਾਂ ਕੈਮੀਕਲਾਂ ਦੀ ਮਾਤਰਾ ਮਾਪ ਸਕਦਾ ਹੈ। ਦਰਅਸਲ ਇਸ ਪੇਨ ਨਾਲ ਇੱਕ ਤਰ੍ਹਾਂ ਦਾ ਕੈਮੀਕਲ ਫਿੰਗਰਪ੍ਰਿੰਟ ਤਿਆਰ ਹੁੰਦਾ ਹੈ ਜੋ ਡਾਕਟਰ ਨੂੰ ਦੱਸਦਾ ਹੈ ਕਿ ਮਰੀਜ਼ ਨੂੰ ਕੈਂਸਰ ਹੈ ਜਾਂ ਨਹੀਂ। ਕਿਉਂਕਿ ਡਾਕਟਰਾਂ ਦੇ ਸਾਹਮਣੇ ਹਮੇਸ਼ਾਂ ਆਮ ਅਤੇ ਕੈਂਸਰ ਵਾਲੇ ਟਿਸ਼ੂਆਂ ਵਿੱਚ ਅੰਤਰ ਦੇਖਣਾ ਚੁਣੌਤੀ ਹੁੰਦੀ ਹੈ। ਹੁਣ ਇਸ ਪੇਨ ਨਾਲ ਡਾਕਟਰ ਸਰਜਰੀ ਕਰਨ ਸਮੇਂ ਛੋਟੇ ਤੋਂ ਛੋਟੇ ਕੈਂਸਰ ਟਿਸ਼ੂ ਨੂੰ ਹਟਾ ਸਕਣਗੇ। ਕਿਉਂਕਿ ਕਈ ਵਾਰ ਟਿਸ਼ੂ ਰਹਿ ਜਾਣ ਕਰਕੇ ਕੈਂਸਰ ਦੁਬਾਰਾ ਪਨਪ ਜਾਂਦਾ ਹੈ। ਟੇਕਸਾਸ ਯੂਨੀਵਰਸਿਟੀ ਦੀ ਪ੍ਰੋ. ਲਿਵਿਆ ਏਬਰਲਿਨ ਕਹਿੰਦੀ ਹੈ 'ਡਿਵਾਈਸ ਦੀ ਖਾਸੀਅਤ ਇਹ ਹੈ ਕਿ ਇਹ ਆਸਾਨੀ ਨਾਲ ਕੈਂਸਰ ਦੀ ਪਹਿਚਾਣ ਕਰ ਲੈਂਦੀ ਹੈ। ਇਸ ਦਾ ਇਸਤੇਮਾਲ ਕਰਨਾ ਵੀ ਸੌਖਾ ਹੈ।'

### ਭਾਰਤ ਵਿੱਚ 12.5% ਲੋਕ ਹੀ ਸ਼ੁਰੂ ਵਿੱਚ ਕਰਾ ਪਾਉਂਦੇ ਹਨ ਇਲਾਜ

ਇੰਡੀਅਨ ਕਾਊਂਸਲਿੰਗ ਆਫ ਮੈਡੀਕਲ ਰਿਸਰਚ ਮੁਤਾਬਿਕ ਦੇਸ਼ ਵਿੱਚ 12.5% ਲੋਕ ਹੀ ਸ਼ੁਰੂਆਤੀ ਦੌਰ ਵਿੱਚ ਕੈਂਸਰ ਦਾ ਇਲਾਜ ਕਰਾ ਪਾਉਂਦੇ ਹਨ ਕਿਉਂਕਿ ਉਹਨਾਂ ਨੂੰ ਕੈਂਸਰ ਦਾ ਪਤਾ ਦੇਰ ਨਾਲ ਲਗਦਾ ਹੈ। ਇਹੀ ਨਹੀਂ 2020 ਵਿੱਚ ਦੇਸ਼ ਵਿੱਚ 17.3 ਲੱਖ ਕੈਂਸਰ ਦੇ ਨਵੇਂ ਕੇਸ ਸਾਹਮਣੇ ਆ ਸਕਦੇ ਹਨ। ਇੱਥੇ ਹੀ 2020 ਵਿੱਚ ਕੈਂਸਰ ਨਾਲ ਹੋਣ ਵਾਲੀਆਂ ਮੌਤਾਂ ਦੀ ਸੰਖਿਆ 8.8 ਲੱਖ ਹੋ ਸਕਦੀ ਹੈ। 2016 ਵਿਚ 14.5 ਲੱਖ ਤੋਂ ਜਿਆਦਾ ਮਾਮਾਲੇ ਸਾਹਮਣੇ ਆਏ।

### 1.5 ਮਿ.ਮੀ. ਤੱਕ ਦੇ ਟਿਸ਼ੂਆਂ ਨੂੰ ਪਹਿਚਾਣਿਆਂ ਜਾ ਸਕਦਾ ਹੈ

ਇਸ ਪੇਨ ਦੇ ਮਾਧਿਅਮ ਨਾਲ 1.5 ਮਿਲੀਮੀਟਰ ਤੱਕ ਦੇ ਟਿਸ਼ੂਆਂ ਨੂੰ ਪਹਿਚਾਣਿਆਂ ਜਾ ਸਕਦਾ ਹੈ। ਹੁਣ ਤੱਕ ਇਸਦਾ 253 ਸੈਂਪਲਾਂ ਤੇ ਟੈਸਟ ਕੀਤਾ ਗਿਆ ਹੈ। ਜੋ ਕਾਫ਼ੀ ਸਟੀਕ ਰਿਹਾ ਹੈ। ਵਿਗਿਆਨਕਾਂ ਦੇ ਅਨੁਸਾਰ ਉਹ ਇਸ ਪੇਨ ਨੂੰ ਹੋਰ ਜ਼ਿਆਦਾ ਬਿਹਤਰ ਬਣਾਉਣ ਦੀ ਕੋਸ਼ਿਸ਼ ਕਰ ਰਹੇ ਹਨ ਤਾਂਕਿ 0.6 ਮਿ.ਮੀ. ਦੇ ਟਿਸ਼ੂਆਂ ਦੀ ਪਹਿਚਾਣ ਵੀ ਹੋ ਸਕੇ। ਪੇਨ ਦੀ ਕੀਮਤ ਕਾਫ਼ੀ ਘੱਟ ਹੈ ਪਰ ਇਸ ਦੇ ਨਾਲ ਲੱਗਣ ਵਾਲਾ ਸਪੈਕਟਰੋਮੀਟਰ ਮਹਿੰਗਾ ਅਤੇ ਭਾਰੀ ਹੈ। ਉਹ ਸਪੈਕਟਰੋਮੀਟਰ ਨੂੰ ਛੋਟਾ ਅਤੇ ਆਸਾਨ ਬਣਾਉਣ ਦੀ ਕੋਸ਼ਿਸ਼ ਕਰ ਰਹੇ ਹਨ।

### ਕੈਂਸਰ ਦੇ ਖਿਲਾਫ਼ ਤਕਨੀਕੀ ਲੜਾਈ ਜਿੱਤ ਰਿਹਾ ਹੈ ਵਿਗਿਆਨ

ਅੰਕੜੇ ਡਰਾਵਣੇ ਹਨ। 2015 ਵਿੱਚ 88 ਲੱਖ ਲੋਕ ਕੈਂਸਰ ਦੇ ਸ਼ਿਕਾਰ ਹੋਏ। 40 ਫੀਸਦੀ ਅਮਰੀਕਣਾਂ ਨੂੰ ਉਹਨਾਂ ਦੇ ਜੀਵਨਕਾਲ ਵਿੱਚ ਇਹ ਸੁਣਨ ਨੂੰ ਮਿਲ ਸਕਦਾ ਹੈ ਕਿ ਉਹਨਾਂ ਨੂੰ ਕੈਂਸਰ ਹੈ। ਹੁਣ ਅਫਰੀਕਾ ਵਿੱਚ ਮਲੇਰੀਆ ਨਾਲ ਨਹੀਂ ਕੈਂਸਰ ਨਾਲ ਜਿਆਦਾ ਲੋਕ ਮਰਦੇ ਹਨ। ਇਸ ਕੋਸ਼ਿਕਾ ਹੱਤਿਆਕਾਂਡ ਦਾ ਜੋ ਖੌਫ਼ ਹੈ ਉਸਨੂੰ ਅੰਕੜਿਆਂ ਵਿੱਚ ਪੂਰੀ ਤਰ੍ਹਾਂ ਦਰਸਾਇਆ ਨਹੀਂ ਜਾ ਸਕਦਾ। ਜਦੋਂ ਅਜਿਹਾ ਦੁਸ਼ਮਣ ਮੰਡਰਾ ਰਿਹਾ ਹੋਵੇ ਤਾਂ ਉਮੀਦਾਂ ਨਵੀਆਂ ਵਿਗਿਆਨਿਕ ਕਾਮਯਾਬੀਆਂ ਉੱਤੇ ਟਿਕੀਆਂ ਹੁੰਦੀਆਂ ਹਨ।

ਇਹ ਉਮੀਦ ਵੀ ਗਲਤ ਨਹੀਂ ਹੈ। ਜੈਨੇਟਿਕ ਸਿਕਵੇਸਿੰਗ ਤੋਂ ਲੈ ਕੇ ਟਾਰਗੇਟੇਡ ਥਰੈਪੀ ਤੱਕ ਇਲਾਜ ਸਰੀਰ ਅੰਦਰਲੀ ਘੜੀ ਵਿੱਚ 'ਨੋਬਲ ਪ੍ਰਾਈਜ਼'

ਅਮਰੀਕਾ ਦੇ ਤਿੰਨ ਵਿਗਿਆਨਕਾਂ ਜੈਫਰੀ ਹਾਲ ਮਾਈਕਲ ਰੌਸਵਾਸ ਅਤੇ ਮਾਈਕਲ ਜੰਗ ਨੂੰ ਇਸ ਲਈ ਨੋਬਲ ਪ੍ਰਾਈਜ਼ ਦਿੱਤਾ ਗਿਆ ਹੈ ਕਿਉਂਕਿ ਉਨ੍ਹਾਂ ਨੇ ਮਨੁੱਖਾਂ ਨੂੰ ਇਸ ਗੱਲ ਦੀ ਜਾਣਕਾਰੀ ਦਿੱਤੀ ਹੈ ਕਿ ਮਨੁੱਖ ਦੇ ਸਰੀਰ ਵਿੱਚ ਇੱਕ ਘੜੀ ਹਰ ਵੇਲੇ ਚਲਦੀ ਰਹਿੰਦੀ ਹੈ ਜਿਹੜੀ ਜੀਨਜ ਰਾਹੀਂ ਪੁਰਖਿਆਂ ਤੋਂ ਉਨ੍ਹਾਂ ਦੇ ਪੁੱਤਰਾਂ ਧੀਆਂ ਨੂੰ ਮਿਲਦੀ ਰਹਿੰਦੀ ਹੈ। ਇਹ ਘੜੀ ਸਾਡੇ ਸਰੀਰ ਵਿਚਲੀ ਨੀਂਦ ਖਾਣ ਢੰਗ ਅਤੇ ਸਰੀਰ ਦੇ ਤਾਪਮਾਨ ਨੂੰ ਕੰਟਰੋਲ ਕਰਦੀ ਹੈ। ਉਨ੍ਹਾਂ ਅਨੁਸਾਰ ਇਹ ਘੜੀ ਇਕੱਲੇ ਮਨੁੱਖਾਂ ਵਿੱਚ ਨਹੀਂ ਹੁੰਦੀ ਸਗੋਂ ਪੌਦਿਆਂ ਅਤੇ ਜੀਵਾਂ ਵਿੱਚ ਵੀ ਹੁੰਦੀ ਹੈ। ਕਿਉਂਕਿ ਸਾਡੀ ਧਰਤੀ ਸੂਰਜ ਦੁਆਲੇ ਅਤੇ ਆਪਣੇ ਧੁਰੇ ਦੁਆਲੇ ਘੁੰਮਦੀ ਹੈ। ਇਸ ਲਈ ਪੌਦਿਆਂ ਅਤੇ ਜੀਵਾਂ ਨੇ ਇਸ ਗਤੀ ਅਨੁਸਾਰ ਆਪਣੇ ਨਿੱਤ ਦੀਆਂ ਆਦਤਾਂ ਨੂੰ ਢਾਲ ਲਿਆ ਹੈ। ਹਾਲ ਦੀ ਉਮਰ 72 ਸਾਲ ਅਤੇ ਰੌਸਵਾਸ ਦੀ ਉਮਰ 73 ਅਤੇ ਜੰਗ 68 ਸਾਲਾਂ ਦੀ ਹੈ। ਉਨ੍ਹਾਂ ਨੇ ਇਨ੍ਹਾਂ ਜੀਨਾਂ ਦੀ ਪਹਿਚਾਣ ਕਰ ਲਈ ਹੈ ਜਿਹੜੇ ਸਾਡੇ ਸਰੀਰ ਅੰਦਰਲੀ ਘੜੀ ਨੂੰ ਚਲਾਉਂਦੇ ਹਨ। ਇਸ ਘੜੀ ਨੂੰ 'ਕਿਰਕੇਡੀਅਨ ਕਲਾਕ' ਦਾ ਨਾਂ ਦਿੱਤਾ ਗਿਆ ਹੈ। ਜਦੋਂ ਕਦੇ ਸਾਡੇ ਸਰੀਰ ਦੀਆਂ ਗਤੀਵਿਧੀਆਂ ਬਦਲ ਜਾਂਦੀਆਂ ਹਨ ਤਾਂ ਇਨ੍ਹਾਂ ਦਾ ਪ੍ਰਭਾਵ ਸਾਡੇ ਦਿਮਾਗ ਦੇ

ਕੰਮਾਂ ਉੱਪਰ ਵੀ ਪੈਂਦਾ ਹੈ।

ਜਦੋਂ ਕੋਈ ਵਿਅਕਤੀ ਜ਼ਹਾਜਾਂ ਰਾਹੀਂ ਲੰਬੀ ਉਡਾਨ ਭਰਦੇ ਹਨ ਤਾਂ ਉਨ੍ਹਾਂ ਦੇ ਸਰੀਰ ਅੰਦਰਲੀ ਘੜੀ ਗੜਬੜਾ ਜਾਂਦੀ ਹੈ। ਇਹ ਉਨ੍ਹਾਂ ਵਿਅਕਤੀਆਂ ਨਾਲ ਵੀ ਵਾਪਰਦਾ ਹੈ ਜਿਹੜੇ ਸਿਫਟਾਂ ਵਿੱਚ ਕੰਮ ਕਰਦੇ ਹਨ। ਸਿਫਟਾਂ ਦੇ ਸਮੇਂ ਬਦਲਨ ਨਾਲ ਉਨ੍ਹਾਂ ਦਾ ਸਰੀਰ ਵੀ ਕੁੱਝ ਸਮੇਂ ਲਈ ਗੜਬੜਾ ਜਾਂਦਾ ਹੈ। ਹੁਣ ਵਿਗਿਆਨੀ ਇਸ ਵਿਸ਼ੇ ਤੇ ਕੰਮ ਕਰ ਰਹੇ ਹਨ ਕਿ ਮਨੁੱਖਾਂ ਨੂੰ ਮਾਨਸਿਕ ਵਿਕਾਰ ਕਿਵੇਂ ਪੈਦਾ ਹੁੰਦੇ ਹਨ?

## 2. ਇੰਗਲੈਂਡ ਵਿੱਚ ਇੱਕ ਖੇਤ ਦੀ ਖੇਤੀ ਪੂਰੀ ਤਰ੍ਹਾਂ ਰੌਬਟ ਨਾਲ ਕੀਤੀ ਗਈ



ਇੰਗਲੈਂਡ ਨੇ ਤਜ਼ਰਬੇ ਦੇ ਤੌਰ 'ਤੇ ਇਕ ਖੇਤ ਵਿੱਚ ਖੇਤੀ ਪੂਰੀ ਤਰ੍ਹਾਂ ਰੌਬਟਾਂ ਤੋਂ ਕਰਵਾਈ ਅਤੇ ਇਸ ਵਿੱਚੋਂ 50 ਕੁਇੰਟਲ ਝੋਨੇ ਦੀ ਫਸਲ ਪ੍ਰਾਪਤ ਕੀਤੀ। ਇਸ ਸਬੰਧੀ ਸਾਰੇ ਕੰਮ ਰੌਬਟ ਨੇ ਹੀ ਕੀਤੇ। ਫਸਲ ਵੀ ਰੌਬਟ ਨੇ ਬੀਜੀ ਖਾਦ ਵੀ ਰੌਬਟ ਦੁਆਰਾ ਪਾਈ ਗਈ ਸੈਂਪਲ ਵੀ ਰੌਬਟ ਨੇ ਹੀ ਇਕੱਠੇ ਕੀਤੇ ਅਤੇ ਫਸਲ ਕੱਢੀ ਵੀ ਰੌਬਟ ਰਾਹੀਂ ਗਈ। ਇੰਗਲੈਂਡ ਦੀ 'ਹਾਰਪਰ ਆਦਮ ਯੂਨੀਵਰਸਿਟੀ' ਵਿੱਚ ਇਹ ਤਜ਼ਰਬਾ ਕੀਤਾ ਗਿਆ। ਇਸ ਨਾਲ ਫਸਲ ਦੀ ਪੈਦਾਵਾਰ ਵੀ ਵੱਧ ਕੀਤੀ ਗਈ। ਜਿਹੜੀ ਆਉਣ ਵਾਲੇ ਸਮੇਂ ਵਿੱਚ ਮਨੁੱਖ ਦੀਆਂ ਖੁਰਾਕੀ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਸਹਾਈ ਹੋਵੇਗੀ। ਸਾਨੂੰ ਪਤਾ ਹੈ ਕਿ ਵਧ ਰਹੀ ਆਬਾਦੀ ਕਰਕੇ ਆਉਣ ਵਾਲੇ ਸਮੇਂ ਵਿੱਚ ਭੋਜਨ ਦੀ ਸਮੱਸਿਆ ਖੜੀ ਹੋ ਸਕਦੀ ਹੈ।

ਖੋਜੀਆਂ ਨੇ ਬਜ਼ਾਰ ਵਿੱਚ ਮਿਲਦੇ ਖੇਤੀਬਾੜੀ ਸਬੰਧੀ ਸਾਰੇ ਔਜ਼ਾਰਾਂ ਨੂੰ ਡਰੋਨ ਵਿੱਚ ਫਿੱਟ ਕੀਤਾ। ਖੋਜੀਆਂ ਨੇ ਟਰੈਕਟਰ ਅਤੇ ਕੰਬਾਈਨਾਂ ਤੋਂ ਲੈ ਕੇ ਲਗਭਗ ਸਾਰੀਆਂ ਮਸ਼ੀਨਾਂ ਬਜ਼ਾਰ ਵਿੱਚੋਂ ਖਰੀਦੀਆਂ ਅਤੇ ਇਨ੍ਹਾਂ ਮਸ਼ੀਨਾਂ ਨੂੰ ਇਸ ਢੰਗ ਨਾਲ ਢਾਲਿਆ ਕਿ ਇਨ੍ਹਾਂ ਨੂੰ ਕੰਟਰੋਲ ਕਰਨ ਲਈ ਮਨੁੱਖਾਂ ਦੀ ਲੋੜ ਨਾ ਪਵੇ। ਇਹ ਕੰਪਿਊਟਰਾਂ ਰਾਹੀਂ ਬਿਜਲੀ ਕੁਨੈਕਸ਼ਨਾਂ ਰਾਹੀਂ ਅਤੇ ਡਰੋਨਾਂ ਰਾਹੀਂ ਕੰਟਰੋਲ ਹੁੰਦੇ ਹੋਣ। ਸਾਰੇ ਯੰਤਰ ਯੂ.ਪੀ.ਐਸ. ਸਿਸਟਮ ਅਨੁਸਾਰ ਹੀ ਢਾਲੇ ਗਏ ਤਾਂ ਜੋ ਉਨ੍ਹਾਂ ਨੂੰ ਪਤਾ ਹੋਵੇ ਕਿ ਉਨ੍ਹਾਂ ਨੇ ਕਿੱਥੇ ਜਾ ਕੇ ਕੰਮ ਕਰਨਾ ਹੈ।

## 3. ਭੌਤਿਕ ਵਿਗਿਆਨ ਵਿੱਚ ਵੀ 'ਨੋਬਲ ਪ੍ਰਾਈਜ਼' ਅਮਰੀਕਾ ਦੇ ਤਿੰਨ ਵਿਗਿਆਨੀਆਂ ਨੇ ਜਿੱਤਿਆ

ਲੱਗਭਗ ਇੱਕ ਸਦੀ ਪਹਿਲਾਂ ਮਹਾਨ ਵਿਗਿਆਨਕ ਅਲਬਰਟ ਆਈਨਸਟਾਈਨ ਨੇ ਅੰਦਾਜ਼ਾ ਲਾਇਆ ਸੀ ਕਿ ਬ੍ਰਹਿਮੰਡ ਵਿੱਚ ਅਜਿਹੀਆਂ ਗੁਰੂਤਾ ਆਕਰਸ਼ਣ ਦੀਆਂ ਤਰੰਗਾਂ ਹੁੰਦੀਆਂ ਹਨ ਜਿਹੜੀਆਂ ਬ੍ਰਹਿਮੰਡੀ ਪਦਾਰਥਾਂ ਤੇ ਪ੍ਰਭਾਵ ਛਡਦੀਆਂ ਹਨ। ਹੁਣ ਇਨ੍ਹਾਂ ਤਰੰਗਾਂ ਨੂੰ ਵਿਗਿਆਨੀਆਂ ਨੇ ਲੱਭ ਲਿਆ ਹੈ। ਇੰਨ੍ਹਾਂ ਤਿੰਨਾਂ ਵਿਗਿਆਨੀਆਂ ਨੂੰ 11 ਲੱਖ ਡਾਲਰ ਦਾ 'ਨੋਬਲ ਪ੍ਰਾਈਜ਼' ਦਿੱਤਾ ਗਿਆ ਹੈ। ਜਿਸ ਦੀ ਰਕਮ ਲੱਗਭਗ ਸੱਤ ਕਰੋੜ ਰੁਪਏ ਦੇ ਬਰਾਬਰ ਬਣਦੀ ਹੈ। ਇਨ੍ਹਾਂ ਵਿਗਿਆਨੀਆਂ ਦੇ ਨਾਂ ਰੀਨਰ ਵੈਸ ਬੈਰੀ ਬਾਰਿਸ਼ ਕਿੱਪ ਥੌਰਨ ਹਨ। ਇੰਨ੍ਹਾਂ ਵਿੱਚੋਂ ਰੀਨਰ ਵੈਸ ਨੂੰ ਇਨਾਮ ਦੀ ਅੱਧੀ ਰਾਸ਼ੀ ਅਤੇ ਦੂਸਰੇ ਦੋਹਾਂ ਨੂੰ ਇਨਾਮ ਦਾ ਚੌਥਾ-ਚੌਥਾ ਹਿੱਸਾ ਦਿੱਤਾ ਗਿਆ ਹੈ। ਇਹ ਖੋਜ਼ ਬ੍ਰਹਿਮੰਡ ਦੀ ਉਤਪਤੀ ਦੇ ਰਹੱਸਾਂ ਨੂੰ ਸਮਝਾਏਗੀ। ਇਸ ਨਾਲ ਬਲੈਕ ਹੋਲ ਅਤੇ ਨਿਊਰੋਨ ਤਾਰਿਆਂ ਦੇ ਰਹੱਸ ਵੀ ਸੁਲਝਾਏ ਜਾ ਸਕਦੇ ਹਨ। ਗੁਰੂਤਾ ਆਰਕਸ਼ਣ ਦੀਆਂ ਤਰੰਗਾਂ ਅਜਿਹੀਆਂ ਹੁੰਦੀਆਂ ਹਨ ਜਿਹੜੀਆਂ ਪੁਲਾੜ ਵਿੱਚ ਵੀ ਚਿੱਬ ਪਾ ਦਿੰਦੀਆਂ ਹਨ। ਪਹਿਲਾਂ ਪਹਿਲ ਅਮਰੀਕਾ ਦੀ ਲੀਗੋ ਦੂਰਬੀਨ ਨੇ ਇਨ੍ਹਾਂ ਗੁਰੂਤਾ ਆਰਕਸ਼ਣ ਦੀਆਂ ਤਰੰਗਾਂ ਦੇ ਪ੍ਰਭਾਵ ਨੂੰ ਦੇਖਿਆ। ਹੁਣ ਇਨ੍ਹਾਂ ਦੀ ਪੁਸ਼ਟੀ ਇਟਲੀ ਵਿਖੇ ਵਿਰਗੋ ਦੂਰਬੀਨ ਨੇ ਵੀ ਕੀਤੀ ਹੈ। ਸਾਨੂੰ ਪਹਿਲਾਂ ਕੁੱਝ ਵਿਖਾਈ ਦੇਣ ਵਾਲੀਆਂ ਅਤੇ ਨਾ ਦਿਖਾਈ ਦੇਣ ਵਾਲੀਆਂ ਤਰੰਗਾਂ ਬਾਰੇ ਜਾਣਕਾਰੀ ਸੀ। ਜਿਨ੍ਹਾਂ ਵਿੱਚ ਪ੍ਰਕਾਸ਼ ਤਰੰਗਾਂ ਲੇਜ਼ਰ ਤਰੰਗਾਂ ਐਕਸਰੇ ਤਰੰਗਾਂ ਅਤੇ ਬਿਜਲੀ ਚੁੰਬਕੀ ਤਰੰਗਾਂ ਦੀ ਤਾਂ ਸਾਨੂੰ ਜਾਣਕਾਰੀ ਸੀ ਪਰ ਗੁਰੂਤਾ ਆਰਕਸ਼ਣ ਦੀਆਂ ਤਰੰਗਾਂ ਬਾਰੇ ਹੁਣ ਸਾਨੂੰ ਨਵਾਂ ਪਤਾ ਲੱਗਿਆ ਹੈ।

## 4. ਕਮਿਸਟਰੀ 'ਚ ਨੋਬਲ ਪ੍ਰਾਈਜ਼ ਅਲੱਗ-ਅਲੱਗ ਦੇਸ਼ਾਂ ਦੇ ਵਿਗਿਆਨਕਾਂ ਨੇ ਜਿੱਤਿਆ

ਜੈਕਸ ਡੁਬੋਚਿਤ ਸਵਿਜ਼ਰਲੈਂਡ ਦਾ ਰਹਿਣ ਵਾਲਾ ਹੈ। ਜੋਇਚਿਮ ਫਰੈਂਕ ਅਮਰੀਕਾ ਦਾ ਅਤੇ ਰੀਚਰਡ ਹੈਂਡਰਸਨ ਇੰਗਲੈਂਡ ਦਾ ਰਹਿਣ ਵਾਲਾ ਹੈ। ਇਨ੍ਹਾਂ ਤਿੰਨਾਂ ਨੂੰ ਇਸ ਲਈ ਵਿਗਿਆਨ ਦਾ ਨੋਬਲ ਪ੍ਰਾਈਜ਼ ਦਿੱਤਾ ਗਿਆ ਹੈ ਕਿਉਂਕਿ ਇਨ੍ਹਾਂ ਨੇ ਅਜਿਹੀ ਇਲੈਕਟ੍ਰੋਨਿਕ ਖੁਰਦਬੀਨ ਬਣਾਈ ਹੈ ਜਿਹੜੀ ਠੰਢੇ ਕਰਕੇ ਜਮਾਏ ਹੋਏ ਇਲੈਕਟ੍ਰੋਨਾਂ ਨੂੰ ਵੀ ਵੇਖ ਸਕਦੀ ਹੈ। ਇਸ ਖੁਰਦਬੀਨ ਦੇ ਈਜਾਦ ਹੋਣ ਨਾਲ ਹੁਣ ਵਿਗਿਆਨਕ ਅਜਿਹੇ ਬੈਕਟੀਰੀਆ ਅਤੇ ਵਾਇਰਸਸ ਦੇ ਅਣੂਆਂ ਨੂੰ ਅਤੇ ਉਨ੍ਹਾਂ ਦੀ ਟੁੱਟ-ਭੱਜ ਨੂੰ ਵੀ ਦੇਖ ਸਕਣਗੇ। ਇਸ ਈਜ਼ਾਦ ਨਾਲ ਜੀਵਨ ਦੀ ਰਸਾਇਣਿਕ ਰਚਨਾ ਨੂੰ ਵੀ ਸਮਝਿਆ ਜਾ ਸਕੇਗਾ ਅਤੇ ਉਸ ਸਬੰਧੀ ਦਵਾਈਆਂ ਦੀ ਖੋਜ਼ ਵੀ ਕੀਤੀ ਜਾ ਸਕੇਗੀ। ਇਹ ਬੱਚਿਆਂ ਵਿੱਚ ਜੀਕਾ ਵਾਇਰਸ ਰਾਹੀਂ ਫੈਲਣ ਵਾਲੀ ਮਹਾਂਮਾਰੀ ਦੇ ਇਲਾਜ ਵਿੱਚ ਸਹਾਈ ਹੋਵੇਗੀ। ਇਹ ਉਨ੍ਹਾਂ ਦੇ ਤਿੰਨ ਵਿਆਮੀ ਚਿੱਤਰ ਵੀ ਲੈ ਸਕੇਗੀ ਅਤੇ ਇਸ ਨਾਲ ਬੁਢਾਪੇ ਵਿੱਚ ਹੋਣ ਵਾਲੇ ਵਾਰਤਾਰੇ ਅਲਜਾਈਮਰ ਦਾ ਇਲਾਜ ਵੀ ਕੀਤਾ ਜਾ ਸਕੇਗਾ। ਇਹ ਖੁਰਦਬੀਨ ਸੈੱਲਾਂ ਦੀ ਬਣਤਰ ਵਾਇਰਸ ਅਤੇ ਪ੍ਰੋਟੀਨ ਦੀ ਰਚਨਾ ਦੇ ਅਧਿਆਪਨ ਲਈ ਸਹਿਯੋਗੀ ਹੋਵੇਗੀ। ਸੱਤ ਕਰੋੜ ਪੱਚੀ ਲੱਖ ਰੁਪਏ ਦੀ ਰਾਸ਼ੀ ਤਿੰਨੇ ਵਿਗਿਆਨੀਆਂ ਵਿੱਚ ਵੰਡੀ ਜਾਵੇਗੀ।



# ਮਹੱਤਵਪੂਰਨ ਕਿਤਾਬਾਂ ਜੋ ਤੁਹਾਡੇ ਜੀ




ਇਹ ਜੀਵਨੀ ਉਸ ਬਹਾਦਰ ਔਰਤ ਦੀ ਹੈ ਜਿਸ ਨੇ ਗੁਜਰਾਤ ਦੰਗਿਆਂ ਦੇ ਪੀੜਤ ਲੋਕਾਂ ਨੂੰ ਇਨਸਾਫ਼ ਦਵਾਉਣ ਲਈ ਤਾ ਉਮਰ ਲਾ ਦਿੱਤੀ, ਇਸ ਦੁਆਰਾ ਵਿੱਢੀ ਲੜਾਈ ਨੇ ਬਹੁਤ ਸਾਰੇ ਸਫੈਦ ਪੋਸ਼ਾਂ ਦੇ ਮੂੰਹਾਂ ਤੋਂ ਨਕਾਬ ਉੜਾਏ ਭਾਰਤ ਦਾ ਮੌਜੂਦਾ ਪ੍ਰਧਾਨ ਮੰਤਰੀ "ਨਰਿੰਦਰ ਮੋਦੀ" ਹਮੇਸ਼ਾ ਤੋਂ "ਤੀਸਤਾ ਸੀਤਲਵਾੜ" ਦੇ ਨਿਸ਼ਾਨੇ ਤੇ ਰਿਹਾ ਉਸਦੀ ਇਸ ਦਿਲ ਟੁੰਬਵੀਂ ਹੱਡਬੀਤੀ ਨੂੰ ਉਹ ਬਾਬਰੀ ਮਸਜਿਦ ਢਾਹੇ ਜਾਣ ਤੋਂ ਬਾਅਦ ਪੈਦਾ ਹੋਏ ਹਾਲਤਾਂ ਗੋਧਰਾ ਕਾਂਡ ਅਤੇ ਇਸ ਪਿੱਛੋਂ ਵਾਪਰੀ ਹਿੰਸਾ ਦੌਰਾਨ ਆਪਣੀ ਭੂਮਿਕਾ ਦੀ ਚਰਚਾ ਕਰਦੀ ਹੈ। ਤਰਕਭਾਰਤੀ ਪ੍ਰਕਾਸ਼ਨ ਵੱਲੋਂ ਅਸੀਂ ਇਸ ਬਹਾਦਰ ਔਰਤ ਦੀ ਜੀਵਨੀ ਪੰਜਾਬੀ ਵਿੱਚ ਛਾਪਣ ਦਾ ਫੈਸਲਾ ਲਿਆ ਤਾਂ ਜੋ ਹਰ ਸੂਝਵਾਨ ਵਿਅਕਤੀ ਇਸ ਪੁਸਤਕ ਨੂੰ ਪੜ੍ਹ ਸਕੇ। ਇਸ ਪੁਸਤਕ ਦੀ ਕੁੱਲ ਕੀਮਤ 160 ਹੈ ਤੁਸੀਂ ਇਸ ਨੂੰ ਘਰ ਬੈਠੇ 150 ਰੁ: ਡਾਕ ਖਰਚ ਸਮੇਤ ਮੰਗਵਾ ਸਕਦੇ ਹੋ।

-0-




ਪਾਠਕਾਂ ਦੀ ਮੰਗ ਤੇ ਸੰਸਾਰ ਪ੍ਰਸਿੱਧ ਲੇਖਿਕਾ "ਅਰੁੰਧਤੀ ਰਾਏ ਜੀ" ਦੀ ਪੁਸਤਕ "ਜਮਹੂਰੀਅਤ ਕਟਹਿਰੇ ਵਿੱਚ" ਹੁਣ ਤਰਕਭਾਰਤੀ ਪ੍ਰਕਾਸ਼ਨ ਨੇ ਮੁੜ ਪ੍ਰਕਾਸ਼ਿਤ ਕੀਤੀ ਹੈ। ਅਰੁੰਧਤੀ ਦੀ ਇਹ ਪੁਸਤਕ ਉਸਦੇ ਚਰਚਿਤ ਲੇਖਾਂ ਦਾ ਇੱਕ ਸੰਗ੍ਰਹਿ ਹੈ। ਜਿਸ ਵਿਚ ਉਸਨੇ "ਅਫ਼ਜ਼ਲ ਗੁਰੂ" ਤੋਂ ਲੈ ਕੇ ਆਜ਼ਾਦੀ ਦੇ ਮਾਮਲੇ ਵੱਖ-ਵੱਖ ਤਰ੍ਹਾਂ ਦੇ ਘੁਟਾਲਿਆਂ ਜਾਂ ਹੋਰਨਾਂ ਲੋਕ-ਪੱਖੀ ਮੁੱਦਿਆਂ ਉੱਤੇ ਆਪਣੇ ਵਿਚਾਰ ਬੇਬਾਕੀ ਨਾਲ ਰੱਖੇ ਹਨ। 220 ਰੁ: ਦੀ ਇਹ ਪੁਸਤਕ ਤੁਸੀਂ ਘਰ ਬੈਠੇ ਵੀ.ਪੀ.ਪੀ. ਰਾਂਹੀ 200 ਰੁ: ਡਾਕ ਖਰਚ ਸਮੇਤ ਮੰਗਵਾ ਸਕਦੇ ਹੋ।

-0-




ਤੇਨਾਲੀ ਰਾਮ ਜਿਸ ਦਾ ਅਸਲੀ ਨਾਮ ਰਾਮਲਿੰਗ ਸੀ। ਉਹ ਮਹਾਰਾਜਾ ਕ੍ਰਿਸ਼ਨ ਦੇਵਰਾਏ ਦੇ 8 ਰਤਨਾਂ ਵਿੱਚੋਂ ਇੱਕ ਸੀ,ਗੰਭੀਰ ਤੋਂ ਗੰਭੀਰ ਵਿਸ਼ੇ ਨੂੰ ਆਪਣੇ ਹਾਸ-ਵਿਅੰਗ ਰਾਂਹੀ ਹੱਲ ਕਰ ਦੇਣ ਦੀ ਉਸ ਵਿੱਚ ਖਾਸੀਅਤ ਸੀ। ਉਸ ਬਾਰੇ ਚਰਚਿਤ 60 ਦੇ ਕਰੀਬ ਹਾਸ ਕਹਾਣੀਆਂ ਇੱਕ ਪੁਸਤਕ ਦੇ ਰੂਪ ਵਿੱਚ ਅਸੀਂ ਤਰਕਭਾਰਤੀ ਪ੍ਰਕਾਸ਼ਨ ਵੱਲੋਂ ਪ੍ਰਕਾਸ਼ਿਤ ਕੀਤੀ ਹੈ। ਪੁਸਤਕ ਨੂੰ ਵਧੇਰੇ ਸੁੰਦਰ ਤੇ ਆਕਰਸ਼ਿਤ ਬਣਾਉਣ ਲਈ ਪ੍ਰਸਿੱਧ ਆਰਟਿਸਟ "ਦਰਸ਼ਨ ਸਿੰਘ ਟਿੱਬਾ" ਜੀ ਤੋਂ ਸਕੈੱਚ ਵਰਕ ਵੀ ਕਰਵਾਇਆ ਗਿਆ ਹੈ। ਤੁਹਾਡੇ ਬੱਚਿਆਂ ਨੂੰ ਸਾਹਿਤ ਨਾਲ ਜੋੜਨ ਅਤੇ ਤੁਹਾਡੇ ਪੜ੍ਹਨ ਲਈ ਇਹ ਪੁਸਤਕ ਵਧੇਰੇ ਸਹਾਈ ਸਿੱਧ ਹੋਵੇਗੀ। ਤੁਸੀਂ ਇਸ ਪੁਸਤਕ ਨੂੰ ਘਰ ਬੈਠੇ ਵੀ.ਪੀ.ਪੀ.ਰਾਂਹੀ 150 ਰੁ: ਡਾਕ ਖਰਚ ਸਮੇਤ ਮੰਗਵਾ ਸਕਦੇ ਹੋ।

-0-




"ਮੇਘ ਰਾਜ ਮਿੱਤਰ" ਜੀ ਬੜੇ ਸੂਝਵਾਨ ਲੇਖਕ ਤੇ ਪੰਜਾਬ ਵਿੱਚ ਤਰਕਸ਼ੀਲ ਲਹਿਰ ਦੇ ਮੋਢੀ ਹਨ, ਉਹਨਾਂ ਦੀ ਅੰਧ ਵਿਸ਼ਵਾਸ਼ ਖਿਲਾਫ਼ ਲੰਬੀ ਜੱਦੋ ਜਹਿਦ ਰਹੀ ਹੈ ਇੱਕ ਮਹੀਨੇ ਦੀ ਮਿਹਨਤ ਦੇ ਬਾਅਦ ਉਹਨਾਂ ਨੇ ਪੰਜਾਬ ਦੇ ਲੋਕਾਂ ਲਈ ਇੱਕ ਅਮੁੱਲ ਕਿਤਾਬ ਲਿਖੀ ਹੈ। ਜਿਸਦਾ ਸ਼ੀਰਸ਼ਕ ਹੈ "ਗੁਰਮੀਤ ਰਾਮ ਰਹੀਮ" ਅਰਸ਼ ਤੋਂ ਫਰਸ਼ ਤੱਕ। 120 ਪੰਨਿਆਂ ਦੀ ਇਹ ਪੁਸਤਕ ਤੁਸੀਂ ਘਰ ਬੈਠੇ 120 ਰੁ: ਵਿੱਚ ਮੰਗਵਾ ਸਕਦੇ ਹੋ। ਕਿਤਾਬ ਵਿੱਚ ਡੇਰਾ ਸੱਚਾ ਸੌਦਾ ਦਾ ਇਤਿਹਾਸ, ਸਾਧਵੀ ਦੀ ਗੁੰਮਨਾਮ ਚਿੱਠੀ, ਰਣਜੀਤ ਦੇ ਕਤਲ ਦੇ ਕਾਰਨ, ਛਤਰਪਤੀ ਦੇ ਯਤਨ, ਸਾਧਵੀਆਂ ਦੀ ਹੱਡਬੀਤੀ, ਤਰਕਸ਼ੀਲਾਂ ਤੇ ਪ੍ਰੇਮੀਆਂ ਵਿੱਚ ਝੜਪਾਂ ਬਾਰੇ ਵਿਸਥਾਰ ਸਾਹਿਤ ਜਾਣਕਾਰੀ ਦਿੱਤੀ ਗਈ ਹੈ। ਕਿਤਾਬ ਨੂੰ ਵਧੇਰੇ ਖਿੱਚ ਭਰਪੂਰ ਬਣਾਉਣ ਲਈ ਕੁੱਝ ਤਸਵੀਰਾਂ ਵੀ ਲਗਾਈਆਂ ਗਈਆਂ ਹਨ, ਇਹ ਕਿਤਾਬ ਡੇਰੇ ਦੇ ਚੰਗੇ ਮੰਦੇ ਪਹਿਲੂਆਂ ਬਾਰੇ ਜਾਣਕਾਰੀ ਮੁਹੱਈਆ ਕਰਾਉਂਦੀ ਹੈ। ਮੈਨੂੰ ਆਸ ਹੈ ਹਰ ਕੋਈ ਇਸ ਪੁਸਤਕ ਨੂੰ ਪੜਨ ਦਾ ਚਾਹਵਾਨ ਹੋਵੇਗਾ।

-0-




ਤਹਿਲਕਾ ਦੀ ਸਾਬਕਾ ਸੰਪਾਦਕ ਰਾਣਾ ਅਯੂਬ ਅੱਜਕੱਲ ਦਿੱਲੀ ਅਤੇ ਮੁੰਬਈ ਅਧਾਰਤ ਇੱਕ ਆਜ਼ਾਦ ਪੱਤਰਕਾਰ ਹੈ। ਇੱਕ ਦਹਾਕੇ ਤੱਕ ਫੈਲੀਆਂ ਉਸ ਦੀਆਂ ਖੋਜੀ ਅਤੇ ਸਿਆਸੀ ਰਿਪੋਰਟਾਂ ਵਿਚ ਉਹ ਖ਼ੁਲਾਸਾ ਵੀ ਸ਼ਾਮਿਲ ਹੈ ਜਿਸਦੇ ਸਿੱਟੇ ਵਜੋਂ 2010 ਵਿਚ ਭਾਜਪਾ ਦੇ ਪ੍ਰਧਾਨ ਅਮਿਤ ਸ਼ਾਹ ਦੀ ਗ੍ਰਿਫ਼ਤਾਰੀ ਹੋਈ। ਗੁਜ਼ਰਾਤ ਫਾਈਲਾਂ ਪੱਤਰਕਾਰ ਰਾਣਾ ਅਯੂਬ ਵਲੋਂ ਗੁਜਰਾਤ ਦੇ ਫ਼ਸਾਦਾਂ, ਫਰਜ਼ੀ ਮੁਕਾਬਲਿਆਂ ਅਤੇ ਸੂਬੇ ਦੇ ਗ੍ਰਹਿ ਮੰਤਰੀ ਹਰੇਨ ਪਾਂਡਿਆ ਦੇ ਕਤਲ ਦੀ ਭੇਸ ਵਟਾਕੇ ਕੀਤੀ ਛਾਣਬੀਣ ਦਾ ਵੇਰਵਾ ਹੈ। ਅਮਰੀਕਨ ਫਿਲਮ ਇੰਸਟੀਚਿਊਟ ਕਾਨਜ਼ਰਵੇਟਰੀ ਦੀ ਇਕ ਫਿਲਮਸਾਜ, ਮੈਥਲੀ ਤਿਆਗੀ, ਬਣਕੇ ਰਾਣਾ ਨੇ ਗੁਜਰਾਤ ਦੇ ਉਨਾਂ ਨੌਕਰਸ਼ਾਹਾ ਅਤੇ ਆਹਲਾ ਪੁਲਿਸ ਅਫਸਰਾਂ ਨਾਲ ਮੁਲਾਕਾਤਾਂ ਕੀਤੀਆਂ ਜੋ 2001 ਅਤੇ 2010 ਦਰਮਿਆਨ ਉਸ ਸੂਬੇ ਵਿਚ ਅਹਿਮ ਅਹੁਦਿਆਂ ਉੱਪਰ ਤਾਇਨਾਤ ਰਹੇ ਸਨ। ਸਟਿੰਗ ਓਪਰੇਸ਼ਨ ਦਾ ਇਹ ਉਤਾਰਾ ਰਾਜ ਅਤੇ ਇਸਦੇ ਅਧਿਕਾਰੀਆਂ ਦੀ ਮਨੁੱਖਤਾ ਵਿਰੁਧ ਜੁਰਮਾਂ ਵਿਚ ਮਿਲੀਭੁਗਤ ਦਾ ਭਾਂਡਾ ਭੰਨਦਾ ਹੈ।

ਰਾਣਾ ਅਯੂਬ ਦੀ ਬੂਟਾ ਸਿੰਘ ਜੀ ਦੁਆਰਾ ਅਨੁਵਾਧਤ ਪੁਸਤਕ "ਗੁਜਰਾਤ ਫ਼ਾਈਲਾਂ" ਪਰਦਾਪੋਸ਼ੀ ਦੀ ਚੀਰਫਾੜ ਤੁਸੀਂ ਮੇਰੇ ਤੋਂ ਘਰ ਬੈਠੇ 120 ਰੁ: ਡਾਕ ਖਰਚ ਸਮੇਤ ਵੀ.ਪੀ.ਪੀ. ਰਾਂਹੀ ਮੰਗਵਾ ਸਕਦੇ ਹੋ।

-0-

# ੀਵਨ ਨੂੰ ਨਵੀਂ ਸੇਧ ਦੇ ਸਕਦੀਆਂ ਹਨ

ਲੇਖਕ ਰਾਕੇਸ਼ ਕੁਮਾਰ ਜੀ ਦੀ ਲਿਖੀ ਕਿਤਾਬ ਤੇ ਪ੍ਰਕਾਸ਼ਨ ਵੱਲੋਂ ਪਾਠਕਾਂ ਲਈ ਸ਼ਹੀਦ ਭਗਤ ਸਿੰਘ ਅਤੇ ਉਹਨਾਂ ਦੇ ਕ੍ਰਾਂਤੀਕਾਰੀਆਂ ਸਾਥੀਆਂ ਦੇ ਫਿਰੋਜ਼ਪੁਰ ਵਿਖੇ ਗੁਪਤ ਟਿਕਾਣੇ ਬਰਤਾਨਵੀ ਸਾਮਰਾਜ ਤੋਂ ਦੇਸ਼ ਦੀ ਆਜ਼ਾਦੀ ਦੇ ਸੰਘਰਸ਼ ਦੀ ਨਿਸ਼ਾਨੀ ਪੇਸ਼ ਕੀਤੀ ਗਈ ਹੈ। ਇਸ ਪੁਸਤਕ ਵਿੱਚ ਤੁਹਾਨੂੰ ਸ਼ਹੀਦ ਭਗਤ ਸਿੰਘ ਜੀ ਦੁਆਰਾ ਕੀਤੀਆਂ ਗਈਆਂ ਗੁਪਤ ਟਿਕਾਣੇ ਤੇ ਕਾਰਵਾਈਆਂ, ਫ਼ਿਰੋਜਪੁਰ ਦੇ ਗੁਪਤ ਟਿਕਾਣੇ ਵਿੱਚ ਕ੍ਰਾਂਤੀਕਾਰੀਆਂ ਦੁਆਰਾ ਹੁੰਦੀ ਹਵਾਈ ਪਿਸਤੌਲ ਨਾਲ ਨਿਸ਼ਾਨੇਬਾਜੀ, ਫਿਰੋਜ਼ਪੁਰ ਸ਼ਹਿਰ ਦੇ ਤੂੜੀ ਬਾਜ਼ਾਰ ਵਿੱਚ ਬਣਾਇਆ ਗੁਪਤ ਟਿਕਾਣਾ, ਭਗਤ ਸਿੰਘ ਦੀ ਪਿਸਤੌਲ ਨੰ: 168896 ਜਿਹੜੀ ਜੈ ਗੋਪਾਲ ਨੇ ਫਿਰੋਜਪੁਰ ਦੇ ਗੁਪਤ ਟਿਕਾਣੇ 'ਤੇ ਭਗਤ ਸਿੰਘ ਕੋਲ ਦੇਖੀ ਸੀ ਆਦਿ ਬਾਰੇ ਵਿਸਥਾਰ ਪੂਰਵਕ ਜਾਣਕਾਰੀ ਅਤੇ ਗੁਪਤ ਟਿਕਾਣੇ ਸੰਬੰਧੀ ਕੁਝ ਤਸਵੀਰਾਂ ਤੇ ਨਕਸਾ ਵੀ ਸਾਮਿਲ ਹੈ। 120 ਪੰਨਿਆਂ ਦੀ ਇਸ ਕਿਤਾਬ ਨੂੰ ਤੁਸੀਂ 120 ਰੁ: ਵਿੱਚ ਡਾਕ ਖਰਚ ਸਮੇਤ ਘਰ ਬੈਠੇ ਵੀ. ਵੀ. ਪੀ ਰਾਹੀਂ ਮੰਗਵਾ ਸਕਦੇ ਹੋ।




-0-

**ਨੰਗੇ ਪੈਰਾਂ ਵਾਲੇ ਡਾਕਟਰ.....**

ਚੀਨ ਤੇ ਭਾਰਤ ਲੱਗਭੱਗ ਇੱਕੋ ਵੇਲੇ ਆਜ਼ਾਦ ਹੋਏ ਫਰਕ ਐਨਾ ਸੀ ਕਿ ਭਾਰਤ ਵਿੱਚ ਸੱਤਾ ਸਰਮਾਏਦਾਰਾਂ ਦੇ ਹੱਥ ਆਈ ਅਤੇ ਚੀਨ ਵਿੱਚ ਕਮਿਊਨਿਸਟਾਂ ਦੇ। ਮਹਾਨ ਚੀਨੀ ਆਗੂ ਚੇਅਰਮੈਨ ਮਾਓ ਜੇ ਤੁੰਗ ਨੇ ਚੀਨ ਨੂੰ ਅਜਿਹੀਆਂ ਬੁਲੰਦੀਆਂ ਤੇ ਪਹੁੰਚਾਇਆ ਕਿ ਅੱਜ ਉਹ ਅਮਰੀਕਾ ਦਾ ਮੁਕਾਬਲਾ ਕਰ ਰਿਹਾ ਹੈ। ਕਈ ਖੇਤਰਾਂ ਵਿੱਚ ਚੀਨੀ ਲੋਕ ਅਮਰੀਕੀਆਂ ਨੂੰ ਪਛਾੜ ਚੁੱਕੇ ਹਨ। ਚੀਨ ਦੇ ਮਹਾਨ ਕਲਚਰਲ ਇਨਕਲਾਬ ਬਾਰੇ ਝਾਤ ਪਾਉਂਦੀ ਇੱਕ ਕਿਤਾਬ "ਨੰਗੇ ਪੈਰਾਂ ਵਾਲੇ ਡਾਕਟਰ" ਪੰਜਾਬੀ ਅਨੁਵਾਦ way with all pests ਅਸੀਂ ਤਰਕਭਾਰਤੀ ਪ੍ਰਕਾਸ਼ਨ ਵੱਲੋਂ ਪ੍ਰਕਾਸ਼ਿਤ ਕੀਤੀ ਹੈ। ਸਾਡੀ ਇਹ ਸ਼ੁਰੂ ਤੋਂ ਇੱਛਾ ਰਹੀ ਹੈ ਕਿ ਲੋਕਾਂ ਨੂੰ ਅਗਾਂਹ ਵਧੂ ਸਾਹਿਤ ਨਾਲ ਜੋੜਿਆ ਜਾਵੇ। ਡਾ. ਜੋਸ਼ੂਆ ਐਸ. ਹਾਰਨ ਦੀ ਲਿਖੀ ਇਹ ਕਿਤਾਬ ਚੀਨ ਵਿੱਚ 1954 ਤੋਂ ਲੈ ਕੇ 1969 ਤੱਕ ਚੀਨ ਵਿੱਚ ਰਹਿੰਦੇ ਹੋਏ ਉਹਨਾਂ ਨੇ ਜੋ ਕੁੱਝ ਵੀ ਮਹਿਸੂਸ ਕੀਤਾ ਇਹ ਕਿਤਾਬ ਉਸ ਉੱਤੇ ਆਧਾਰਿਤ ਹੈ। ਇਹ ਕਿਤਾਬ ਦੱਸਦੀ ਹੈ ਕਿ ਕਿੰਝ ਦ੍ਰਿੜ੍ਹ ਇੱਛਾ ਸ਼ਕਤੀ ਨਾਲ ਕਮਿਊਨਿਸਟ ਇਨਕਲਾਬੀਆਂ ਨੇ ਆਮ ਲੋਕਾਂ ਨੂੰ ਉਹਨਾਂ ਦੀਆਂ ਗੰਭੀਰ ਕਿਸਮ ਦੀਆਂ ਸੇਹਤ ਸਮੱਸਿਆਵਾਂ ਵਿੱਚੋਂ ਬਾਹਰ ਕੱਢਿਆ। 240 ਪੰਨਿਆਂ ਦੀ ਇਸ ਪੁਸਤਕ ਨੂੰ ਤੁਸੀਂ 200 ਰੁ: ਵਿੱਚ ਡਾਕ ਖਰਚ ਸਮੇਤ ਘਰ ਬੈਠੇ ਵੀ. ਵੀ. ਪੀ ਰਾਹੀਂ ਖਰੀਦ ਸਕਦੇ ਹੋ




-0-

ਡਾ. ਵਿਜੈ ਅਗਰਵਾਲ ਜੀ ਵੱਲੋਂ ਲਿਖੀ ਗਈ ਇਸ ਪੁਸਤਕ 'ਪ੍ਰਸ਼ਾਸਨਿਕ ਚਿੰਤਕ' ਦੀ ਵਿਸ਼ੇਸ਼ਤਾ ਇਹ ਹੈ ਕਿ ਇਹ ਪੁਸਤਕ ਸਿਵਲ ਸੇਵਾ ਦੇ ਪ੍ਰੀਖਿਆਰਥੀਆਂ ਲਈ ਪਹਿਲੀ ਵਾਰ ਹਿੰਦੀ ਤੋਂ ਪੰਜਾਬੀ ਵਿੱਚ ਛਪੀ ਹੈ। ਇਹ ਪੁਸਤਕ ਸਿਧਾਂਤ, ਸਮਝਦਾਰੀ ਅਤੇ ਅਨੁਭਵ ਮਿਲਾਕੇ ਲਿਖੀ ਗਈ ਹੈ ਅਤੇ ਇਸ ਪੁਸਤਕ ਵਿੱਚ ਇੱਕ ਅਲੱਗ ਹੀ ਕਿਸਮ ਦੀ ਸਹਿਜਤਾ, ਸਰਲਤਾ ਅਤੇ ਰੌਚਕਤਾ ਹੈ। ਯਕੀਨ ਮੰਨੋ ਕਿ ਡਾ. ਵਿਜੈ ਅਗਰਵਾਲ ਜੀ ਨੇ ਖੁਦ ਇਹ ਸਵੀਕਾਰ ਕੀਤਾ ਕਿ ਪ੍ਰਸ਼ਾਸ਼ਨ ਵਿਸ਼ੇ ਬਾਰੇ ਓਹਨਾਂ ਨੂੰ ਵੀ ਪਹਿਲਾਂ ਬਹੁਤ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪਿਆ ਕਿਉਂਕਿ ਜਦੋਂ ਉਨ੍ਹਾਂ ਨੇ ਇਸ ਵਿਸ਼ੇ ਦੀ ਸਿੱਖਿਆ ਦੇਣੀ ਸ਼ੁਰੂ ਕੀਤੀ ਤਾਂ ਉਹਨਾਂ ਲਈ ਇੱਕ ਉੱਚੇ ਪਹਾੜ ਤੇ ਚੜਨ ਤੋਂ ਕਿਤੇ ਵਧੇਰੇ ਔਖਾ ਲੱਗਿਆ ਉਨ੍ਹਾਂ ਨੇ ਇਸ ਵਿਸ਼ੇ ਨੂੰ ਕਦੇ ਵੀ ਆਪ ਨਹੀਂ ਸੀ ਪੜ੍ਹਿਆ ਪ੍ਰੰਤੂ ਭੂਗੋਲ ਉਨਾਂ ਦਾ ਇੱਕ ਹਰਮਨ ਪਿਆਰਾ ਵਿਸ਼ਾ ਸੀ ਜਿਸ ਦੇ ਸਿਰ ਤੇ ਉਨਾਂ ਨੇ ਇਸ ਵਿਸ਼ੇ ਦਾ ਗਿਆਨ ਹਾਸਿਲ ਕਰ ਲਿਆ ਅਤੇ ਦੂਜੇ ਪ੍ਰੀਖਿਆਰਥੀਆਂ ਨੂੰ ਵੀ ਇਸ ਵਿਸ਼ੇ ਦਾ ਗਿਆਨ ਦਿੱਤਾ। ਉਨ੍ਹਾਂ ਨੇ ਹਾਰ ਨਾ ਮੰਨਦੇ ਹੋਏ ਮਲ੍ਹੇ ਝਾੜੀਆਂ ਦੇ ਇਸ ਜੰਗਲ ਨੂੰ ਪਾਰ ਕਰਕੇ ਇੱਕ ਪੱਧਰ ਹਵਾਦਾਰ ਮੈਦਾਨ ਲੱਭ ਹੀ ਲਿਆ ਉਸੇ ਤਰ੍ਹਾਂ ਇਹ ਪੁਸਤਕ ਤੁਹਾਡੇ ਅੰਦਰ ਇੱਕ ਅਜਿਹੀ ਅੰਤਰ-ਦ੍ਰਿਸ਼ਟੀ ਵੀ ਪੈਦਾ ਕਰੇਗੀ ਕਿ ਤੁਸੀਂ ਆਪਣੀ ਪੱਧਰ ਤੇ ਕੁੱਝ ਨਵਾਂ ਸੋਚ ਸਕੋਂਗੇ ਅਤੇ ਇਸ ਪੁਸਤਕ ਨੂੰ ਪੜਨ ਤੋਂ ਬਾਅਦ ਤੁਸੀਂ ਆਪਣੇ ਆਪ ਨੂੰ ਇਸ ਸਥਿਤੀ ਵਿੱਚ ਵੇਖੋਗੇ ਕਿ ਤੁਹਾਡੀ ਵਿਸਲੇਸ਼ਣ ਕਰਨ ਦੀ ਸਮਰੱਥਾ ਵਿੱਚ ਕਈ ਗੁਣਾਂ ਵਾਧਾ ਹੋ ਗਿਆ ਹੈ। ਇਸ ਪੁਸਤਕ ਨੂੰ ਤੁਸੀਂ 300 ਰੁ: ਵਿੱਚ ਡਾਕ ਖਰਚ ਸਮੇਤ ਘਰ ਬੈਠੇ ਵੀ. ਵੀ. ਪੀ ਰਾਹੀਂ ਮੰਗਵਾ ਸਕਦੇ ਹੋ।




-0-

ਅਜੋਕੇ ਸਮੇਂ ਵਿੱਚ ਜੇਕਰ ਅਸੀਂ ਇਨ੍ਹਾਂ ਵਿਸ਼ਿਆਂ ਸੰਬੰਧੀ ਜਾਣਕਾਰੀ ਵਿੱਚ ਪਛੜ ਗਏ ਤਾਂ ਤੇਜ਼ ਗਤੀ ਨਾਲ ਬਦਲ ਰਹੀ ਇਸ ਦੁਨੀਆਂ ਨਾਲ ਮਿਲ ਕੇ ਚੱਲਣਾ ਸਾਡੇ ਲਈ ਔਖਾ ਹੋ ਜਾਂਦਾ ਹੈ ਤੇ ਸਾਡੀ ਰੋਜ਼ਾਨਾਂ ਜ਼ਿੰਦਗੀ ਦੇ ਬਹੁਤ ਸਾਰੇ ਕੰਮ ਜਿੰਨ੍ਹਾਂ ਨੂੰ ਸਮੇਂ ਸਿਰ ਕਰਨ ਲਈ ਹਰ ਵੇਲੇ ਸਾਡਾ ਸਿਰ ਘੁੰਮਿਆ ਰਹਿੰਦਾ ਹੈ, ਉਹਨਾਂ ਨੂੰ ਘਰ ਬੈਠੇ ਹੀ ਬੜੇ ਆਰਾਮ ਨਾਲ ਕੀਤਾ ਜਾ ਸਕਦਾ ਹੈ। ਪਰ ਸਮੱਸਿਆ ਇਹ ਹੈ ਕਿ ਭੱਜ-ਦੌੜ ਵਾਲੀ ਇਸ ਦੁਨੀਆਂ ਵਿੱਚ ਸਾਨੂੰ ਕੋਈ ਅਜਿਹਾ ਕੁਝ ਸਿਖਾਉਣ ਲਈ ਵਿਹਲਾ ਨਹੀਂ ਹੁੰਦਾ। ਇਸ ਲਈ ਸਾਡੇ ਛੋਟੇ-ਛੋਟੇ ਕੰਮ ਵੀ ਬੇਮਤਲਬ ਹੀ ਪਹਾੜ ਬਣੇ ਰਹਿੰਦੇ ਹਨ। ਅਜਿਹੀਆਂ ਹੀ ਗੱਲਾਂ ਨੂੰ ਧਿਆਨ ਵਿੱਚ ਰੱਖਕੇ ਜੀ. ਐੱਸ. ਗੁਰਦਿੱਤ ਨੇ ਬੈਂਕਿੰਗ ਦੇ ਉਹ ਵਿਸ਼ੇ ਛੋਹੇ ਹਨ ਜਿਹੜੇ ਹਰ ਅਮੀਰ-ਗਰੀਬ ਲਈ ਇੱਕੋ ਜਿੰਨੇ ਮਹੱਤਵਪੂਰਨ ਹਨ ਜਿਵੇਂ ਕਿ-ਮੋਬਾਈਲ ਬੈਂਕਿੰਗ, ਨੈੱਟ ਬੈਂਕਿੰਗ ਅਤੇ ਕੈਸ਼ਲੈੱਸ ਅਰਥਚਾਰਾ, ਪੰਜਾਬੀ ਵਿੱਚ ਬਿਲਕੁਲ ਨਵੇਂ ਵਿਸ਼ੇ ਹਨ ਅਤੇ ਇਸ ਕਿਤਾਬ ਵਿੱਚੋਂ ਕੰਪਿਊਟਰ/ਮੋਬਾਈਲ 'ਤੇ ਇੰਟਰਨੈੱਟ ਰਾਹੀ ਘਰ ਬੈਠੇ ਹੀ ਹਰ ਤਰ੍ਹਾਂ ਦੇ ਬਿੱਲ ਭਰਨਾ, ਸੌਖਿਆਂ ਪੈਸੇ ਭੇਜਣਾ ਜਾਂ ਮੰਗਵਾਉਣਾ, ਆਨਲਾਈਨ ਖਰੀਦਦਾਰੀ, ਪਾਸਪੋਰਟ ਬਣਵਾਉਣਾ, ਸਰਕਾਰੀ ਨੌਕਰੀ ਲਈ ਅਪਲਾਈ, ਰੇਲਵੇ ਟਿਕਟ ਜਾਂ ਗੈਸ ਸਿਲੰਡਰ ਬੁੱਕ ਕਰਨਾ ਆਦਿ ਬਾਰੇ ਜਾਣਕਾਰੀ ਪ੍ਰਾਪਤ ਕਰ ਸਕਦੇ ਹੋ। ਇਸ ਕਿਤਾਬ ਨੂੰ ਤੁਸੀਂ 150 ਰੁ: ਵਿੱਚ ਡਾਕ ਖਰਚ ਸਮੇਤ ਖਰੀਦ ਸਕਦੇ ਹੋ

-0-

**ਤਰਕਭਾਰਤੀ ਪ੍ਰਕਾਸ਼ਨ**

**ਪੁਰਾਣੀ ਸਬਜ਼ੀ ਮੰਡੀ, ਕੱਚਾ ਕਾਲਜ ਰੋਡ, ਬਰਨਾਲਾ-148101**

# ਕਾਮਾਗਾਟਾਮਾਰੂ ਜਹਾਜ ਦੀ ਪੈੜ ਲਭਦਿਆਂ

## (ਕੈਨੇਡਾ ਫੇਰੀ ਤੇ ਇਕ ਪੰਛੀ ਝਾਤ)

'ਸੱਤ ਜੂਨ ਨੂੰ ਦਿੱਲੀ ਤੋਂ ਜੈਟ ਜਹਾਜ ਦੀ ਉਡਾਨ 'ਤੇ ਚਲ ਕੇ 9 ਜੂਨ 2017 ਨੂੰ ਆਪਣੇ ਬੇਟੇ ਹਰਮਨਪ੍ਰੀਤ ਨਾਲ ਕੈਨੇਡਾ ਦੀ ਧਰਤੀ ਵਿਨੀਪੈਗ ਤੇ ਜਾ ਪੈਰ ਰੱਖਿਆ। ਯਾਦ ਆਇਆ ਕਿ ਇਸ ਧਰਤੀ ਤੇ ਪੈਰ ਰੱਖਣ ਦੀ ਆਸ ਨਾਲ ਭਾਰਤ 'ਚੋਂ ਚਾਰ ਸੌ ਦੇ ਕਰੀਬ (376) ਮੁਸਾਫਰ 103 ਸਾਲ ਪਹਿਲਾਂ (1914 ਚ) ਕਿਵੇਂ ਮਹੀਨਿਆਂ ਬੱਧੀ ਵੈਨਕੂਵਰ ਦੀ ਸਮੁੰਦਰੀ ਦ ਬੰਦਰਗਾਹ ਚ ਰੁਲਦੇ ਰਹੇ ਸਨ ਅਤੇ ਇਕ ਘਟੀਆ ਅੰਗਰੇਜ ਅਫਸਰ ਨੇ (ਉਸ ਸਮੇਂ ਦੀ ਹਕੂਮਤ ਦੀ ਸ਼ਹਿ ਤੇ) ਅਤੇ ਭਾਰਤੀ ਦਲਾਲਾਂ ਦੀ ਵਜਾਹ ਨਾਲ ਮੁਸਾਫਿਰਾਂ ਨੂੰ ਖੱਜਲ ਖੁਆਰ ਕਰਕੇ ਵਾਪਸ ਮੋੜਿਆ । ਵਾਪਸ ਆਉਣ ਸਮੇਂ ਉਹਨਾਂ 'ਚੋਂ ਦੋ ਦਰਜਨ ਦੇ ਕਰੀਬ ਵਿਅੱਕਤੀਆਂ ਨੇ ਬੰਗਾਲ ਦੇ ਬੱਜ ਬੱਜ ਘਾਟ ਤੇ ਬਰਿਟਸ਼ ਪੁਲੀਸ ਦੀਆਂ ਗੋਲੀਆਂ ਖਾ ਕੇ ਆਪਣੀਆਂ ਜਾਨਾਂ ਦੇ ਦਿਤੀਆਂ ਸਨ। ਕੁਝ ਦਿਨ ਦਮ ਲੈਣ ਤੋਂ ਬਾਦ ,ਆਪਣੇ ਪਿੰਡ ਦੇ ਲੋਕਾਂ ਅਤੇ ਹੋਰ ਮਿਤਰਾਂ ਨੂੰ ਮਿਲਦਿਆਂ 1 ਜੁਲਾਈ ਨੂੰ ਕੈਨੇਡਾ ਦੇ 150 ਵੇਂ ਸੰਘੀ ਦਿਵਸ (ਕੰਨਫੈਡਰੇਸ਼ਨ ਡੇ) ਚ ਹਿੱਸਾ ਲੈਂਦਿਆਂ, ਜੁਲਾਈ ਦੇ ਪਹਿਲੇ ਹਫਤੇ ਪੰਜਾਬੀ ਸਾਹਿਤ ਸਭਾ ਵਿਨੀਪੈਗ (ਮੈਨੀਟੋਬਾ) ਦੀ ਸਥਾਪਨਾ ਕੀਤੀ ਅਤੇ ਇਸਦੀ ਪਹਿਲੀ ਮੀਟਿੰਗ 21 ਜੁਲਾਈ ਨੂੰ ਐਂਬਰ ਟਰੇਲ ਕਮਿਊਨਿਟੀ ਸਕੂਲ (ਪਾਈਪ ਲਾਈਨ ਟੈਂਪਰਟੋਨ) ਵਿਖੇ ਰੱਖੀ ਗਈ।ਜਿਥੇ ਕਾਫੀ ਚੰਗੇ ਸਾਹਿਤਕ ਮਿਤਰਾਂ ਨਾਲ ਮੇਲ ਜੋਲ ਹੋਇਆ। ਜੁਲਾਈ ਦੇ ਪਹਿਲੇ ਹਫਤੇ ਮੇਰਾ ਬੀ ਸੀ (ਬਰਿਟਸ਼ ਕੋਲੰਬੀਆ) ਜਾਣ ਦਾ ਪ੍ਰੋਗਾਮ ਬਣ ਗਿਆ । ਮੁਕਤਸਰ ਤੋਂ ਮੇਰੇ ਜਵਾਈ ਕੰਵਰਜੀਤ ਦਾ ਭਰਾ ਗਗਨਦੀਪ ਬਰਾੜ ਅਤੇ ਉਸਦਾ ਭਣੋਈਆ ਮਨਪਰੀਤ ਸਿੰਘ ਗਿੱਲ ਆਪਣੇ ਟਰੱਕ ਤੇ ਟਰੰਟੋ ਤੋਂ ਰਿਚਮੰਡ (ਵੈਨਕੂਵਰ) ਦਾ ਗੇੜਾ ਲਾਉਣ ਜਾ ਰਹੇ ਸਨ। ਮੈਂ ਵਿਨੀਪੈਗ ਤੋਂ ਸ਼ਾਮ ਨੂੰ ਉਹਨਾਂ ਦੇ ਟਰੱਕ 'ਚ ਸਵਾਰ ਹੋ ਗਿਆ। ਟਰੰਟੋ ਤੋਂ ਵੈਨਕੂਵਰ 4500 ਕਿਲੋਮੀਟਰ ਦੇ ਕਰੀਬ ਹੈ ਅਤੇ ਵਿਨੀਪੈਗ ਇਹਨਾਂ ਦੇ ਐਨ ਵਿਚਕਾਰ ਆਉਂਦਾ ਹੈ। 2300 ਕਿਲੋਮੀਟਰ ਦੀ ਇਸ ਯਾਤਰਾ 'ਤੇ ਚਲਦਿਆਂ ਜਦ ਦਿਨ ਚੜ੍ਹੇ ਜਾਗ ਆਈ ਤਾਂ ਅਸੀਂ 600) ਕਿਲੋਮੀਟਰ ਤੈਅ ਕਰਕੇ ਅਲਬਰਟਾ ਸੂਬੇ ਦੇ ਪ੍ਰਸਿਧ ਸ਼ਹਿਰ ਕੈਲਗਿਰੀ ਦੇ ਨੇੜੇ ਪਹੁੰਚਣ ਵਾਲੇ ਸਾਂ। ਹਜਾਰਾਂ ਮੀਲ ਤੱਕ ਵਿਹਲੀ ਜਮੀਨ ਬੇਅਬਾਦ ਪਈ ਸੀ। ਥੋੜ੍ਹੀ ਥੋੜ੍ਹੀ ਦੂਰ 'ਤੇ ਇਸ ਜਮੀਨ 'ਚ ਗਾਵਾਂ ਦੇ ਝੁੰਡ ਚਰਦੇ ਨਜਰ ਆ ਰਹੇ ਸਨ। ਬਹੁਤੀਆਂ ਗਾਵਾਂ ਭੂਰੇ-ਲਾਲ ਅਤੇ ਕਾਲੇ ਰੰਗ ਦੀਆਂ ਸਨ। ਖੇਤਾਂ ਦੇ ਸੜਕ ਵਾਲੇ ਪਾਸੇ ਤਾਰ ਲੱਗੀ ਹੋਈ ਸੀ ਤਾਂ ਕਿ ਕੋਈ ਗਊ ਸੜਕ ਤੇ ਨਾ ਆ ਸਕੇ। ਇਹਨਾਂ ਖੇਤਾਂ ਦੇ ਵਿਚ ਹੀ ਦੁਧ ਇਕੱਠਾ ਕਰਨ ਵਾਲੇ ਪਲਾਂਟ ਬਣੇ ਹੋਏ ਸਨ। ਮਨਪ੍ਰੀਤ ਗਿੱਲ ਨੇ ਦਸਿਆ ਕਿ ਇਥੇ ਨਾ ਕੋਈ ਦੋਧੀ ਹੈ ਅਤੇ ਨਾ ਹੀ ਲੋਕ ਦੁੱਧ ਵੇਚਣ ਜਾਂਦੇ ਹਨ। ਮਿਲਕ ਪਲਾਂਟਾਂ ਵਾਲੇ ਖੁਦ ਹੀ ਦੁੱਧ ਲੈ ਜਾਂਦੇ ਹਨ। ਇਹ ਦੁੱਧ ਫੈਟ ਦੇ ਹਿਸਾਬ ਨਾਲ ਇਸ ਤਰ੍ਹਾਂ ਦੇ ਕੈਮੀਕਲ ਪਾ ਕੇ ਰੱਖਿਆ ਜਾਂਦਾ ਹੈ ਕਿ ਕਈ ਮਹੀਨੇ ਖਰਾਬ ਨਹੀਂ ਹੁੰਦਾ। ਲੋਕ ਸਟੋਰਾਂ (ਮਾਅਲ) 'ਚੋਂ ਇਹ ਦੁੱਧ ਦੀਆਂ ਕੈਨੀਆਂ ਲੋੜ ਅਨੁਸਾਰ ਖਰੀਦ ਲਿਆਉਂਦੇ ਹਨ। ਵਿਹਲੀਆਂ ਜਮੀਨਾਂ ਲੰਘਣ ਤੋਂ ਬਾਦ ਕਣਕ, ਮੂੰਗੀ, ਹਰਾ ਚਾਰਾ ਅਤੇ ਸਰੋਂ (ਤੋਰੀਆ) ਦੇ ਖੇਤ ਨਜ਼ਰ ਆਉਣ ਲੱਗੇ। ਇਥੇ ਸਾਲ ਚ ਬੱਸ ਇਕ ਹੀ ਫਸਲ ਹੁੰਦੀ ਹੈ। ਅਕਤੂਬਰ ਚ ਬਰਫ ਪੈਣ ਤੋਂ ਪਹਿਲਾਂ ਇਹ ਫਸਲ ਕੱਟ ਕੇ ਦੁਬਾਰਾ ਬੀਜ ਦਿੱਤੀ ਜਾਂਦੀ ਹੈ। ਫਿਰ ਛੇ ਮਹੀਨੇ ਬਰਫ ਪੈਂਦੀ ਰਹਿੰਦੀ ਹੈ। ਬਰਫ ਹਟਨ ਤੋਂ ਬਾਦ ਮਈ 'ਚ ਇਹ ਕਣਕ ਉਗਦੀ ਹੈ ਅਤੇ ਬਿਨਾ ਕਿਸੇ ਰੇਹ ਸਪਰੇ ਦੇ ਮੀਂਹ ਦੇ ਪਾਣੀ ਨਾਲ ਪਲਦੀ ਹੈ। ਇਥੇ ਧਰਤੀ ਵੀ ਉਚੀ ਨੀਵੀਂ ਹੈ ਅਤੇ ਪੰਜਾਬ ਵਾਂਗ ਲੇਜ਼ਰ ਕਰਾਹੇ ਲਾ ਕੇ ਪੱਧਰ ਨਹੀਂ ਕੀਤੀ ਜਾਂਦੀ। ਖੇਤੀ ਮਸ਼ੀਨਰੀ ਵੀ ਬਹੁਤ ਘੱਟ ਹੈ। (ਅਸਲ ਚ ਕੈਨੇਡਾ ਵਾਲੇ ਖੇਤੀ ਨੂੰ ਬਹੁਤੀ ਮਹੱਤਤਾ ਹੀ ਨਹੀਂ ਦਿੰਦੇ। )ਕੈਲਗਿਰੀ ਪਹੁੰਚੇ ਤਾਂ ਪਟਿਆਲੇ ਤੋਂ ਗਗਨ ਬਰਾੜ ਦਾ ਦੋਸਤ ਹਰਦੀਪ ਮਿਲ ਗਿਆ। ਇਕੱਠਿਆਂ ਨੇ ਚਾਹ ਪੀਤੀ ਅਤੇ ਟਰੱਕ ਆਪਣੀ ਲੰਮੀ ਯਾਤਰਾ ਤੇ ਫਿਰ ਚੱਲ ਪਿਆ। ਕੈਲਗਿਰੀ ਟੱਪ ਕੇ ਖੂਬਸੂਰਤ ਪਹਾੜ ਸ਼ੁਰੂ ਹੋ ਗਏ, ਲਗਦਾ ਸੀ ਜਿਵੇਂ ਹਿਮਾਚਲ ਪਰਦੇਸ਼ ਦੇ ਮਨਾਲੀ ਖੇਤਰ ਚ ਪਹੁੰਚ ਗਏ ਹੋਈਏ। ਪਹਾੜਾਂ ਅਤੇ ਉਚੇ ਉਚੇ ਰੱਖਾਂ ਦੀ ਹਰਿਆਵਲ ਦੀ ਅਦਭੁਤ ਸੁੰਦਰਤਾ ਲੰਮੀ ਰਾਤ ਤੋਂ ਬਾਦ ਸਵੇਰੇ ਵੈਨਕੂਵਰ ਦੇ ਸ਼ਹਿਰ ਰਿਚਮੰਡ ਪਹੁੰਚੇ ਤਾਂ ਜੈਤੋ ਤੋਂ ਮਿਤਰ ਦਿਆਲ ਸਦਿਓੜਾ ਮੈਨੂੰ ਕਾਰ ਤੇ ਆ ਕੇ ਲੈ ਗਿਆ। ਰਿਚਮੰਡ (ਵੈਨਕੂਵਰ) ਪਹਾੜਾਂ ਚ ਘਿਰਿਆ ਸ਼ਹਿਰ ਬਹੁਤ ਹੀ ਖੂਬਸੂਰਤ ਨਜ਼ਾਰਾ ਪੇਸ਼ ਕਰ ਰਿਹਾ ਸੀ। ਵਿਚਕਾਰ ਦੀ ਫਰੇਜ਼ਰ ਦਰਿਆ ਲੰਘਦਾ ਹੈ।ਦਿਆਲ ਨੇ ਦੱਸਿਆ ਕਿ ਕੈਨੇਡਾ ਚ (ਰਿਚਮੰਡ, ਸਰੀ-ਅਬਟਸਫੋਰਡ ਆਦਿ) ਦੀ ਇਹ ਸਭ ਤੋਂ ਮਹਿੰਗੀ ਧਰਤੀ ਹੈ, ਇਥੇ ਮਕਾਨ ਬਣਾਉਣਾ ਸਭ ਤੋਂ ਮੁਸ਼ਕਿਲ ਹੈ। ਉਸਨੇ ਭਲੇ ਵੇਲਿਆਂ ਚ ਇਹ ਮਕਾਨ ਬਣਾ ਲਿਆ ਸੀ ਜੋ ਅੱਜ ਦੋ ਮਿਲੀਅਨ ਡਾਲਰ (ਵੀਹ ਲੱਖ ਡਾਲਰ) ਦਾ ਹੈ। ਪਿਛਲੇ ਸਾਲਾਂ ਚ ਆਏ ਲੋਕ ਤਾਂ ਇਥੇ ਬੇਸਮਿੰਟਾਂ 'ਚ ਕਿਰਾਏ 'ਤੇ ਰਹਿ ਕੇ ਡੰਗ ਟਪਾ ਰਹੇ ਹਨ। ਵੈਸੇ ਬੇਸਮਿੰਟਾਂ 'ਚ ਵੀ ਘਰ ਵਾਲੀਆਂ ਸਾਰੀਆਂ ਸਹੂਲਤਾਂ ਮੌਜੂਦ ਹਨ ਅਤੇ ਪਾਣੀ ਬਿਜਲੀ ਦਾ ਬਿੱਲ ਮੁਫ਼ਤ ਹੈ, ਬੱਸ ਇਕ 'ਮੇਰਾ ਘਰ' ਵਾਲੀ ਹਉਮੈਂ ਹੀ ਨਹੀਂ ਹੁੰਦੀ। ਦਿਆਲ ਮੈਨੂੰ ਕੈਨੇਡਾ (ਵੈਨਕੂਵਰ) ਦੇ ਸਭ ਤੋਂ ਪੁਰਾਣੇ ਗੁਰਦਵਾਰੇ ਰੌਸ ਲੈ ਗਿਆ। ਜਿਥੇ ਦਹੀਂ ਪਰਾਉਂਠਿਆਂ ਦਾ ਨਾਸ਼ਤਾ ਲੋਕ ਮੇਜ ਕੁਰਸੀਆਂ ਤੇ ਬੈਠ ਕੇ ਕਰ ਰਹੇ ਸਨ।ਇਥੇ ਪਹੁੰਚੇ ਪੰਜਾਬੀਆਂ (ਸਿੱਖਾਂ) 1902 ਸਿੱਖ ਸੁਸਾਇਟੀ ਬਣਾ ਕੇ ਜਮੀਨ ਖਰੀਦੀ ਅਤੇ ਗਰਦਵਾਰਾ ਬਣਾਉਣ ਦੀ ਸ਼ੁਰੂਆਤ ਕਰ ਦਿਤੀ - ਕੈਨੇਡਾ ਵਿਚ ਸਭ ਤੋਂ ਪਹਿਲਾਂ





ਅਮਰਜੀਤ ਢਿੱਲੋਂ
ਦਬੜ੍ਹੀਖਾਨਾ

ਕੁਝ ਸਿੱਖ ਸੈਨਿਕ 1897 'ਚ ਇੰਗਲੈਂਡ ਦੀ ਮਹਾਰਾਣੀ ਨਾਲ ਪਹੁੰਚੇ ਸਨ। ਜਦ ਪੰਜਾਬ ਆ ਕੇ ਉਹਨਾਂ ਇਸ ਖ਼ੂਬਸੂਰਤ ਮੁਲਕ ਦਾ ਜ਼ਿਕਰ ਕੀਤਾ ਤਾਂ ਸਾਬਕਾ ਫੌਜੀਆਂ ਨੇ ਹਾਂਗਕਾਂਗ ਤੋਂ ਸ਼ਿਪ ਰਾਹੀਂ ਇਸ ਮੁਲਕ ਵੱਲ ਵਹੀਰਾਂ ਘੱਤ ਦਿਤੀਆਂ। 1999 'ਚ ਪਹਿਲੀ ਵਾਰ ਕੁੱਝ ਪੰਜਾਬੀ ਹਾਂਗਕਾਂਗ ਰਾਹੀਂ ਵੈਨਕੂਵਰ ਅਤੇ ਵਿਕਟੋਰੀਆ ਆ ਕੇ ਰਹਿਣ ਲੱਗੇ। 1904 ਤੱਕ 250 ਦੇ ਕਰੀਬ ਪੰਜਾਬੀ ਵੈਨਕੂਵਰ ਰਾਹੀਂ ਬਰਿਟਸ਼ ਕੋਲੰਬਆ (ਬੀ ਸੀ) ਪਹੁੰਚ ਚੁੱਕੇ ਸਨ, ਉਹਨਾਂ ਦੱਸਿਆ ਕਿ ਵੀਹਵੀਂ ਸਦੀ ਦੇ ਸ਼ੁਰੂ ਤੋਂ ਲੈਕੇ 1908 ਤੱਕ ਪੰਜ ਹਜਾਰ ਦੇ ਕਰੀਬ ਭਾਰਤੀ ਕੈਨੇਡਾ ਪੁਜ ਚੁੱਕੇ ਸਨ। ਇਹਨਾਂ 'ਚੋਂ ਥੋੜ੍ਹਿਆਂ ਨੂੰ ਛੱਡ ਕੇ ਬਾਕੀ ਸਾਰੇ ਪੰਜਾਬੀ ਸਨ। ਕੈਨੇਡੀਅਨ ਸਰਕਾਰ ਨੇ 1908 ਦੇ ਸ਼ੁਰੂ ਵਿਚ ਇੰਗਲੈਂਡ ਅਤੇ ਭਾਰਤ ਦੀ ਬਰਿਟਸ਼ ਸਰਕਾਰ ਨਾਲ ਸਲਾਹ ਕਰਕੇ ਭਾਰਤੀਆਂ ਦਾ ਦਾਖਲਾ ਕੈਨੇਡਾ ਚ ਰੋਕਣ ਲਈ ਕਾਨੂੰਨ ਬਣਾਉਣ ਬਾਰੇ ਸੋਚਿਆ। ਬਣਾਏ ਗਏ ਕਾਨੂੰਨ ਮੁਤਾਬਿਕ ਏਸ਼ੀਅਨ ਮੂਲ ਦੇ ਉਸ ਕਿਸੇ ਵੀ ਨਾਗਰਿਕ ਨੂੰ ਕੈਨੇਡਾ ਆਉਣ ਦੀ ਇਜ਼ਾਜ਼ਤ ਨਾ ਦਿਤੀ ਗਈ ਜੋ ਆਪਣੇ ਜਨਮ ਜਾਂ ਨਾਗਰਿਕਤਾ ਵਾਲੇ ਦੇਸ਼ ਤੋਂ ਸਿੱਧਾ ਸਫਰ ਕਰਕੇ ਨਾ ਆਇਆ ਹੋਵੇ ਅਤੇ ਉਸਨੇ ਇਹ ਟਿਕਟ ਵੀ ਆਪਣੇ ਦੇਸ਼ ਵਿਚ ਹੀ ਖਰੀਦਿਆ ਹੋਵੇ।ਇਸ ਨਵੇਂ ਕਾਨੂੰਨ ਕਾਰਨ ਹੀ 1908 ਤੋਂ ਲੈ ਕੇ 1914 ਤੱਕ ਕੋਈ ਭਾਰਤੀ ਕੈਨੇਡਾ ਨਹੀਂ ਪਹੁੰਚ ਸਕਿਆ। ਇਹ ਕਾਨੂੰਨ ਚੀਨ ਅਤੇ ਜਾਪਾਨੀਆਂ ਤੇ ਲਾਗੂ ਨਹੀਂ ਸੀ ਹੁੰਦਾ ਹਾਲਾਂਕਿ ਉਹ ਵੀ ਏਸ਼ੀਅਨ ਦੇਸ਼ ਹਨ। ਇਹ ਸਭ ਇੰਗਲੈਂਡ -ਹਿੰਦੁਸਤਾਨ ਅਤੇ ਕੈਨੇਡਾ ਦੀਆਂ ਸਰਕਾਰਾਂ ਦੀ ਮਿਲੀ ਭੁਗਤ ਨਾਲ ਹੋ ਰਿਹਾ ਸੀ। ਕੈਨੇਡਾ ਦੀ ਧਰਤੀ ਤੇ ਆਕੇ ਹਿੰਦੁਸਤਾਨੀਆਂ ਨੂੰ ਆਪਣੀ ਗੁਲਾਮੀ ਦਾ ਅਹਿਸਾਸ ਹੁੰਦਾ ਸੀ- ਇਸ ਲਈ ਸਰਾਕਾਰਾਂ ਚਾਹੁੰਦੀਆਂ ਸਨ ਕਿ ਭਾਰਤ ਨੂੰ ਗੁਲਾਮ ਰੱਖਣ ਵਾਸਤੇ ਭਾਰਤੀਆਂ ਦੀ ਕੈਨੇਡਾ ਦਾਖਲੇ ਤੇ ਪਾਬੰਦੀ ਜਰੂਰੀ ਹੈ।ਕਾਮਾਗਾਟਾ ਮਾਰੂ ਜਹਾਜ ਦੀ ਘਟਨਾ ਇਸੇ ਕਾਨੂੰਨ ਦੇ ਖਿਲਾਫ ਆਪਣਾ ਸਿੱਧਾ ਜਹਾਜ ਕਿਰਾਏ ਤੇ ਲਿਆ ਕੇ ਕੈਨੇਡਾ ਪਹੁੰਚਣਾ ਸੀ ਤਾਂ ਕਿ ਕੈਨੇਡੀਅਨ ਕਾਨੂੰਨ ਨੂੰ ਕੋਈ ਉਜ਼ਰ ਨਾ ਹੋ ਸਕੇ।

ਕਾਮਾਗਾਟਾ ਮਾਰੂ, ਜਪਾਨ ਦੇ ਸਮੁੰਦਰੀ ਜਹਾਜ਼ ਦਾ ਨਾਂ ਹੈ, ਜੋ ਭਾਰਤ, ਖ਼ਾਸ ਤੌਰ 'ਤੇ ਪੰਜਾਬ ਵਿੱਚ ਵੱਧ ਮਕਬੂਲ ਹੈ। ਕਾਮਾਗਾਟਾ ਮਾਰੂ ਦੀ ਰੌਂਗਟੇ ਖੜੇ ਕਰਨ ਵਾਲੀ ਲਹੂ-ਭਿੱਜੀ ਦਾਸਤਾਨ ਨੂੰ ਕਾਮਰੇਡ ਸੋਹਨ ਸਿੰਘ ਜੋਸ਼ ਨੇ ਸਾਕੇ ਦਾ ਨਾਂ ਦਿੱਤਾ ਹੈ। ਜਲ੍ਹਿਆਂਵਾਲਾ ਬਾਗ਼ ਦੇ ਸਾਕੇ ਤੋਂ ਲਗਪਗ ਪੰਜ ਸਾਲ ਪਹਿਲਾਂ ਕਾਮਾਗਾਟਾ ਮਾਰੂ ਜਹਾਜ਼ ਨੇ ਹਾਂਗਕਾਂਗ ਦੇ ਤੱਟ 'ਤੇ ਸਮੁੰਦਰ ਦੇ ਪਾਣੀਆਂ 'ਤੇ ਆਜ਼ਾਦੀ ਦੀ ਇਬਾਰਤ ਲਿਖਣੀ ਸ਼ੁਰੂ ਕਰ ਦਿੱਤੀ ਸੀ। ਕਾਮਾਗਾਟਾ ਮਾਰੂ ਜਹਾਜ਼, ਤਰਨਤਾਰਨ ਨੇੜੇ ਸਰਹਾਲੀ ਕਸਬੇ ਦੇ ਜੁਝਾਰੂ ਵਪਾਰੀ ਬਾਬਾ ਗੁਰਦਿਤ ਸਿੰਘ ਨੇ ਜਪਾਨੀਆਂ ਤੋਂ ਉਦੋਂ ਕਿਰਾਏ 'ਤੇ ਲਿਆ ਸੀ ਜਦੋਂ ਉਸ ਨੇ ਕੈਨੇਡਾ ਜਾਣ ਦੀ ਉਡੀਕ ਵਿੱਚ ਹਾਂਗਕਾਂਗ ਦੇ ਗੁਰਦੁਆਰੇ ਵਿੱਚ ਖੱਜਲ-ਖੁਆਰ ਹੁੰਦੇ ਪੰਜਾਬੀਆਂ ਨੂੰ ਦੇਖਿਆ। ਇਹ ਜਹਾਜ਼ 23ਮਈ 1914 ਵਿੱਚ 376 ਯਾਤਰੀਆਂ ਨੂੰ ਲੈ ਕੇ ਵੈਨਕੂਵਰ (ਕੈਨੇਡਾ) ਦੀ ਬੰਦਰਗਹ ਤੇ ਪੁੱਜਾ।

'ਸਾਕਾ ਕਾਮਾਗਾਟਾ ਮਾਰੂ' ਵਿੱਚ ਸੋਹਨ ਸਿੰਘ ਜੋਸ਼ ਨੇ 'ਟ੍ਰਿਬਿਊਨ' ਸਮੇਤ ਦੇਸ਼ ਅਤੇ ਵਿਦੇਸ਼ ਦੇ ਅਖ਼ਬਾਰਾਂ ਵੱਲੋਂ ਨਿਭਾਈ ਭੂਮਿਕਾ ਦੀ ਸ਼ਲਾਘਾ ਕੀਤੀ ਹੈ, ਜਿਨ੍ਹਾਂ ਨੇ ਤਤਕਾਲੀ ਬਰਤਾਨਵੀ ਹਕੂਮਤ ਦੀ ਪਰਵਾਹ ਨਾ ਕਰਦਿਆਂ ਹੱਕ ਅਤੇ ਸੱਚ ਦਾ ਹੋਕਾ ਦਿੱਤਾ ਸੀ। 'ਟ੍ਰਿਬਿਊਨ' ਨੇ 11 ਜੂਨ 1914 ਨੂੰ ਫਿਰ ਕਾਮਾਗਾਟਾਮਾਰੂ ਦੇ ਯਾਤਰੀਆਂ ਦਾ ਮਾਮਲਾ ਪ੍ਰਮੁੱਖਤਾ ਨਾਲ ਚੁੱਕਿਆ। ਉਨ੍ਹਾਂ ਸਾਹਸੀ ਪੰਜਾਬੀਆਂ ਦੀ ਰੱਜ ਕੇ ਪ੍ਰਸ਼ੰਸਾ ਕੀਤੀ ਹੈ ਜੋ ਆਪਣੇ ਦੇਸ਼ ਦੀ ਅਣਖ ਖਾਤਰ ਮੁਸੀਬਤਾਂ ਝੱਲ ਰਹੇ ਸਨ। ਕਾਮਾਗਾਟਾ ਮਾਰੂ ਦੇ ਮੁਸਾਫ਼ਰ ਸਿਆਸੀ ਲੋਕ ਨਹੀਂ ਸਨ ਪਰ ਗੋਰਿਆਂ ਦੇ ਨਸਲਵਾਦ ਤੇ ਅਣ-ਮਨੁੱਖੀ ਵਰਤਾਰੇ ਨੇ ਇੱਕ ਵਪਾਰੀ ਬਾਬਾ ਗੁਰਦਿਤ ਸਿੰਘ ਨੂੰ ਆਜ਼ਾਦੀ ਸੰਗਰਾਮੀਆਂ ਦੀ ਮੂਹਰਲੀ ਕਤਾਰ ਵਿੱਚ ਖੜ੍ਹਾ ਕਰ ਦਿੱਤਾ। ਮੁਸਾਫ਼ਰਾਂ ਵਿੱਚ ਸਾਬਕਾ ਫ਼ੌਜੀਆਂ ਦੀ ਬਹੁਤਾਤ ਸੀ ਜੋ ਬਰਤਾਨਵੀ ਸਾਮਰਾਜ ਦੇ ਪਸਾਰ ਲਈ ਜਾਨ ਹੂਲ ਕੇ ਲੜੇ ਸਨ। ਵੈਨਕੂਵਰ ਦੇ ਸਮੁੰਦਰੀ ਤੱਟ 'ਤੇ ਅੱਠ ਹਫ਼ਤੇ ਬਰਤਾਨਵੀ ਬਸਤੀ ਦੇ ਹਾਕਮਾਂ ਨੇ ਜੋ ਸਲੂਕ ਕੀਤਾ, ਉਸ ਨਾਲ ਉਨ੍ਹਾਂ ਦੀਆਂ ਅੱਖਾਂ ਖੁੱਲ੍ਹ ਗਈਆਂ ਸਨ । ਜ਼ਬਰਦਸਤ ਕਾਨੂੰਨੀ ਲੜਾਈ ਦੇ ਬਾਵਜੂਦ ਹਿੰਦੁਸਤਾਨੀਆਂ ਨੂੰ ਕੈਨੇਡਾ ਦੀ ਧਰਤੀ 'ਤੇ ਪੈਰ ਰੱਖਣਾ ਨਸੀਬ ਨਾ ਹੋਇਆ।

ਕਿਰਾਏ 'ਤੇ ਲਏ ਗਏ ਜਪਾਨੀ ਜਹਾਜ਼ ਵਿੱਚ ਬਹੁਤਾਤ ਭਾਵੇਂ ਸਿੱਖਾਂ ਦੀ ਸੀ ਪਰ ਉਸ ਵਿੱਚ ਥੋੜ੍ਹੀ ਕੁ ਗਿਣਤੀ ਵਿੱਚ ਹਿੰਦੂ ਅਤੇ ਮੁਸਲਮਾਨ ਵੀ ਸ਼ਾਮਲ ਸਨ। ਕੈਨੇਡਾ ਦੀ ਧਰਤੀ 'ਤੇ ਉਤਰਨ ਲਈ ਉਨ੍ਹਾਂ ਨੂੰ ਅੱਠ ਹਫ਼ਤਿਆਂ ਦੇ ਇੰਤਜ਼ਾਰ ਤੋਂ ਬਾਅਦ ਉੱਥੋਂ ਦੀ ਬਾਵਰਦੀ ਪੁਲੀਸ ਦੇ ਦਮਨ-ਚੱਕਰ ਦਾ ਸਾਹਮਣਾ ਕਰਨਾ ਪਿਆ। ਅਠਾਰਾਂ ਜੁਲਾਈ ਦੀ ਅੱਧੀ ਰਾਤ ਜਦੋਂ ਬਹੁਤੇ ਮੁਸਾਫ਼ਰ ਘੂਕ ਉਨੀਂਦਰੇ ਵਿੱਚ ਸਨ ਤਾਂ 400 ਹਥਿਆਰਬੰਦ ਸੁਰੱਖਿਆ ਕਰਮਚਾਰੀਆਂ ਨੇ ਸਟੀਮਰ 'ਤੇ ਅਚਾਨਕ ਹੱਲਾ ਬੋਲ ਦਿੱਤਾ ਸੀ। ਦੋਵਾਂ ਧਿਰਾਂ ਵਿੱਚ ਗਹਿਗੱਚ ਲੜਾਈ ਹੋਈ ,ਜਿਸ ਵਿੱਚ ਜਹਾਜ਼ ਦੇ ਕਪਤਾਨ ਸਮੇਤ ਕਈ ਜ਼ਖ਼ਮੀ ਹੋ ਗਏ। ਅਖ਼ਬਾਰਾਂ ਨੇ ਫਿਰ ਆਪਣੀ ਸਾਰਥਿਕ ਭੂਮਿਕਾ ਨਿਭਾਉਂਦਿਆਂ ਬਰਤਾਨਵੀ ਸਾਮਰਾਜ ਅਤੇ ਇਸ ਦੀ ਬਸਤੀ ਨੂੰ ਖ਼ੂਬ ਭੰਡਿਆ। ਵੈਨਕੂਵਰ ਤੋਂ ਛਪਣ ਵਾਲੇ 'ਦਿ ਸਨ' ਨੇ 24 ਜੁਲਾਈ 1914 ਦੇ ਅੰਕ ਵਿੱਚ ਛਾਪੇ ਸੰਪਾਦਕੀ ਵਿੱਚ ਇਸ ਹੌਲਨਾਕ ਘਟਨਾ ਦੀ ਪੁਰਜ਼ੋਰ ਸ਼ਬਦਾਂ ਵਿੱਚ ਨਿਖੇਧੀ ਕੀਤੀ। ਇਸ ਤੋਂ ਬਾਅਦ ਹਫ਼ਤਾਵਾਰੀ 'ਗ਼ਦਰ' ਨੇ ਹਿੰਦੁਸਤਾਨ, ਅਮਰੀਕਾ ਅਤੇ ਕੈਨੇਡਾ ਸਮੇਤ ਬਰਤਾਨਵੀ ਬਸਤੀਆਂ ਵਿੱਚ ਰਹਿੰਦੇ ਹਿੰਦੁਸਤਾਨੀਆਂ ਨੂੰ ਜੰਗ ਵਿੱਢਣ ਦਾ ਹੋਕਾ ਦੇ ਦਿੱਤਾ: ਜਦੋਜਹਿਦ ਤੋਂ ਬਾਅਦ ਰਸਦ-ਪਾਣੀ ਦੀਆਂ ਸ਼ਰਤਾਂ ਮਨਵਾ ਕੇ ਕਾਮਾਗਾਟਾ ਮਾਰੂ ਕੋਲਕਾਤਾ ਲਈ ਰਵਾਨਾ ਹੋ ਗਿਆ। ਇਸ ਜ਼ਿੱਲਤ ਭਰੀ ਦਾਸਤਾਨ ਤੋਂ ਬਾਅਦ ਅਣਗਿਣਤ ਹਿੰਦੁਸਤਾਨੀਆਂ ਨੇ ਅਮਰੀਕਾ ਅਤੇ ਕੈਨੇਡਾ ਨੂੰ ਅਲਵਿਦਾ ਕਹਿ ਕੇ ਆਜ਼ਾਦੀ ਸੰਗਰਾਮ ਵਿੱਚ ਹਿੱਸਾ ਲੈਣ ਦਾ ਮਨ ਬਣਾ ਲਿਆ ਸੀ। ਕੋਲਕਾਤਾ ਪਹੁੰਚ ਕੇ ਮੁਸਾਫ਼ਰਾਂ ਨੂੰ ਬਰਤਾਨਵੀ ਸਾਮਰਾਜ ਦੇ ਵਹਿਸ਼ੀ ਵਤੀਰੇ ਦਾ ਮੁੜ ਸਾਹਮਣਾ ਕਰਨਾ ਪਿਆ। ਆਪਣੇ ਵਤਨ ਵਿੱਚ ਅਜਿਹਾ ਅਣ-ਮਨੁੱਖੀ ਵਰਤਾਰਾ ਹੋਰ ਵੀ ਦੁਖਦਾਇਕ ਸੀ। ਸਤਾਈ ਸਤੰਬਰ ਨੂੰ ਕਾਮਾਗਾਟਾ ਮਾਰੂ ਅਜੇ ਕੋਲਕਾਤਾ ਤੋਂ 70 ਮੀਲ ਦੂਰ ਸੀ ਕਿ ਇਸ ਨੂੰ ਤੂਫ਼ਾਨੀ ਸਮੁੰਦਰ ਵਿੱਚ ਰੁਕਣ ਦਾ ਇਸ਼ਾਰਾ ਮਿਲਿਆ। ਅੰਗਰੇਜ਼ ਅਫ਼ਸਰ ਜਹਾਜ਼ 'ਤੇ ਦਗੜ-ਦਗੜ ਚੜ੍ਹਿਆ ਤੇ ਉਸ ਨੇ ਬਾਬਾ ਗੁਰਦਿਤ ਸਿੰਘ ਨੂੰ ਜਹਾਜ਼ 'ਤੇ ਫਹਿਰਾ ਰਹੇ ਝੰਡੇ ਉੱਪਰ ਲਿਖੀ ਇਬਾਰਤ ਬਾਰੇ ਪੁੱਛਿਆ। ਉਨ੍ਹਾਂ ਰੋਹਬਦਾਰ ਆਵਾਜ਼ ਵਿੱਚ ਜਵਾਬ ਦਿੱਤਾ, ਸਤਿ ਸ੍ਰੀ ਅਕਾਲ, ਅੱਲ੍ਹਾ-ਹੂ-ਅਕਬਰ ਅਤੇ ਵੰਦੇ ਮਾਤਰਮ। 29 ਸਤੰਬਰ ਨੂੰ ਕਾਮਾਗਾਟਾ ਮਾਰੂ ਨੂੰ ਕੋਲਕਾਤਾ ਤੋਂ ਕਰੀਬ 14 ਮੀਲ ਦੂਰ ਬਜਬਜ ਘਾਟ 'ਤੇ ਲੰਗਰ ਸੁੱਟਣ ਲਈ ਕਿਹਾ ਗਿਆ। ਮੁਸਾਫ਼ਰਾਂ ਨੂੰ ਗੋਰਿਆਂ ਨੇ ਠੁੱਡੇ ਅਤੇ ਧੱਕੇ ਮਾਰ-ਮਾਰ ਕੇ ਜਹਾਜ਼ ਤੋਂ ਜ਼ਬਰਦਸਤੀ ਉਤਾਰਿਆ। ਬਾਬਾ ਗੁਰਦਿੱਤ ਸਿੰਘ ਨੇ ਸਿਰ 'ਤੇ ਗੁਰੂ ਗ੍ਰੰਥ ਸਾਹਿਬ ਦੀ ਸਵਾਰੀ ਚੁੱਕੀ ਹੋਈ ਸੀ। ਉਹ ਕੋਲਕਾਤਾ ਦੇ ਕਿਸੇ ਗੁਰਦੁਆਰੇ ਵਿੱਚ ਇਸ ਦਾ ਸੁੱਖ ਆਸਣ ਕਰਨਾ ਚਾਹੁੰਦੇ ਸਨ। ਇਸੇ ਦੌਰਾਨ ਗੋਰੀ ਪੁਲੀਸ ਨਾਲ ਮੁਸਾਫ਼ਰਾਂ ਦੀ ਝੜੱਪ ਹੋਈ ਜਿਸ ਵਿੱਚ ਸਰਕਾਰੀ ਅੰਕੜਿਆਂ ਮੁਤਾਬਕ 19 ਮੁਸਾਫ਼ਰ ਸ਼ਹੀਦ ਅਤੇ 23 ਜ਼ਖ਼ਮੀ ਹੋ ਗਏ ਸਨ। ਵੈਨਕੂਵਰ ਵਿਖੇ ਵਿਲੀਅਮ ਹਾਪਕਿਨਜ (ਜੋ ਭਾਰਤ ਦਾ ਜੰਮਪਲ ਐਂਗਲੋ ਇੰਡੀਅਨ) ਇਮੀਗਰੇਸ਼ਨ ਪੁਲਿਸ ਅਫਸਰ ਅਤੇ ਦੁਭਾਸ਼ੀਆ ਸੀ ਨੇ ਗਲਤ ਰਿਪੋਰਟਾਂ ਦੇ ਕੇ ਮੁਸਾਫਿਰਾਂ ਨੂੰ ਜ਼ਲੀਲ ਕਰਨ ਚ ਪਰਮੁੱਖ

ਭੂਮਿਕਾ ਨਿਭਾਈ। ਮੁਸਾਫਿਰਾਂ ਨੇ ਕੈਨੇਡਾ ਦੀ ਅਦਾਲਤ ਚ ਕੇਸ ਲੜਣ ਦਾ ਫੈਸਲਾ ਕੀਤਾ ਸੀ ਪਰ ਹਾਪਕਿਨਸ ਦੀ ਰਿਪੋਰ'ਟ 'ਤੇ ਵਕੀਲਾਂ ਨੂੰ ਵੀ ਜਹਾਜ ਚ ਜਾਣ ਤੋਂ ਰੋਕ ਦਿਤਾ ਗਿਆ। ਪੂਰੀ ਦੁਨੀਆਂ ਦੀਆਂ ਨਿਗਾਹਾਂ ਇਸ ਜਹਾਜ ਦੇ ਫੈਸਲੇ ਤੇ ਲੱਗੀਆਂ ਹੋਈਆਂ ਸਨ। ਇਸ ਜਹਾਜ ਨੇ ਸਿਰਫ 376 ਮੁਸਾਫਿਰਾਂ ਦਾ ਹੀ ਨਹੀਂ ਸਗੋਂ 33ਕਰੋੜ ਭਾਰਤੀਆਂ ਦੀ ਕਿਸਮਤ ਦਾ ਫੈਸਲਾ ਕਰਨਾ ਸੀ। ਕੈਨੇਡਾ ਰਹਿੰਦੇ ਸਮੁੱਚੇ ਭਾਰਤੀਆਂ (ਸਮੇਤ ਹਿੰਦੂ ਮੁਸਲਮਾਨ ਅਤੇ ਸਿੱਖ ਦੇ) ਨੇ ਸ਼ੋਰ ਕਮੇਟੀ ਦਾ ਗਠਨ ਕੀਤਾ ਜੋ ਪੈਸੇ ਇਕੱਠੇ ਕਰਕੇ ਮੁਸਾਫਿਰਾਂ ਦੀ ਮਦਦ ਕਰ ਰਹੇ ਹਨ। ਯੂਨਾਈਟਿਡ ਇੰਡੀਆ ਲੀਗ ਅਤੇ ਖਾਲਸਾ ਦੀਵਾਨ ਸੁਸਾਇਟੀ ਦੇ ਸੱਦੇ ਨੇ ਰਲ ਕੇ ਕੰਮ ਕੀਤਾ। 31 ਮਈ ਨੂੰ ਵੈਨਕੂਵਰ ਸਿਟੀ ਸੈਂਟਰ ਵਿਚ ਇਕ ਕਿਰਾਏ ਦੇ ਹਾਲ 'ਚ ਸਾਂਝੀ ਮੀਟਿੰਗ ਕੀਤੀ ਗਈ ਜਿਸ ਵਿਚ ਭਾਰਤੀਆਂ ਤੋਂ ਇਲਾਵਾ ਸ਼ੋਸ਼ਲਿਸਟ ਗੋਰੇ ਵੀ ਆਪਣੀਆਂ ਪਤਨੀਆਂ ਸਮੇਤ ਸ਼ਾਮਿਲ ਹੋਏ।ਇਸ ਮੀਟਿੰਗ ਚ ਕਾਮਾਗਾਟਾ ਮਾਰੂ ਦੇ ਮੁਸਾਫਿਰਾਂ ਲਈ ਪੰਜ ਹਜਾਰ ਡਾਲਰ ਨਕਦ ਇਕੱਠੇ ਕੀਤੇ ਗਏ ਅਤੇ ਲੋਕਾਂ ਨੇ ਛਿਆਹਠ ਹਜਾਰ ਡਾਲਰ ਦੇਣ ਦੀਆਂ ਸੌਹਾਂ ਚੁੱਕੀਆਂ। ਅੰਗਰੇਜ ਸਰਕਾਰ ਚਾਹੁੰਦੀ ਸੀ ਕਿ ਕਿਸੇ ਤਰ੍ਹਾਂ ਜਹਾਜ ਦਾ ਕਿਰਾਇਆ ਨਾ ਦਿਤਾ ਜਾਵੇ ਅਤੇ ਜਪਾਨੀ ਕੰਪਨੀ ਇਹ ਜਹਾਜ ਜ਼ਬਤ ਕਰ ਲਵੇ। ਪਰ ਭਾਰਤੀਆਂ ਨੇ ਪਹਿਲੇ ਹੱਲੇ ਹੀ ਪੱਚੀ ਹਜਾਰ ਡਾਲਰ ਇਕੱਠੇ ਕਰਕੇ ਜਹਾਜ ਦਾ ਕਿਰਾਇਆ ਅਦਾ ਕਰ ਦਿਤਾ। ਗੁਰਦਿਤ ਸਿੰਘ ਜਹਾਜ ਚ ਕੋਇਲਾ ਲੈਕੇ ਆਇਆ ਸੀ ਤਾਂ ਕਿ ਕੋਇਲਾ ਵੇਚ ਕੇ ਕਿਰਾਇਆ ਅਦਾ ਕੀਤਾ ਜਾਵੇ ਪਰ ਇਹ ਕੋਇਲਾ ਵੇਚਣ ਦੀ ਵੀ ਇਜ਼ਾਜ਼ਤ ਨਹੀਂ ਦਿਤੀ ਗਈ। ਹੁਸੈਨ ਰਹੀਮ ਅਤੇ ਉਸਦੇ ਦੋਸਤਾਂ ਨੇ ਜੋ ਸ਼ੋਸ਼ਲਿਸਟ ਗੋਰਾ ਵਕੀਲ ਕੀਤਾ ਉਸਦਾ ਨਾ ਐਡਵਰਡ ਬਰਡ ਸੀ। ਜਿਸਨੇ ਗੋਰਿਆਂ ਦੀਆਂ ਧਮਕੀਆਂ ਦੇ ਬਾਵਜੂਦ ਆਪਣੀ ਜਾਨ ਖਤਰੇ ਚ ਪਾ ਕੇ ਕਾਮਾਗਾਟੂਮਾਰੂ ਦਾ ਕੇਸ ਲੜਿਆ। ਸ਼ੋਰ ਕਮੇਟੀ ਦੇ ਸੱਦੇ ਤੇ ਭਾਰਤੀਆਂ ਨੇ ਕੁਲ ਸੱਠ ਹਜਾਰ ਡਾਲਰ ਇਕੱਠੇ ਕਰ ਕੇ ਦਿਤੇ ਪਰ ਅੰਗਰੇਜ ਹਾਕਮ ਹਾਪਕਿਨਸ ਅਤੇ ਉਸਦੇ ਗਦਾਰ ਭਾਰਤੀ ਬੇਲਾ ਸਿੰਘ ਦੀ ਜੁੰਡਲੀ ਨੇ ਕੋਈ ਪੇਸ਼ ਨਾ ਜਾਣ ਦਿਤੀ। ਦੋ ਮਹੀਨੇ ਦੀ ਸਖਤ ਜਦੋ-ਜਹਿਦ ਤੋਂ ਬਾਦ ਜਹਾਜ ਮੁੜ ਪਿਆ। ਹਾਪਕਿਨਸ ਨੇ ਮੁੜ ਰਹੇ ਮੁਸਾਫਿਰਾਂ ਨੂੰ ਵੀ ਨਾ ਬਖਸ਼ਿਆ। ਭਾਰਤ ਸਰਕਾਰ ਨੂੰ ਕਲਕੱਤੇ ਰਿਪੋਰਟ ਭੇਜ ਦਿਤੀ ਕਿ ਇਸ ਜਹਾਜ ਚ ਗਦਰੀ ਲੋਕ ਆ ਰਹੇ ਹਨ। ਜਿਸ ਦੇ ਸਿੱਟੇ ਵਜੋਂ ਬਜ ਬਜ ਘਾਟ ਦਾ ਗੋਲੀ ਕਾਂਡ ਵਾਪਰਿਆ। ਇਸ ਗੋਲੀਕਾਂਡ ਸਮੇਂ ਰੂਪੋਸ਼ ਹੋਇਆ ਬਾਬਾ ਗੁਰਦਿੱਤ ਸਿੰਘ ਗਦਰ ਪਾਰਟੀ ਦਾ ਪਰਚਾਰ ਕਰਦਾ ਰਿਹਾ ਅਤੇ ਅਖੀਰ 1922 'ਚ ਉਸਨੇ ਨਨਕਾਣਾ ਸਾਹਿਬ ਦੇ ਗੁਰਦਵਾਰੇ 'ਚ ਲੱਖਾਂ ਲੋਕਾਂ ਦੇ ਸਾਹਮਣੇ ਸਰਾਕਾਰ ਅੱਗੇ ਆਤਮ ਸਮੱਰਣ ਕਰ ਦਿਤਾ। ਵੈਨਕੂਵਰ ਦੀ ਬੰਦਰਗਾਹ ਦੇ (ਜਿਥੇ ਕਾਮਾਗਾਟਾਮਾਰੂ ਜਹਾਜ ਖੜ੍ਹਾ ਸੀ) ਕਿਨਾਰੇ ਇਕ ਸਮਾਰਕ ਬਣਾਇਆ ਗਿਆ ਹੈ ਅਤੇ ਸਾਰੇ ਮੁਸਾਫ਼ਰਾਂ ਦੇ ਨਾਮ ਵੀ ਲਿਖੇ ਹੋਏ ਹਨ। ਪੰਜਾਬੀ ਇਹ ਪਾਰਕ ਦੇਖਣ ਜਰੂਰ ਆਉਂਦੇ ਹਨ। ਹਾਪਕਿਨਸ ਦੇ ਚਮਚੇ ਬੇਲਾ ਸਿੰਘ ਨੂੰ ਕਤਲ ਦੇ ਜੁਰਮ ਚ ਇਕ ਸਾਲ ਦੀ ਕੈਦ ਹੋਈ ਅਤੇ ਉਸਨੂੰ ਡਿਪੋਰਟ (ਜਲਾਵਤਣ) ਕਰਕੇ ਭਾਰਤ ਭੇਜ ਦਿਤਾ ਗਿਆ। ਜਿਥੇ ਮਿੰਟ ਗੁੰਮਰੀ ਚ ਅੰਗਰੇਜਾਂ ਨੇ ਉਸ ਨੂੰ ਇਨਾਮ ਵਜੋਂ ਚਾਰ ਮੁਰੱਬੇ ਜਮੀਨ ਅਲਾਟ ਕਰ ਦਿਤੀ। ਬੇਲਾ ਸਿੰਘ ਦੇ ਹੱਕ ਚ ਗਵਾਹੀ ਦੇਣ ਆਉਂਦੇ ਅੰਗਰੇਜ ਅਫਸਰ ਹਾਪਕਿਨਸ ਦਾ ਭਾਈ ਮੇਵਾ ਸਿੰਘ ਲੋਪੋ ਕੇ ਨੇ ਅਦਾਲਤ ਚ ਹੀ ਗੋਲੀਆਂ ਚਲਾ ਕੇ ਕਤਲ ਕਰ ਦਿਤਾ ਅਤੇ 1915 ਚ ਮੇਵਾ ਸਿੰਘ ਨੂੰ ਫਾਂਸੀ ਦੇ ਦਿੱਤੀ ਗਈ। ਬੇਲਾ ਸਿੰਘ ਭਾਰਤ ਆ ਕੇ ਵੀ ਇਨਕਲਾਬੀਆਂ ਨੂੰ ਫੜਾਉਣ ਦਾ ਕੰਮ ਕਰਦਾ ਕਰਦਾ ਤਿੰਨ ਸਿੰਘਾਂ ਹੱਥੋਂ ਕਤਲ ਹੋ ਗਿਆ। ਮੇਵਾ ਸਿੰਘ ਲੋਪੋ ਕੇ ਸਮੇਤ ਇਹਨਾਂ ਸਾਰੇ ਸੂਰਬੀਰਾਂ ਦੀਆਂ ਤਸਵੀਰਾਂ ਵੈਨਕੂਵਰ ਦੇ ਪੁਰਾਣੇ ਗੁਰਦਵਾਰੇ ਰੌਸ ਚ ਲੱਗੀਆਂ ਹੋਈਆਂ ਹਨ ਅਤੇ ਸਿੱਖ ਸੁਸਾਇਟੀ ਵਲੋਂ ਐਬਸਫੋਰਡ ਦੇ ਇਕ ਗੁਰਦਵਾਰੇ ਨੂੰ ਸਿੱਖਾਂ ਦੇ ਕੈਨੇਡਾ ਚ 1911 'ਚ ਸੌ ਸਾਲ ਹੋਣ ਜਾਣ 'ਤੇ ਗੁਰਦਵਾਰੇ ਨੂੰ ਹੈਰੀਟੇਜ ਬਣਾ ਕੇ ਕਾਮਾਗਾਟਾ ਮਾਰੂ ਸਮੇਤ ਸਿੱਖਾਂ ਦਾ ਸਾਰਾ ਇਤਿਹਾਸ ਤਸਵੀਰਾਂ ਸਮੇਤ ਸਾਂਭਿਆ ਹੋਇਆ ਹੈ। ਇਸੇ ਗੁਰਦਵਾਰੇ ਦੇ ਉਚੇ ਨਿਸ਼ਾਨ ਸਾਹਿਬ ਤੇ 1905 ਚ ਉਚਾ ਕਰਕੇ ਵੱਡਾ ਬਲਬ ਲਾਇਆ ਗਿਆ ਸੀ, ਅਮਰੀਕਾ ਦੇ ਜੰਗਲਾਂ ਚੋਂ ਰਾਤ ਨੂੰ ਕੈਨੇਡਾ ਆਉਣ ਵਾਲੇ ਪੰਜਾਬੀ ਇਸੇ ਬਲਬ ਦੀ ਸੇਧ ਗੁਰਦਵਾਰੇ ਆ ਕੇ ਸ਼ਰਣ ਲੈ ਲੈਂਦੇ ਸਨ। ਐਬਸਫੋਰਡ ਦੇ ਨਾਲ ਨਾਲ ਅਮਰੀਕਾ -ਕੈਨੇਡਾ ਦਾ ਕਾਫੀ ਲੰਮਾ ਬਾਰਡਰ ਹੈ ਅਤੇ ਇਸ ਵਿਚ ਸਿਰਫ ਇਕ ਸੜਕ ਹੀ ਬਣੀ ਹੋਈ ਹੈ। ਅਮਰੀਕਾ ਕੈਨੇਡਾ ਦਾ ਇਹ ਬਾਰਡਰ ਅੱਠ ਹਜਾਰ ਕਿਲੋਮੀਟਰ ਲੰਮਾ ਹੈ। ਕਾਮਾਗਾਟਾ ਮਾਰੂ ਜਹਾਜ ਦੀ ਘਟਨਾ ਨੇ ਭਾਰਤ ਦੀ ਅਜਾਦੀ 'ਚ ਉਹ ਰੋਲ ਅਦਾ ਕੀਤਾ ਜੋ 1919 ਚ ਜਲ੍ਹਿਆਂ ਵਾਲੇ ਬਾਗ ਦੀ ਘਟਨਾ ਨੇ ਕੀਤਾ ਸੀ। ਦੋ ਸਾਲ ਪਹਿਲਾਂ ਕੈਨੇਡਾ ਦੀ ਮੌਜੂਦਾ ਸਰਕਾਰ ਦੇ ਪਰਧਾਨ ਮੰਤਰੀ ਜਸਟਿਨ ਟਰੂਡੋ ਨੇ ਪਾਰਲੀਮੈਂਟ ਚ ਇਸ ਘਟਨਾ ਲਈ ਮੁਆਫ਼ੀ ਮੰਗ ਲਈ ਹੈ।


# ਵਿਗਿਆਨ ਜੋਤ

**ਨੂੰ ਘਰ ਘਰ ਪਹੁੰਚਾਉਣ ਲਈ ਇੱਕ ਵਿਸ਼ੇਸ਼ ਸਕੀਮ ਸ਼ੁਰੂ ਕੀਤੀ ਗਈ ਹੈ।**

'ਵਿਗਿਆਨ ਜੋਤ' ਦੀ ਦੋ ਸਾਲਾਂ ਦੀ ਮੈਂਬਰਸ਼ਿਪ 150 ਰੁਪਏ ਹੈ। ਜਿਹੜਾ ਸਹਿਯੋਗੀ ਇਸਦੇ ਨਵੇਂ ਪਾਠਕ ਬਣਾਏਗਾ ਉਹਨਾਂ ਨੂੰ ਹੇਠ ਲਿਖੇ ਇਨਾਮ ਦਿੱਤੇ ਜਾਣਗੇ।

**ਪੰਜ ਪਾਠਕ ਬਣਾਉਣ ਵਾਲੇ ਨੂੰ**

70 ਰੁਪਏ ਮੁੱਲ ਦੀਆਂ ਕਿਤਾਬਾਂ

ਇਨਾਮ ਵਜੋਂ ਭੇਜੀਆਂ ਜਾਣਗੀਆਂ।

**ਦਸ ਪਾਠਕ ਬਣਾਉਣ ਵਾਲੇ ਨੂੰ**

160 ਰੁਪਏ ਮੁੱਲ ਦੀਆਂ ਕਿਤਾਬਾਂ

ਇਨਾਮ ਵਜੋਂ ਭੇਜੀਆਂ ਜਾਣਗੀਆਂ।

**ਵੀਹ ਪਾਠਕ ਬਣਾਉਣ ਵਾਲੇ ਨੂੰ**

340 ਰੁਪਏ ਮੁੱਲ ਦੀਆਂ ਕਿਤਾਬਾਂ

ਇਨਾਮ ਵਜੋਂ ਭੇਜੀਆਂ ਜਾਣਗੀਆਂ।

**ਪੰਜਾਹ ਪਾਠਕ ਬਣਾਉਣ ਵਾਲੇ ਨੂੰ**

1000 ਰੁਪਏ ਮੁੱਲ ਦੀਆਂ ਕਿਤਾਬਾਂ

ਅਤੇ ਇੱਕ ਪ੍ਰਸ਼ੰਸਾ ਪੱਤਰ

ਇਨਾਮ ਵਜੋਂ ਭੇਜੇ ਜਾਣਗੇ।

ਪਾਠਕਾਂ ਦੀ ਇਕੱਠੀ ਲਿਸਟ ਪੂਰੇ ਪਤਿਆਂ ਅਤੇ ਬੈਂਕ ਡਰਾਫਟ ਸਮੇਤ ਹੇਠ ਲਿਖੇ ਪਤੇ 'ਤੇ ਭੇਜੀ ਜਾਵੇ :

**ਅਮਿੱਤ ਮਿੱਤਰ**

ਤਰਕਸ਼ੀਲ ਨਿਵਾਸ, ਕੱਚਾ ਕਾਲਜ ਰੋਡ,
ਬਰਨਾਲਾ - 148101 (ਪੰਜਾਬ)

ਨੋਟ ✪ ਇਨਾਮ ਵਿਚਲੀਆਂ ਕਿਤਾਬਾਂ ਤੁਹਾਡੀ ਚੋਣ ਅਨੁਸਾਰ ਮੈਗਜ਼ੀਨ ਵਿੱਚ ਛਪੀ ਲਿਸਟ, ਸਿਰਫ਼ ਤਰਕਭਾਰਤੀ ਪ੍ਰਕਾਸ਼ਨ ਜਾਂ ਵਿਸ਼ਵਭਾਰਤੀ ਪ੍ਰਕਾਸ਼ਨ ਵਿੱਚੋਂ ਹੀ ਉਪਲੱਬਧ ਹੋਣਗੀਆਂ ਤੇ ਮਿਲਣਗੀਆਂ।

✪ ਕਿਤਾਬਾਂ ਨੂੰ ਭੇਜਣ ਦਾ ਡਾਕ ਖਰਚ ਅਦਾਰਾ 'ਵਿਗਿਆਨ ਜੋਤ' ਦਾ ਹੋਵੇਗਾ।

✪ ਸਾਰੇ ਚੰਦੇ ਇੱਕੋ ਵੇਲੇ ਹੀ ਭੇਜੇ ਜਾਣ।

# ਸ਼ੰਕਾ ਨਵਿਰਤੀ

ਮੇਘ ਰਾਜ ਮਿੱਤਰ

**ਪ੍ਰਸ਼ਨ 1 : ਗਤੀ ਦੇ ਤਿੰਨ ਨਿਯਮ ਹਨ। ਇੰਨ੍ਹਾਂ ਵਿੱਚੋਂ ਤੀਸਰਾ ਨਿਯਮ ਹੈ ਹਰੇਕ ਕਿਰਿਆ ਦੇ ਉਲਟ ਪ੍ਰਤੀਕਿਰਿਆ ਹੁੰਦੀ ਹੈ। ਇਹ ਤੀਸਰਾ ਨਿਯਮ ਕਦੋਂ ਹੋਂਦ ਵਿੱਚ ਆਇਆ?**

ਉੱਤਰ : ਪਦਾਰਥ ਬ੍ਰਹਿਮੰਡ ਵਿੱਚ ਸਦਾ ਸੀ ਅਤੇ ਸਦਾ ਰਹੇਗਾ। ਇਸ ਲਈ ਨਿਊਟਨ ਦੀ ਗਤੀ ਦੇ ਤਿੰਨੇ ਨਿਯਮ ਪਦਾਰਥ ਨਾਲ ਸਬੰਧਤ ਹਨ। ਇਸ ਲਈ ਪਦਾਰਥ ਸਦਾ ਸੀ ਅਤੇ ਸਦਾ ਰਹੇਗਾ। ਨਿਊਟਨ ਦੀ ਗਤੀ ਦੇ ਤਿੰਨੇ ਨਿਯਮ ਸਦਾ ਸਨ ਅਤੇ ਸਦਾ ਰਹਿਣਗੇ। ਇਸ ਲਈ ਜਿੱਥੇ ਪਦਾਰਥ ਵਿੱਚ ਕੋਈ ਕਿਰਿਆ ਹੋਵੇਗੀ ਉੱਥੇ ਪ੍ਰਤੀ ਕਿਰਿਆ ਵੀ ਹੋਵੇਗੀ। ਜੇ ਕਿਸੇ ਗੇਂਦ ਨੂੰ ਧਰਤੀ ਵੱਲ ਸੁੱਟਾਂਗੇ ਤਾਂ ਧਰਤੀ ਵੀ ਗੇਂਦ ਨੂੰ ਉੱਪਰ ਵੱਲ ਸੁੱਟੇਗੀ। ਜੇ ਬੰਦੂਕ ਵਿੱਚੋਂ ਛੱਡੀ ਹੋਈ ਗੋਲੀ ਅਗਾਂਹ ਨੂੰ ਜਾਵੇਗੀ ਤਾਂ ਬੰਦੂਕ ਵੀ ਪਿੱਛੇ ਨੂੰ ਹਟੇਗੀ ਪਰ ਇਹ ਕਿਰਿਆ ਜਾਂ ਪ੍ਰਤੀਕਿਰਿਆ ਦੋਹਾਂ ਵਸਤੂਆਂ ਦੇ ਭਾਰ ਤੇ ਵੀ ਨਿਰਭਰ ਕਰੇਗੀ। ਦੋ ਚੀਜ਼ਾਂ ਦੇ ਟਕਰਾਉਣ ਦੀ ਹਾਲਤ ਵਿੱਚ ਹਲਕੀ ਚੀਜ਼ ਦੂਰ ਅਤੇ ਤੇਜ਼ੀ ਨਾਲ ਹਟੇਗੀ ਅਤੇ ਭਾਰੀ ਚੀਜ਼ ਘੱਟ ਦੂਰੀ ਅਤੇ ਘੱਟ ਗਤੀ ਨਾਲ ਜਾਵੇਗੀ।

**ਪ੍ਰਸ਼ਨ 2 : ਜੇ ਇਹ ਦੁਨੀਆਂ ਭਗਵਾਨ ਨੇ ਸਿਰਜੀ ਹੈ ਤਾਂ ਉਸਨੇ ਇਹ ਕੰਮ ਕਿਵੇਂ ਅਤੇ ਕਿੰਨੇ ਦਿਨਾਂ ਵਿੱਚ ਕੀਤਾ?**

ਉੱਤਰ : ਪਹਿਲੀ ਗੱਲ ਤਾਂ ਤਰਕਸ਼ੀਲ ਕਿਸੇ ਭਗਵਾਨ ਜਾਂ ਭਗਵਾਨਾਂ ਦੀ ਹੋਂਦ ਵਿੱਚ ਯਕੀਨ ਨਹੀਂ ਕਰਦੇ। ਧਾਰਮਿਕ ਗ੍ਰੰਥਾਂ ਅਨੁਸਾਰ ਇਸ ਗੱਲ ਦੀ ਵਿਆਖਿਆ ਵੱਖ-ਵੱਖ ਹੈ। ਬਾਈਬਲ ਕਹਿੰਦੀ ਹੈ ਕਿ 'ਭਗਵਾਨ ਨੇ ਇਹ ਦੁਨੀਆਂ ਛੇ ਦਿਨਾਂ ਵਿੱਚ ਸਿਰਜੀ।' ਜਦੋਂ ਅਸੀਂ ਵੱਖ-ਵੱਖ ਧਰਮਾਂ ਦੀਆਂ ਅਜਿਹੀਆਂ ਗੱਲਾਂ ਪੜ੍ਹਾਂਗੇ ਤਾਂ ਇਸ ਬਾਰੇ ਸਭ ਦੇ ਵਿਚਾਰ ਵੱਖ-ਵੱਖ ਹੋਣਗੇ। ਇਸ ਲਈ ਕਿਸੇ ਭਗਵਾਨ ਨੇ ਇਹ ਦੁਨੀਆਂ ਨਹੀਂ ਸਿਰਜੀ ਸਗੋਂ ਦੁਨੀਆਂ ਤਾਂ ਆਪਣੇ ਆਪ ਹੋਂਦ ਵਿੱਚ ਆਉਂਦੀ ਰਹਿੰਦੀ ਹੈ ਅਤੇ ਨਸ਼ਟ ਹੁੰਦੀ ਰਹਿੰਦੀ ਹੈ। ਵਿਗਿਆਨਕਾਂ ਅਨੁਸਾਰ ਇਹ ਬ੍ਰਹਿਮੰਡ ਬਹੁਤ ਲੰਬਾ ਅਤੇ ਚੌੜਾ ਹੈ। ਇਸ ਵਿੱਚ ਅਰਬ ਗੁਣਾ ਅਰਬ ਧਰਤੀਆਂ ਹਨ। ਜਿਸ ਧਰਤੀ ਦੇ ਉੱਪਰ ਜਿਉਂਦੀਆਂ ਚੀਜ਼ਾਂ ਲਈ ਲੋੜੀਂਦਾ ਵਾਤਾਵਰਣ ਪੈਦਾ ਹੋ ਜਾਂਦਾ ਹੈ। ਉੱਥੇ ਦੁਨੀਆਂ ਵਿਕਸਿਤ ਹੋਣੀ ਸ਼ੁਰੂ ਹੋ ਜਾਂਦੀ ਹੈ। ਜਦੋਂ ਵੀ ਵਾਤਾਵਰਣ ਵਿੱਚ ਕੋਈ ਤਬਦੀਲੀ ਅਜਿਹੀ ਆ ਜਾਂਦੀ ਹੈ ਕਿ ਉਹ ਜਿਉਂਦੀਆਂ ਵਸਤੂਆਂ ਦੇ ਲਈ ਨੁਕਸਾਨਦਾਇਕ ਹੁੰਦੀ ਹੈ ਤਾਂ ਉਸ ਸਥਾਨ ਤੇ ਦੁਨੀਆਂ ਨਸ਼ਟ ਹੋਣੀ ਸ਼ੁਰੂ ਹੋ ਜਾਂਦੀ ਹੈ। ਇਸ ਧਰਤੀ ਤੇ ਵਿਕਸਿਤ ਹੋਈ ਮਨੁੱਖ ਜਾਤੀ ਨੇ ਇਸ ਵਰਤਾਰੇ ਨੂੰ ਕਾਫ਼ੀ ਹੱਦ ਤੱਕ ਸਮਝ ਲਿਆ ਹੈ। ਇਸ ਲਈ ਉਹ ਵਾਤਾਵਰਣ ਨੂੰ ਆਪਣੇ ਅਨੁਸਾਰ ਢਾਲਣ ਲਈ ਸੰਘਰਸ਼ ਕਰ ਰਿਹਾ ਹੈ ਜਾਂ ਕੋਈ ਅਜਿਹੀ ਹੋਰ ਧਰਤੀ ਲੱਭਣ ਦਾ ਯਤਨ ਕਰ ਰਿਹਾ ਹੈ। ਜਿੱਥੇ ਮਨੁੱਖ ਜਾਤੀ ਲਈ ਲੋੜੀਂਦਾ ਵਾਤਾਵਰਣ ਬਣਾਇਆ ਜਾ ਸਕੇ।

**ਪ੍ਰਸ਼ਨ 3 : ਕੀ ਸੱਪ ਦੇ ਕੱਟੇ ਨੂੰ ਜ਼ਹਿਰ ਚੂਸ ਕੇ ਬਚਾਇਆ ਜਾ ਸਕਦਾ ਹੈ?**

ਉੱਤਰ: ਇਹ ਗੱਲ ਸੱਪ ਦੀ ਕਿਸਮ ਅਤੇ ਮਾਤਰਾ ਤੇ ਨਿਰਭਰ ਕਰਦੀ ਹੈ। ਅਜਿਹੇ ਸੱਪ ਵੀ ਧਰਤੀ ਉੱਪਰ ਮੌਜੂਦ ਹਨ ਜਿਨ੍ਹਾਂ ਦੀ ਜ਼ਹਿਰ ਦਾ ਇੱਕ ਤੁਪਕਾ 60 ਵਿਅਕਤੀਆਂ ਨੂੰ ਮਾਰ ਸਕਦਾ ਹੈ। ਜੇ ਸੱਪ ਜ਼ਿਆਦਾ ਹੀ ਜ਼ਹਿਰੀਲਾ ਹੋਵੇਗਾ ਤਾਂ ਸੱਪ ਦੇ ਕੱਟੇ ਹੋਏ ਅਤੇ ਚੂਸਣ ਵਾਲੇ ਦੀ ਮੌਤ ਤੁਰੰਤ ਹੋ ਸਕਦੀ ਹੈ। ਇਸ ਲਈ ਮੈਂ ਲੋਕਾਂ ਨੂੰ ਸਲਾਹ ਦੇਵਾਂਗਾ ਕਿ ਸੱਪ ਦੇ ਕੱਟੇ ਜਾਣ ਦੀ ਸੂਰਤ ਵਿੱਚ ਜਿੰਨ੍ਹਾਂ ਛੇਤੀ ਤੋਂ ਛੇਤੀ ਸੰਭਵ ਹੋਵੇ ਤਾਂ ਨੇੜੇ ਦੇ ਸਰਕਾਰੀ ਹਸਪਤਾਲ ਵਿੱਚ ਪੁੱਜ ਕੇ ਸੱਪ ਦਾ ਜ਼ਹਿਰ ਵਿਰੋਧੀ ਟੀਕਾ ਲਵਾ ਲੈਣਾ ਚਾਹੀਦਾ ਹੈ।

**ਪ੍ਰਸ਼ਨ 4 : ਕੀ ਕੋਈ ਤਰਕਵਾਦੀ ਦੱਸ ਸਕਦਾ ਹੈ ਕਿ ਮਨੁੱਖ ਨੂੰ ਕਿਹੜੇ ਵਿਗਿਆਨੀ ਨੇ ਬਣਾਇਆ ਹੈ?**

ਉੱਤਰ : ਜਿਵੇਂ ਪਹਿਲੇ ਸਵਾਲਾਂ ਵਿੱਚ ਸਪੱਸ਼ਟ ਹੋ ਚੁੱਕਿਆ ਹੈ ਕਿ ਮਨੁੱਖ ਕੁੱਝ ਦਿਨਾਂ ਵਿੱਚ ਨਹੀਂ ਬਣਿਆ ਸਗੋਂ ਇਹ ਤਾਂ ਅਰਬਾਂ ਵਰ੍ਹਿਆਂ ਵਿੱਚ ਹੋਂਦ ਵਿੱਚ ਆਇਆ ਹੈ। ਧਰਤੀ ਉੱਪਰ ਮਨੁੱਖ ਦੀ ਪੈਦਾਇਸ਼ ਅਮੀਬੇ ਦੀ ਪੈਦਾਇਸ਼ ਨਾਲ ਜੁੜੀ ਹੋਈ ਹੈ। ਇਹ ਇੱਕ ਸੈੱਲਾ ਜੀਵ ਲਗਭਗ ਸਾਢੇ ਤਿੰਨ ਸੌ ਵਰ੍ਹੇ ਪਹਿਲਾਂ ਸਮੁੰਦਰਾਂ ਵਿੱਚ ਹੋਂਦ ਵਿੱਚ ਆਇਆ ਸੀ। ਅੰਦਾਜ਼ਨ ਪੰਜਾਹ ਕੁ ਕਰੋੜ ਵਰ੍ਹੇ ਪਹਿਲਾਂ ਇਸ ਦੇ ਸੈੱਲਾਂ ਨੇ ਵੱਡੀਆਂ ਰਚਨਾਵਾਂ ਬਣਾਉਣੀਆਂ ਸ਼ੁਰੂ ਕਰ ਦਿੱਤੀਆਂ। ਹੌਲੀ-ਹੌਲੀ ਸਮੁੰਦਰਾਂ ਵਿੱਚ ਮੱਛੀਆਂ ਅਤੇ ਪੌਦੇ ਬਣਨੇ ਸ਼ੁਰੂ ਹੋ ਗਏ। ਉਸੇ ਸਮੇਂ ਧਰਤੀ ਤੇ ਪੈਦਾ ਹੋਣ ਵਾਲੀ ਬਨਸਪਤੀ ਅਤੇ ਜ਼ਮੀਨ ਤੇ ਰਹਿਣ ਵਾਲੇ ਜੀਵਾਂ ਨੇ ਵੀ ਪੈਦਾ ਹੋਣ ਦਾ ਢੰਗ ਸਿੱਖ ਲਿਆ। ਇਸ ਤਰ੍ਹਾਂ ਹੌਲੀ-ਹੌਲੀ ਧਰਤੀ ਤੇ ਡਾਇਨਾਸੋਰ ਪੈਦਾ ਹੋ ਗਏ। ਸਾਢੇ ਛੇ ਕਰੋੜ ਵਰ੍ਹੇ ਪਹਿਲਾਂ ਕੋਈ ਉਲਕਾਪਾਤੀ ਧਰਤੀ ਨਾਲ ਟਕਰਾਉਣ ਕਰਕੇ ਡਾਇਨਾਸੋਰ ਅਲੋਪ ਹੋ ਗਏ। ਉਸ ਤੋਂ ਬਾਅਦ ਪਸ਼ੂ-ਪੰਛੀ ਹੋਂਦ ਵਿੱਚ ਆਉਣਾ ਸਿੱਖ ਗਏ। ਇਸ ਤਰ੍ਹਾਂ ਅੱਜ ਤੋਂ ਚਾਰ-ਪੰਜ ਕਰੋੜ ਵਰ੍ਹੇ ਪਹਿਲਾਂ ਬਾਂਦਰ ਜਾਤਾਂ ਵਣ ਮਾਨਸ ਅਤੇ ਗੁਰੀਲੇ ਹੋਂਦ ਵਿੱਚ ਆਉਣਾ ਸਿੱਖ ਗਏ। ਲਗਭਗ ਕਰੋੜ ਕੁ ਵਰ੍ਹੇ ਪਹਿਲਾਂ ਉਨ੍ਹਾਂ ਵਣ ਮਾਨਸਾਂ ਤੋਂ ਮਨੁੱਖ ਦਾ ਵਿਕਾਸ ਹੋ ਗਿਆ। ਇਸ ਤਰ੍ਹਾਂ ਮਨੁੱਖ ਜਾਤੀਆਂ ਵਿੱਚ ਵੀ ਸੁਧਾਰ ਹੁੰਦਾ ਗਿਆ। ਅੱਜ ਦਾ ਮਨੁੱਖ ਪ੍ਰਾਚੀਨ ਮਨੁੱਖਾਂ ਦਾ ਸੁਧਰਿਆ ਹੋਇਆ ਰੂਪ ਹੈ। ਵਿਕਾਸ ਅਜੇ ਰੁਕਿਆ ਨਹੀਂ। ਨਾ ਹੀ ਕਦੇ ਰੁਕੇਗਾ। ਇਹ ਚਲਦਾ ਹੀ ਰਹਿਣਾ ਹੈ। ਜ਼ਿਆਦਾ ਜਾਣਕਾਰੀ ਅਤੇ ਸਬੂਤ ਲੈਣ ਲਈ ਤੁਸੀਂ ਮੇਰੀ ਕਿਤਾਬ 'ਸਮੇਂ ਦਾ ਇਤਿਹਾਸ' ਪੜ੍ਹ ਸਕਦੇ ਹੋ। ਉਸ ਤੋਂ ਵੀ ਵਧੇਰੇ ਜਾਣਕਾਰੀ ਲੈਣ ਲਈ ਤੁਸੀਂ ਡਾਰਵਿਨ ਦੀਆਂ ਕਿਤਾਬਾਂ 'ਜੀਵ ਦੀ ਉਤਪਤੀ' ਅਤੇ 'ਮਨੁੱਖ ਦੀ ਉਤਪਤੀ' ਪੜ੍ਹੀਆਂ ਜਾ ਸਕਦੀਆਂ ਹਨ।

**ਪ੍ਰਸ਼ਨ 5 : ਵਿਗਿਆਨੀਆਂ ਨੂੰ ਵਿਗਿਆਨੀ ਕੌਣ ਬਣਾਉਂਦਾ ਹੈ?**

ਉੱਤਰ : ਮਨੁੱਖ ਵਿੱਚ ਜਦੋਂ ਕਿੰਤੂ ਕਰਨ ਦੀ ਜਾਂਚ ਆ ਜਾਂਦੀ ਹੈ ਤਾਂ ਉਸ ਦਾ ਵਿਗਿਆਨਕ ਬਣਨ ਵੱਲ ਇਹ ਪਹਿਲਾ ਕਦਮ ਹੁੰਦਾ ਹੈ। ਭਾਵੇਂ ਇਸ ਗੱਲ ਵਿੱਚ ਕੋਈ ਸ਼ੱਕ ਨਹੀਂ ਕਿ ਬਹੁਤੇ ਵਿਗਿਆਨਕ ਵੱਡੀਆਂ ਪੜ੍ਹਾਈਆਂ ਕਰਕੇ ਹੀ ਵਿਗਿਆਨ ਦੇ ਖੇਤਰ ਵਿੱਚ ਸਫ਼ਲ ਹੋ ਸਕੇ ਹਨ। ਅਜਿਹੇ ਵਿਅਕਤੀਆਂ ਦਾ ਵਿਗਿਆਨੀ ਬਣਨ ਦਾ ਕਾਰਨ ਇਹ ਹੁੰਦਾ ਹੈ ਕਿ ਉਨ੍ਹਾਂ ਨੂੰ ਯੂਨੀਵਰਸਿਟੀ ਵਿੱਚ ਆਧੁਨਿਕ ਸਾਹਿਤ ਅਤੇ ਉਪਕਰਨ ਪ੍ਰਾਪਤ ਹੋ ਜਾਂਦੇ ਹਨ ਜਿਹੜੇ ਉਨ੍ਹਾਂ ਦੀਆਂ ਖੋਜਾਂ ਲਈ ਸਹਾਈ ਹੁੰਦੇ ਹਨ। ਪਰ ਇਤਿਹਾਸ ਨੇ ਅਜਿਹੇ ਲੋਕਾਂ ਨੂੰ ਵਿਗਿਆਨਕ ਬਣਦੇ ਦੇਖਿਆ ਹੈ ਜਿਨ੍ਹਾਂ ਨੇ ਬਹੁਤੀ ਪੜ੍ਹਾਈ ਵੀ ਨਹੀਂ ਕੀਤੀ ਸੀ। ਜ਼ਹਾਜ਼ ਦੀ ਖੋਜ਼ ਕਰਨ ਵਾਲੇ ਰਾਈਟ ਭਰਾਵਾਂ ਨੂੰ ਖੋਜ਼ ਕਰਨ ਸਬੰਧੀ ਕੋਈ ਸੰਦ ਵੀ ਨਾ ਮਿਲੇ ਸਿਰਫ਼ ਉਨ੍ਹਾਂ ਨੇ ਇਸ ਸਬੰਧੀ ਕੀਤੇ ਗਏ ਯਤਨਾਂ ਦਾ ਅਧਿਐਨ ਕਰ ਲਿਆ ਸੀ। ਫਿਰ ਵੀ ਉਹ ਦੁਨੀਆਂ ਦੀ ਇੱਕ ਵੱਡੀ ਖੋਜ਼ ਕਰਨ ਵਿੱਚ ਸਫ਼ਲ ਰਹੇ। ਸੋ ਮੈਂ ਸਮਝਦਾ ਹਾਂ ਕਿ ਵਿਗਿਆਨੀਆਂ ਨੂੰ ਵਿਗਿਆਨਕ ਉਨ੍ਹਾਂ ਦੀਆਂ ਆਦਤਾਂ ਸੁਭਾਅ ਅਤੇ

ਰੁਚੀ ਬਣਾਉਂਦੀ ਹੈ।

**ਪ੍ਰਸ਼ਨ 6 : ਕੀ ਤਰਕਸ਼ੀਲ ਕਿਸੇ ਥਾਂ 'ਤੇ ਮੱਥਾ ਟੇਕਦੇ ਹਨ ?**

ਉੱਤਰ : ਸਤਿਕਾਰ ਅਤੇ ਪੂਜਾ ਵਿੱਚ ਵੱਡਾ ਅੰਤਰ ਹੁੰਦਾ ਹੈ। ਪੂਜਾ ਜਿੱਥੇ ਪ੍ਰਦੂਸ਼ਣ ਫੈਲਾਉਂਦੀ ਹੈ ਸਮਾਂ ਬਰਬਾਰ ਕਰਵਾਉਂਦੀ ਹੈ ਪੂਜਾ ਕਰਵਾਉਣ ਵਾਲਿਆਂ ਦੀ ਲੁੱਟ ਕਰਵਾਉਂਦੀ ਹੈ। ਇਹ ਤਾਂ ਤੁਹਾਡੇ ਮਨ ਵਿੱਚ ਹੀ ਹੁੰਦਾ ਹੈ। ਤਰਕਸ਼ੀਲ ਉਨ੍ਹਾਂ ਗੁਰੂਆਂ ਦਾ ਜਾਂ ਇਤਿਹਾਸਕ ਸਖਸ਼ੀਅਤਾਂ ਦਾ ਇਸ ਲਈ ਸਤਿਕਾਰ ਕਰਦੇ ਹਨ ਕਿਉਂਕਿ ਉਹ ਸਾਡੇ ਅਜਿਹੇ ਪੁਰਖੇ ਸਨ ਜਿਨ੍ਹਾਂ ਦੀਆਂ ਸਿੱਖਿਆਵਾਂ ਨੇ ਸਾਨੂੰ ਜ਼ਿੰਦਗੀ ਦੇ ਸੰਘਰਸ਼ ਕਰਨੇ ਸਿਖਾਏ ਅਤੇ ਸਾਨੂੰ ਸੱਚ ਨਾਲ ਖੜ੍ਹਨਾ ਸਿਖਾਇਆ ਹੈ। ਸੋ ਤਰਕਸ਼ੀਲ ਮੱਥੇ ਨਹੀਂ ਰਗੜਦੇ। ਸਿਰਫ਼ ਤੇ ਸਿਰਫ਼ ਸਤਿਕਾਰ ਕਰਦੇ ਹਨ ਕਿਉਂਕਿ ਤਰਕਸ਼ੀਲ ਤਾਂ ਸਿਰਫ਼ ਅਜਿਹਾ ਵਰਤਾਰਾ ਹੈ ਜਿਸਦੇ ਨੇੜੇ ਤਾਂ ਜਾਇਆ ਜਾ ਸਕਦਾ ਹੈ ਪਰ ਪੂਰੀ ਤਰ੍ਹਾਂ ਤਰਕਸ਼ੀਲ ਹੋਣਾ ਇੱਕ ਔਖਾ ਤੇ ਲੰਬੇ ਸਮੇਂ ਦਾ ਕਾਰਜ ਹੁੰਦਾ ਹੈ। ਅਸੀਂ ਸਮਾਜ ਵਿੱਚ ਰਹਿ ਕੇ ਹੀ ਸਮਾਜ ਨੂੰ ਬਦਲਣਾ ਹੁੰਦਾ ਹੈ। ਸਮਾਜਿਕ ਤਬਦੀਲੀਆਂ ਹੌਲੀ-ਹੌਲੀ ਆਉਂਦੀਆਂ ਹਨ। ਇਸ ਲਈ ਤਰਕਸ਼ੀਲਤਾ ਵੀ ਸਿੱਖਣੀ ਪੈਂਦੀ ਹੈ।



**ਪ੍ਰਸ਼ਨ 7 : ਕੀ ਹੁਣ ਲੋਕ ਸਰਸੇ ਜਾਣਾ ਛੱਡ ਦੇਣਗੇ ?**

ਉੱਤਰ : ਜਦੋਂ ਵੀ ਕੋਈ ਸੰਸਥਾ ਬਣ ਜਾਂਦੀ ਹੈ ਤਾਂ ਲੋਕ ਲੰਬੇ ਸਮੇਂ ਤੋਂ ਸੰਸਥਾਵਾਂ ਨਾਲ ਜੁੜੇ ਹੁੰਦੇ ਹਨ। ਡੇਰਾ ਸਿਰਸਾ ਨੂੰ ਹੀ ਲੈ ਲਓ। ਲੱਗਭਗ 70 ਸਾਲਾਂ ਤੋਂ ਡੇਰਾ ਸਿਰਸਾ ਵਸਿਆ ਹੋਇਆ ਹੈ। ਜਦੋਂ ਲੰਬੇ ਸਮੇਂ ਤੋਂ ਕੋਈ ਸੰਸਥਾਂ ਹੋਂਦ ਵਿੱਚ ਰਹਿੰਦੀ ਹੈ ਤਾਂ ਉਸ ਨਾਲ ਜੁੜੇ ਲੋਕਾਂ ਦਾ ਇੱਕ ਸਮਾਜ ਬਣ ਜਾਂਦਾ ਹੈ। ਇਹ ਸਮਾਜਿਕ ਭਾਈਚਾਰਾ ਇੱਕ ਜਾਲ ਹੈ। ਇਸ ਜਾਲ ਵਿੱਚੋਂ ਛੇਤੀ ਜਾਂ ਇੱਕਾ-ਦੁੱਕਾ ਘਟਨਾਵਾਂ ਨਾਲ ਨਿਕਲਣਾ ਸੰਭਵ ਨਹੀਂ ਹੁੰਦਾ। ਮੰਨ ਲਓ ਇੱਕ ਪ੍ਰੇਮੀ ਚਾਲੀ ਵਰ੍ਹਿਆਂ ਤੋਂ ਸਿਰਸੇ ਜਾਂਦਾ ਰਿਹਾ ਹੈ। ਦਸ-ਵੀਹ ਵਿਅਕਤੀ ਅਜਿਹੇ ਵੀ ਹੋਣਗੇ ਜਿਹੜੇ ਉਸ ਦੀ ਪ੍ਰੇਰਨਾ ਸਦਕਾ ਡੇਰੇ ਨਾਲ ਜੁੜੇ ਹੋਣਗੇ। ਹੁਣ ਡੇਰਾ ਮੁਖੀ ਦੀਆਂ ਗਲਤੀਆਂ ਕਾਰਨ ਜੇ ਉਹ ਡੇਰੇ ਨੂੰ ਛੱਡ ਜਾਂਦਾ ਹੈ ਤਾਂ ਜਿੰਨ੍ਹਾਂ ਵਿਅਕਤੀਆਂ ਨੂੰ ਉਹ ਡੇਰੇ ਦੀ ਸ਼ਰਨ ਵਿੱਚ ਲੈ ਕੇ ਆਇਆ ਸੀ ਉਨ੍ਹਾਂ ਦੇ ਤਾਨ੍ਹੇ-ਮਿਹਣੇ ਉਸਨੂੰ ਸੁਣਨੇ ਔਖੇ ਹੋ ਜਾਣਗੇ। ਭਾਵੇਂ ਡੇਰਾ ਮੁਖੀ ਦੀਆਂ ਘਟੀਆ ਹਰਕਤਾਂ ਕਾਰਨ ਉਨ੍ਹਾਂ ਦੇ ਮਨਾਂ ਵਿੱਚ ਸ਼ੰਕਾ ਤਾਂ ਖੜ੍ਹੀ ਹੋ ਜਾਵੇਗੀ ਅਤੇ ਅੱਧ-ਪਚੱਧ ਅਜਿਹੀ ਸ਼ੰਕਾ ਨਾਲ ਡੇਰੇ ਨਾਲੋਂ ਖਹਿੜਾ ਛੁਡਵਾਉਣ ਵਿੱਚ ਸਫ਼ਲ ਹੋ ਜਾਣਗੇ। ਰਹਿੰਦੇ ਵਿਅਕਤੀ ਕੋਈ ਅਜਿਹਾ ਆਗੂ ਲੱਭ ਲੈਣਗੇ ਜਾਂ ਅਜਿਹੇ ਕਿਸੇ ਹੋਰ ਪੰਥ ਨਾਲ ਜਾ ਜੁੜਨਗੇ। ਸੋ ਜੇ ਪ੍ਰੇਮੀਆਂ ਨੂੰ ਸਮਝਾ ਬੁਝਾ ਕੇ ਡੇਰੇ ਨਾਲੋਂ ਲਾਹਿਆ ਜਾ ਸਕਦਾ ਹੈ। ਸਮਝਾਉਣ ਬੁਝਾਉਣ ਦਾ ਕਾਰਜ ਔਖਾ ਹੈ।

**ਪ੍ਰਸ਼ਨ 8 : ਕੀ ਸਮਾਜ ਵਿੱਚ ਲੋਕਾਂ ਨੂੰ ਖੁਸ਼ ਕੀਤਾ ਜਾ ਸਕਦਾ ਹੈ ?**

ਉੱਤਰ : ਸਾਡਾ ਦੇਸ਼ ਬਹੁਤ ਸਾਰੇ ਧਰਮਾਂ ਇਲਾਕਿਆਂ ਜਾਤਾਂ ਅਤੇ ਇਸਤਰੀ-ਪੁਰਸ਼ਾਂ ਦਾ ਦੇਸ਼ ਹੈ। ਸਾਰੇ ਇਸ ਵੱਡੇ ਸਮਾਜ ਵਿੱਚ ਰਹਿਣ ਵਾਲੇ ਵੱਖ-ਵੱਖ ਲੋਕਾਂ ਅਤੇ ਨਸਲਾਂ ਦੀਆਂ ਰੁਚੀਆਂ ਅਤੇ ਸੁਭਾਅ ਵੱਖ-ਵੱਖ ਹਨ। ਪਰ ਮੈਂ ਸਮਝਦਾ ਹਾਂ ਕਿ ਮਨੁੱਖ ਭਲਾਈ ਕਾਰਜ ਬਹੁਤੇ ਲੋਕਾਂ ਨੂੰ ਖੁਸ਼ ਕਰ ਸਕਦੇ ਹਨ ਪਰ ਸਾਰਿਆਂ ਨੂੰ ਨਹੀਂ। ਅੱਜ ਅਸੀਂ ਜਾਣਦੇ ਹਾਂ ਕਿ ਸਾਡੇ ਦੇਸ਼ ਦੇ ਲੋਕਾਂ ਦੀਆਂ ਵੱਡੀਆਂ ਸਮੱਸਿਆਵਾਂ ਸਿਰਫ਼ ਇਸ ਕਰਕੇ ਪੈਦਾ ਹੋ ਰਹੀਆਂ ਹਨ ਕਿਉਂਕਿ ਇਸ ਦੇਸ਼ ਵਿੱਚ ਦੌਲਤ ਦੀ ਕਾਣੀ ਵੰਡ ਹੈ। ਭਾਰਤ ਦੀ 50% ਤੋਂ ਵੱਧ ਜਾਇਦਾਦ ਸਿਰਫ਼ 100 ਕੁ ਗਿਣੇ-ਚੁਣੇ ਪਰਿਵਾਰਾਂ ਕੋਲ ਇਕੱਠੀ ਹੋ ਗਈ ਹੈ। ਲੱਗਭਗ 25 ਕਰੋੜ ਪਰਿਵਾਰ 50% ਜਾਇਦਾਦ ਦੇ ਮਾਲਕ ਹੀ ਰਹਿ ਗਏ ਹਨ। ਹੁਣ ਨਾ ਤਾਂ 25 ਕਰੋੜ ਪਰਿਵਾਰ 100 ਪਰਿਵਾਰਾਂ ਨੂੰ ਖੁਸ਼ ਰਹਿਣ ਦੇਣਗੇ ਅਤੇ 100 ਪਰਿਵਾਰ 25 ਕਰੋੜ ਪਰਿਵਾਰਾਂ ਦਾ ਮੁਕਾਬਲਾ ਕਰਨ ਵਿੱਚ ਕਾਮਯਾਬ ਨਹੀਂ ਹੋਣਗੇ। ਇਸ ਲਈ ਜਿੰਨ੍ਹਾਂ ਚਿਰ ਇਹ ਵੱਡਾ ਖੱਪਾ ਘਟਾਇਆ ਨਹੀਂ ਜਾਂਦਾ ਓਨਾ ਚਿਰ ਮੇਰੇ ਦੇਸ਼ ਦੇ ਲੋਕ ਸੁਖੀ ਹੋ ਹੀ ਨਹੀਂ ਸਕਦੇ।

**ਪ੍ਰਸ਼ਨ 9 : ਕੀ ਰੋਹੰਗਿਆਂ ਨੂੰ ਭਾਰਤ ਵਿੱਚ ਸ਼ਰਨ ਦੇਣੀ ਚਾਹੀਦੀ ਹੈ ਜਾਂ ਨਹੀਂ ?**

ਉੱਤਰ : ਸਰਹੱਦਾਂ ਦੇਸ਼ ਨਹੀਂ ਹੁੰਦੀਆਂ ਸਗੋਂ ਦੇਸ਼ ਤਾਂ ਲੋਕ ਹੁੰਦੇ ਹਨ। ਸਮੱਸਿਆ ਇਕੱਲੀ ਰੋਹੰਗਿਆਂ ਦੀ ਨਹੀਂ। ਅੱਜ ਵੀ ਦੁਨੀਆਂ ਵਿੱਚ ਅਜਿਹੇ ਸੈਂਕੜੇ ਕਬੀਲੇ ਹਨ ਜਿੰਨ੍ਹਾਂ ਕੋਲ ਕਿਸੇ ਵੀ ਦੇਸ਼ ਦੀ ਨਾਗਰਕਿਤਾ ਨਹੀਂ ਹੈ। ਅਜਿਹੇ ਲੋਕਾਂ ਦੀ ਗਿਣਤੀ ਕਰੋੜਾਂ ਵਿੱਚ ਹੈ। ਹਰ ਦੇਸ਼ ਵਿੱਚ ਉਨ੍ਹਾਂ ਵਿਰੁੱਧ ਭੇਦ-ਭਾਵ ਹੋ ਰਹੇ ਹਨ। ਯੂ.ਐਨ.ਓ. ਨੂੰ ਚਾਹੀਦਾ ਹੈ ਕਿ ਵੱਡੇ ਇਲਾਕਿਆਂ ਦੇ ਮਾਲਕ ਦੇਸ਼ਾਂ ਤੋਂ ਕੋਈ ਮਨੁੱਖੀ ਵਸੋਂ ਯੋਗ ਇਲਾਕਾ ਖਰੀਦ ਲਵੇ ਤੇ ਸਮੁੱਚੀ ਦੁਨੀਆਂ ਦੇ ਨਾਗਰਿਕਤਾ ਰਹਿਤ ਅਜਿਹੇ ਲੋਕਾਂ ਨੂੰ ਉਸ ਦੇਸ਼ ਵਿੱਚ ਵਸਾ ਲਵੇ ਤਾਂ ਹੀ ਅਜਿਹੇ ਲੋਕਾਂ ਦਾ ਕਲਿਆਣ ਹੋ ਸਕਦਾ ਹੈ। ਰੋਹੰਗਿਆ ਨੂੰ ਅਸਥਾਈ ਤੌਰ ਤੇ ਭਾਰਤ ਨੂੰ ਜਾਂ ਮੀਆਂਮਾਰ ਨੂੰ ਨਾਗਰਿਕਤਾ ਦੇ ਹੀ ਦੇਣੀ ਚਾਹੀਦੀ ਹੈ।

**ਪ੍ਰਸ਼ਨ 10 : ਕੀ ਓਸ਼ੋ ਰਜ਼ਨੀਸ ਪੁਨਰ ਜਨਮ ਵਿੱਚ ਵਿਸ਼ਵਾਸ ਰੱਖਦਾ ਸੀ ?**

ਉੱਤਰ : ਓਸ਼ੋ ਦਾ ਪੁਨਰ ਜਨਮ ਵਿੱਚ ਯਕੀਨ ਸੀ ਭਾਵੇਂ ਉਹ ਪ੍ਰਮਾਤਮਾ ਜਾਂ ਧਰਮਾਂ ਨੂੰ ਨਹੀਂ ਮੰਨਦਾ ਸੀ। ਉਂਝ ਵੀ ਓਸ਼ੋ ਨੇ ਆਪਣੀ ਵਿਚਾਰਧਾਰਾ ਬਾਰੇ ਕਿਤੇ ਵੀ ਸਪੱਸ਼ਟ ਨਹੀਂ ਕੀਤਾ ਹੈ। ਬਹੁਤ ਸਾਰੀਆਂ ਥਾਵਾਂ ਤੇ ਇਸ ਨੇ ਚੰਗੀਆਂ ਗੱਲਾਂ ਲਿਖੀਆਂ ਹਨ ਤੇ ਧਰਮ ਦੇ ਬਹੁਤ ਸਾਰੇ ਨੁਕਸਾਨ ਵੀ ਲਿਖੇ ਹਨ। ਪਰ ਉਸ ਨੇ ਕਿਤੇ ਵੀ ਇਸ ਸਵਾਲ ਦਾ ਜਵਾਬ ਨਹੀਂ ਦਿੱਤਾ ਕਿ ਬੰਦੇ ਨੂੰ ਧਾਰਮਿਕ ਹੋਣਾ ਚਾਹੀਦਾ ਹੈ ਜਾਂ ਨਾਸਤਿਕ ਹੋਣਾ ਚਾਹੀਦਾ ਹੈ। ਇਸੇ ਤਰ੍ਹਾਂ ਉਸਨੇ ਦੋਵੇਂ ਪੱਖਾਂ ਤੋਂ ਪ੍ਰਮਾਤਮਾ ਬਾਰੇ ਦੱਸਿਆ ਹੈ। ਸੋ ਮੈਂ ਸਮਝਦਾ ਹਾਂ ਕਿ ਓਸ਼ੋ ਇੱਕ ਖ਼ੁਦ ਹੀ ਉਲਝਿਆ ਹੋਇਆ ਵਿਅਕਤੀ ਸੀ। ਇਸ ਲਈ ਮੈਂ ਉਸ ਦੀ ਵਿਚਾਰਧਾਰਾ ਨੂੰ ਘਟੀਆ ਮੰਨਦਾ ਹਾਂ।

**ਪ੍ਰਸ਼ਨ 11: ਰਾਧਾ ਸਵਾਮੀਆਂ ਦਾ ਗੁਪਤ ਨਾਮਦਾਨ ਕੀ ਹੈ ?**

ਉੱਤਰ : ਰਾਧਾ ਸਵਾਮੀਆਂ ਦਾ ਗੁਪਤ ਨਾਮਦਾਨ 'ਓਅੰਕਾਰ ਰਰੰਕਾਰ ਜੋਤਿ ਨਿਰੰਜਨ ਸੋਹੰ ਅਤੇ ਸਤਿਨਾਮ' ਹੈ। ਹੁਣ ਤੁਸੀਂ ਹੀ ਦੱਸੋ ਕਿ ਜੇ ਮੈਂ ਬਨੇਰੇ ਤੇ ਬੈਠੀ ਚਿੜੀ ਨੂੰ 'ਚਿੜੀ ਚਿੜੀ' ਕਹੀ ਜਾਵਾਂ ਤਾਂ ਕੀ ਮੈਂ

ਮੋਟਾ ਹੋ ਜਾਵਾਂਗਾ? ਜਾਂ ਮੇਰੀ ਬੁੱਧੀ ਤੇਜ਼ ਹੋ ਜਾਵੇਗੀ? ਜਾਂ ਚਿੜੀ ਮੋਟੀ ਹੋ ਜਾਵੇਗੀ? ਜਾਂ ਚਿੜੀ ਦੀ ਬੁੱਧੀ ਤੇਜ਼ ਹੋ ਜਾਵੇਗੀ? ਇਸ ਲਈ ਕੋਈ ਸ਼ਬਦ ਵਾਰ-ਵਾਰ ਦੁਹਰਾਉਣ ਨਾਲ ਫ਼ਰਕ ਨਹੀਂ ਪੈਂਦਾ ਹੈ। ਪਰ ਨਾਮ ਸ਼ਬਦ ਲੈਣ ਵਾਲੇ ਵਿਅਕਤੀ ਸੋਚਦੇ ਹਨ ਕਿ ਉਨ੍ਹਾਂ ਨੂੰ ਇਹ ਸ਼ਬਦ ਵਾਰ-ਵਾਰ ਦੁਹਰਾਉਣ ਨਾਲ ਬਹੁਤ ਫਾਇਦਾ ਹੁੰਦਾ ਹੈ। ਜੇ ਇਹ ਸ਼ਬਦ ਦੁਹਰਾਉਣ ਨਾਲ ਫਾਇਦਾ ਹੁੰਦਾ ਹੈ ਤਾਂ ਇਹ ਸ਼ਬਦ ਸਾਰੇ ਲੋਕਾਂ ਨੂੰ ਦੱਸ ਦੇਣਾ ਚਾਹੀਦਾ ਹੈ ਤਾਂ ਜੋ ਸਭ ਨੂੰ ਹੀ ਫਾਇਦਾ ਹੋ ਜਾਵੇ। ਫਿਰ ਇਸ ਨੂੰ ਆਪਣੇ ਤੱਕ ਹੀ ਸੀਮਿਤ ਕਿਉਂ ਰੱਖਿਆ ਜਾਂਦਾ ਹੈ।

**ਪ੍ਰਸ਼ਨ 12 : ਇੱਕ ਨਾਸਤਿਕ ਬੰਦਾ ਆਸਤਿਕ ਬੰਦੇ ਨੂੰ ਕਿਸ ਤਰ੍ਹਾਂ ਦੇ ਤਰਕ ਦੇ ਕੇ ਸਮਝਾ ਸਕਦਾ ਹੈ ਕਿ ਰੱਬ ਦੀ ਕੋਈ ਹੋਂਦ ਨਹੀਂ? ਜਦੋਂ ਕਿ ਆਸਤਿਕ ਬੰਦਾ ਹਰੇਕ ਘਟਨਾ ਪਿੱਛੇ ਰੱਬ ਦਾ ਹੱਥ ਦਸਦਾ ਹੈ।**

ਉੱਤਰ : ਮੋਹਨ ਸਿੰਘ ਨੇ ਲਿਖਿਆ ਹੈ :

'ਰੱਬ ਇੱਕ ਅਜਿਹਾ ਗੋਰਖ ਧੰਦਾ
ਖੋਲ੍ਹਣ ਲੱਗਿਆ ਪੇਚ ਏਸਦੇ ਕਾਫ਼ਿਰ ਹੋ ਜਾਏ ਬੰਦਾ।'

ਸੋ ਕਵਿਤਾ ਦੀਆਂ ਇਹ ਲਾਈਨਾਂ ਬਹੁਤ ਕੁੱਝ ਸਿਖਾਉਂਦੀਆਂ ਹਨ। ਸੋ ਰੱਬ ਦੇ ਪੇਚ ਕੀ ਕਿਉਂ ਕਿਵੇਂ ਕਿੱਥੇ ਅਤੇ ਕਦੋਂ ਨਾਲ ਖੁੱਲ੍ਹ ਸਕਦੇ ਹਨ। ਹੁਣ ਜੇ ਕੋਈ ਆਸਤਿਕ ਤੁਹਾਡੀ ਗੱਲ ਸੁਣਨ ਲਈ ਤਿਆਰ ਹੈ ਤਾਂ ਤੁਸੀਂ ਉਸ ਨੂੰ ਪੁੱਛ ਸਕਦੇ ਹੋ ਕਿ ਤੁਹਾਡਾ ਪ੍ਰਮਾਤਮਾ ਕਿੱਥੇ ਰਹਿੰਦਾ ਹੈ? ਕੀ ਖਾਂਦਾ-ਪੀਂਦਾ ਹੈ? ਕਿੰਨਾਂ ਜਾਗਦਾ ਅਤੇ ਸੌਂਦਾ ਹੈ? ਕਿੰਨਾ ਹੱਸਦਾ ਅਤੇ ਰੋਂਦਾ ਹੈ? ਕਿੱਥੇ ਹੈ? ਉਸ ਨੇ ਇਸ ਪ੍ਰਿਥਵੀ ਦੀ ਸਿਰਜਣਾ ਕਿਸ ਚੀਜ਼ ਨਾਲ ਕਿਵੇਂ ਕਦੋਂ ਅਤੇ ਕਿੱਥੇ ਕੀਤੀ? ਪ੍ਰਿਥਵੀ ਨੂੰ ਕਦੋਂ ਅਤੇ ਕਿਵੇਂ ਨਸ਼ਟ ਕਰੇਗਾ? ਕੀ ਇਸ ਕਿਸਮ ਦੇ ਸਵਾਲ ਪੁੱਛ ਕੇ ਤੁਸੀਂ ਉਸ ਨਾਲ ਗੱਲਬਾਤ ਕਰ ਸਕਦੇ ਹੋ। ਪੱਕਾ ਹੀ ਕੁੱਝ ਦਿਨਾਂ ਬਾਅਦ ਉਹ ਵਿਅਕਤੀ 'ਨਾਸਤਿਕ' ਹੋ ਜਾਵੇਗਾ।

**13. ਪ੍ਰਸ਼ਨ : ਕੀ ਮੱਥੇ ਵਿੱਚ ਸੰਧੂਰ ਪਾਉਣਾ ਜਾਂ ਸੰਧੂਰ ਦਾ ਲੇਪ ਕਰਨਾ ਫਾਇਦੇਮੰਦ ਹੈ ਜਾਂ ਨੁਕਸਾਨਦਾਇਕ ਹੈ?**

ਉੱਤਰ : ਆਮ ਤੌਰ ਤੇ ਹਿੰਦੂ ਇਸਤਰੀਆਂ ਵਾਲ ਵਾਹ ਕੇ ਆਪਣੇ ਚੀਰ ਵਿੱਚ ਇੱਕ ਲਾਲ ਰੰਗ ਦਾ ਪਾਊਡਰ ਪਾ ਲੈਂਦੀਆਂ ਹਨ ਜਿਸ ਨੂੰ ਸੰਧੂਰ ਕਿਹਾ ਜਾਂਦਾ ਹੈ। ਕਈ ਰਸਮਾਂ ਵਿੱਚ ਮੱਥੇ ਉੱਪਰ ਟਿੱਕਾ ਸੰਧੂਰ ਦਾ ਲਾ ਦਿੱਤਾ ਜਾਂਦਾ ਹੈ। ਸੰਧੂਰ ਵਿੱਚ ਸਿੱਕੇ ਦੀ ਮਾਤਰਾ ਵਰਤੋ ਯੋਗ ਪੈਮਾਨੇ ਨਾਲੋਂ ਕਿਤੇ ਵੱਧ ਹੁੰਦੀ ਹੈ। ਸਾਡੇ ਸਰੀਰ ਵਿੱਚ ਗਿਆ ਸਿੱਕਾ ਬਹੁਤ ਨੁਕਸਾਨਦਾਇਕ ਹੈ। ਇਹ ਇੱਕ ਧੀਮਾ ਜ਼ਹਿਰ ਹੈ। ਜਿਹੜਾ ਸਰੀਰ ਨੂੰ ਲੰਬੇ ਸਮੇਂ ਬਾਅਦ ਨੁਕਸਾਨ ਪਹੁੰਚਾਉਂਦਾ ਹੈ। ਇਸ ਲਈ ਅਸੀਂ ਸਾਡੇ ਲੋਕਾਂ ਨੂੰ ਸਲਾਹ ਦੇਵਾਂਗੇ ਕਿ ਉਹ ਭੁੱਲ ਕੇ ਵੀ ਇਸਦਾ ਇਸਤੇਮਾਲ ਨਾ ਕਰਨਾ।

**14. ਪ੍ਰਸ਼ਨ : ਕੀ ਅੱਖਾਂ ਵਿੱਚ ਸੁਰਮਾ ਜਾਂ ਕੱਜਲ ਪਾਉਣਾ ਠੀਕ ਹੈ ਜਾਂ ਨਹੀਂ?**

ਉੱਤਰ : ਅਮਰੀਕਾ ਦੀ ਵਾਤਾਵਰਣ ਏਜੰਸੀ ਨੇ ਆਪਣੇ ਦੇਸ਼ ਵਿੱਚ ਅਜਿਹਾ ਕਰਨ ਤੇ ਪਾਬੰਦੀ ਲਾ ਦਿੱਤੀ ਹੈ। ਕਿਉਂਕਿ ਇਨ੍ਹਾਂ ਚੀਜ਼ਾਂ ਸੁਰਮੇ ਤੇ ਕੱਜਲ ਰਾਹੀਂ ਕਿਸੇ ਨਾ ਕਿਸੇ ਢੰਗ ਰਾਹੀਂ ਸਿੱਕੇ ਦੀ ਕੁੱਝ ਮਾਤਰਾ ਆ ਜਾਂਦੀ ਹੈ। ਜਿਹੜੀ ਨੁਕਸਾਨ ਪਹੁੰਚਾਉਂਦੀ ਹੈ। ਆਈਲਾਈਨਰ ਅਤੇ ਅੱਖਾਂ ਤੇ ਲਾਏ ਹੋਏ ਰੰਗ ਵੀ ਨੁਕਸਾਨਦਾਇਕ ਹੁੰਦੇ ਹਨ। ਇਹ ਗੱਲਾਂ ਅਮਰੀਕਨ ਜਨਰਲ ਪਬਲਿਕ ਹੈਲਥ ਦੇ ਵਿੱਚ ਛਪੀਆਂ ਹਨ। ਇਨ੍ਹਾਂ ਅਨੁਸਾਰ ਅਮਰੀਕਾ ਵਿੱਚ ਮਿਲਣ ਵਾਲੇ ਅਜਿਹੇ 83% ਸੈਂਪਲਾਂ ਵਿੱਚੋਂ ਅਤੇ ਭਾਰਤ ਵਿੱਚੋਂ ਇਕੱਠੇ ਕੀਤੇ ਗਏ 78% ਸੈਂਪਲਾਂ ਵਿੱਚ ਸਿੱਕੇ ਦੀ ਮਾਤਰਾ ਲੋੜੀਂਦੀ ਮਾਤਰਾ ਨਾਲੋਂ ਵੱਧ ਸੀ।

**ਪ੍ਰਸ਼ਨ 15 ਡੇਰਾ ਪ੍ਰੇਮੀਆਂ ਨੇ ਪੰਚਕੂਲੇ ਅਤੇ ਸਿਰਸੇ ਵਿੱਚ ਹਿੰਸਾ ਕੀਤੀ ਹੈ। ਇਹ ਹਿੰਸਾ ਡੇਰੇ ਦੀ ਹਦਾਇਤ ਉੱਪਰ ਕੀਤੀ ਗਈ ਸੀ। ਭਾਵੇਂ ਉਸ ਨੇ ਆਪਣੇ ਪਰਿਵਾਰਿਕ ਮੋਹ ਕਰਕੇ ਆਪਣੇ ਪਰਿਵਾਰ ਦੇ ਕਿਸੇ ਜੀਅ ਨੂੰ ਇਸ ਵਿੱਚ ਸ਼ਾਮਿਲ ਨਹੀਂ ਸੀ ਕੀਤਾ। ਪਰ ਕੀ ਸਰਕਾਰ ਵੱਲੋਂ ਇੰਨ੍ਹਾਂ ਡੇਰਾ ਪ੍ਰੇਮੀਆਂ ਵਿਰੁੱਧ ਦੇਸ਼ ਧ੍ਰੋਹ ਦੇ ਮੁਕੱਦਮੇ ਦਰਜ ਕਰਨਾ ਜਾਇਜ਼ ਹੈ?**

ਉੱਤਰ : ਸਾਡੇ ਦੇਸ਼ ਵਿੱਚ ਸਮੱਸਿਆਵਾਂ ਗੰਭੀਰ ਹਨ, ਪਰ ਇਸ ਦਾ ਮਤਲਬ ਇਹ ਨਹੀਂ ਕਿ ਸਰਕਾਰ ਲੋਕਾਂ ਦੀਆਂ ਜਾਇਜ਼ ਮੰਗਾਂ ਵਿਰੁੱਧ ਦੇਸ਼ ਧ੍ਰੋਹ ਦੇ ਮੁਕੱਦਮੇ ਦਰਜ ਕਰ ਦੇਵੇ। ਮੈਂ ਸਮਝਦਾ ਹਾਂ ਕਿ ਇਹ ਗੱਲਾਂ ਦੇਸ਼ ਧ੍ਰੋਹ ਨਹੀਂ ਬਣਦੀਆਂ। ਹਿੰਸਕ ਘਟਨਾਵਾਂ ਕਰਕੇ ਦੇਸ਼ ਧ੍ਰੋਹੀ ਦੇ ਕੇਸ ਦਰਜ ਕਰਨੇ ਬਿਲਕੁੱਲ ਗਲਤ ਹਨ। ਹਿੰਸਕ ਘਟਨਾਵਾਂ ਵਿਰੁੱਧ ਬਹੁਤ ਸਾਰੀਆਂ ਧਾਰਾਵਾਂ ਪਹਿਲਾਂ ਹੀ ਸਾਡੇ ਸੰਵਿਧਾਨ ਵਿੱਚ ਦਰਜ ਹਨ। ਦੇਸ਼-ਭਗਤੀ ਅਸਲ ਵਿੱਚ ਦੇਸ਼ ਦੇ ਲੋਕਾਂ ਨੂੰ ਪਹੁੰਚਾਇਆ ਨੁਕਸਾਨ ਹੁੰਦਾ ਹੈ। ਦੇਸ਼ ਧ੍ਰੋਹੀ ਉਹ ਲੋਕ ਹੁੰਦੇ ਹਨ ਜਿਹੜੇ ਦੰਗੇ ਕਰਵਾਉਂਦੇ ਹਨ ਸਮਾਜ ਨੂੰ ਜਾਤਾਂ ਪਾਤਾਂ ਵਿੱਚ ਵੰਡ ਕੇ ਛੂਤ-ਛਾਤ ਕਰਦੇ ਹਨ। ਉਨ੍ਹਾਂ ਵਿਰੁੱਧ ਅੱਜ ਤੱਕ ਦੇਸ਼ ਧ੍ਰੋਹ ਦੇ ਮੁਕੱਦਮੇ ਦਰਜ ਨਹੀਂ ਕੀਤੇ ਗਏ, ਕਿਉਂਕਿ ਇੱਥੋਂ ਦੀਆਂ ਸਰਕਾਰਾਂ ਵਿੱਚ ਅਜਿਹੇ ਨੇਤਾ ਹਨ ਜਿਹੜੇ ਦੰਗਿਆਂ ਨੇ ਪੈਦਾ ਕੀਤੇ ਹਨ ਅਤੇ ਸਿੱਧੇ ਜਾਂ ਅਸਿੱਧੇ ਢੰਗ ਨਾਲ ਇੱਥੇ ਵੀ ਬਹੁ ਗਿਣਤੀ ਲੋਕਾਂ ਨਾਲ ਵਿਸ਼ਵਾਸਘਾਤ ਕਰਦੇ ਹਨ।

ਜਿਸ ਦੇਸ਼ ਦਾ ਪ੍ਰਧਾਨ ਮੰਤਰੀ ਟੈਲੀਵਿਜ਼ਨ ਚੈਨਲ ਤੇ ਆ ਕੇ ਗੁਜਰਾਤ ਦੰਗਿਆਂ ਨੂੰ ਜਾਇਜ਼ ਠਹਿਰਾਉਂਦਾ ਹੋਵੇ ਅਜਿਹੇ ਦੇਸ਼ਾਂ ਵਿੱਚ ਅਜਿਹਾ ਹੋਣਾ ਸੁਭਾਵਿਕ ਹੁੰਦਾ ਹੈ। ਡੇਰਾ ਪ੍ਰੇਮੀਆਂ ਨੇ ਨਾ ਤਾਂ ਕਿਸੇ ਧਰਮ ਦੇ ਲੋਕਾਂ ਨੂੰ ਨੁਕਸਾਨ ਪਹੁੰਚਾਇਆ ਹੈ ਨਾ ਕਿਸੇ ਜਾਤ ਦੇ ਲੋਕਾਂ ਨੂੰ ਸਰਕਾਰੀ ਜਾਇਦਾਦਾਂ ਨੂੰ ਕੁੱਝ ਨੁਕਸਾਨ ਜ਼ਰੂਰ ਪਹੁੰਚਿਆ ਹੈ। ਇਸ ਲਈ ਉਨ੍ਹਾਂ ਵਿਰੁੱਧ ਦੇਸ਼ ਧ੍ਰੋਹ ਦਾ ਮੁਕੱਦਮਾ ਦਰਜ ਕਰਨਾ ਗਲਤ ਹੈ। ਡੇਰਾ ਪ੍ਰੇਮੀਆਂ ਨੇ ਜੋ ਹਿੰਸਾ ਕੀਤੀ ਹੈ ਡੇਰਾ ਮੁਖੀ ਦੇ ਕਹਿਣ ਤੇ ਕੀਤੀ ਹੈ।


ਜੇ ਤੁਸੀਂ ਆਪਣੇ ਇਲਾਕੇ ਵਿੱਚ ਕੋਈ ਤਰਕਸ਼ੀਲ ਨਾਟਕ ਮੇਲਾ ਜਾਂ ਕੋਰੀਓਗ੍ਰਾਫੀ ਕਰਵਾਉਣਾ ਚਾਹੁੰਦੇ ਹੋ ਤਾਂ ਸੰਪਰਕ ਕਰੋ।

**ਲੋਕ ਕਲਾ ਮੰਚ ਜੀਰਾ**

ਨਿਰਦੇਸ਼ਕ ਮੇਘ ਰਾਜ ਰੱਲਾ ਜੀ

ਸੰਪਰਕ : 98558-30400



ਸੂ ਚ ਨਾ

*ਸਾਲ 2003, 2004, 2005, 2006, 2007, 2008, 2009, 2010, 2011 ਅਤੇ 2012 ਦੀਆਂ ਮੈਗਜ਼ੀਨ 'ਵਿਗਿਆਨ ਜੋਤ' ਦੀਆਂ ਫਾਈਲਾਂ ਸਾਡੇ ਕੋਲ ਉਪਲਬਧ ਹਨ। ਛੇ-ਛੇ ਮੈਗਜ਼ੀਨਾਂ ਦੀ ਇੱਕ ਫਾਈਲ ਸਿਰਫ 50 ਰੁਪਏ ਅਤੇ ਦੋ ਸਾਲ ਦੀਆਂ ਫਾਈਲਾਂ 90 ਰੁਪਏ ਵਿੱਚ ਤਿੰਨ ਸਾਲਾਂ ਦੀਆਂ ਫਾਈਲਾਂ 130 ਰੁਪਏ ਅਤੇ ਚਾਰ ਸਾਲ ਦੀਆਂ ਫਾਈਲਾਂ 160 ਰੁਪਏ ਵਿਚ, ਪੰਜ ਸਾਲ ਦੀਆਂ ਫਾਈਲਾਂ 200 ਰੁਪਏ ਅਤੇ 10 ਸਾਲਾਂ ਦੀਆਂ ਫਾਈਲਾਂ ਤੁਹਾਨੂੰ ੪੦੦/-ਰੁਪੈ ਵਿੱਚ ਪ੍ਰਾਪਤ ਹੋ ਸਕਦੀਆਂ ਹਨ। ਤੁਸੀਂ ਇਹ ਫਾਈਲਾਂ ਵੀ.ਪੀ.ਪੀ. ਰਾਹੀਂ ਵੀ ਫ਼ੋਨ ਨੰਬਰ 01679-241744 'ਤੇ ਫ਼ੋਨ ਕਰਕੇ ਮੰਗਵਾ ਸਕਦੇ ਹੋ। **ਨੋਟ: ਵੀ.ਪੀ.ਪੀ. ਦਾ ਖਰਚਾ ਵੱਖਰਾ ਹੋਵੇਗਾ।***





# ਸ਼ਰਧਾ ਉੱਲੂਆਂ ਦੇ ਦੇਸ਼ 'ਚ

## 1. ਮੂਰਖਤਾ

ਇੱਕ ਲੜਕਾ ਜਿਸ ਲੜਕੀ ਨੂੰ ਪਸੰਦ ਕਰਦਾ ਸੀ ਉਸ ਨੂੰ ਕਹਿਣ ਲੱਗਿਆ ਕਿ "ਮੈਨੂੰ ਕੋਈ ਅਜਿਹਾ ਤੋਹਫਾ ਦੇ ਦਿਓ ਜਿਸ ਨੂੰ ਮੈਂ ਆਪਣੇ ਕੋਲ ਸੰਭਾਲ ਕੇ ਰੱਖ ਸਕਾਂ।"

ਲੜਕੀ ਨੇ ਆਪਣੇ ਜੁੱਤੇ ਦਾ ਤਲਾ ਉਤਾਰ ਕੇ ਦੇ ਦਿੱਤਾ। ਲੜਕਾ ਤਲਾ ਲੈ ਕੇ ਸੁਨਿਆਰ ਕੋਲ ਚਲਾ ਗਿਆ ਤੇ ਉਸ ਨੂੰ ਕਹਿਣ ਲੱਗਾ ਕਿ ਇਸ ਤਲੇ ਨੂੰ ਚਾਂਦੀ ਦਾ ਫਰੇਮ ਬਣਾ ਕੇ ਉਸ ਵਿੱਚ ਜੜ ਦਿਓ। ਸੁਨਿਆਰ ਕਹਿਣ ਲੱਗਿਆ ਕਿ 'ਕੱਲ ਨੂੰ ਆ ਕੇ ਲੈ ਜਾਣਾ।'

ਦੂਸਰੇ ਦਿਨ ਲੜਕਾ ਸੁਨਿਆਰ ਕੋਲ ਜੜਿਆ ਹੋਇਆ ਤਲਾ ਲੈਣ ਗਿਆ ਤਾਂ ਸੁਨਿਆਰ ਲੜਕੇ ਨੂੰ ਪੁੱਛਣ ਲੱਗਾ "ਕਿ ਇਹ ਜੁੱਤਾ ਕਿਸ ਪੀਰ ਸਾਹਿਬ ਦਾ ਹੈ?"

ਲੜਕੇ ਨੇ ਜਵਾਬ ਦਿੱਤਾ, "ਇਹ ਕਿਸੇ ਪੀਰ ਸਾਹਿਬ ਦਾ ਨਹੀਂ, ਇਹ ਤਾਂ ਮੇਰੀ ਮਹਿਬੂਬਾ ਦਾ ਹੈ।" ਸੁਨਿਆਰ ਨੇ ਕਿਹਾ, 'ਉੱਠ ਖਬੀਸ ਦੀ ਔਲਾਦ......... ਕੱਲ ਤੋਂ ਮੇਰਾ ਸਾਰਾ ਖਾਨਦਾਨ ਜੁੱਤੀ ਚੁੰਮ-ਚੁੰਮ ਕੇ ਪਾਗਲ ਹੋ ਗਿਆ ਹੈ।

ਇਹੀ ਹਾਲ ਸਾਡੀ ਜਨਤਾ ਦਾ ਹੈ। ਅੱਖਾਂ ਬੰਦ ਕਰਕੇ ਧੋਖੇਬਾਜ਼ਾਂ ਦੇ ਪਿੱਛੇ ਭੱਜੀ ਜਾ ਰਹੀ ਹੈ।



## 2. ਬ੍ਰਾਹਮਣ ਦੀ ਖੁੱਲੀ ਪੋਲ

ਇੱਕ ਪਿੰਡ ਵਿੱਚ ਸੱਤਿਆ ਨਰਾਇਣ ਦੀ ਬਹੁਤ ਪੂਜਾ ਹੁੰਦੀ ਸੀ। ਅਸੀਂ ਪੂਜਾ ਦੀ ਪੋਲ ਖੋਲ੍ਹਣ ਦੀ ਠਾਣ ਲਈ। ਮੈਂ ਆਪਣੇ ਇੱਕ ਮਿੱਤਰ ਨੂੰ ਪਲਾਨਿੰਗ ਨਾਲ ਪੂਜਾ ਵਿੱਚ ਬਿਠਾ ਦਿੱਤਾ। ਪੰਡਿਤ ਜੀ ਨੇ ਗੋਬਰ ਦਾ ਗਨੇਸ਼ ਬਣਾ ਕੇ ਮਿੱਤਰ ਨੂੰ ਕਿਹਾ ਕਿ "ਗਨੇਸ਼ ਜੀ ਉੱਪਰ ਪਾਣੀ ਚੜ੍ਹਾਓ।"

ਮੇਰੇ ਮਿੱਤਰ ਨੇ ਕਿਹਾ ਕਿ "ਇਹ ਤਾਂ ਗਾਂ ਦਾ ਗੋਬਰ ਹੈ ਪਰ ਤੁਸੀਂ ਗਨੇਸ਼ ਕਹਿ ਰਹੇ ਹੋ। ਇਹ ਗਲਤ ਹੈ।" ਪੰਡਿਤ ਜੀ ਨੇ ਕਿਹਾ 'ਮੰਨ ਲਓ ਇਹ ਗਨੇਸ਼ ਜੀ ਹਨ।"

ਮੇਰਾ ਮਿੱਤਰ ਕਹਿਣ ਲੱਗਾ, 'ਕਿਵੇਂ ਮੰਨਾਂ?'

ਪੰਡਿਤ ਜੀ ਕਹਿਣ ਲੱਗੇ , 'ਓ ਭਾਈ! ਮੈਂ ਕਹਿ ਰਿਹਾ ਹਾਂ ਮੰਨ ਲਓ।'

ਮੇਰਾ ਮਿੱਤਰ ਕਹਿਣ ਲੱਗਿਆ ਠੀਕ ਹੈ।

ਪੂਜਾ ਸ਼ੁਰੂ ਹੋਈ। ਪੂਜਾ ਵਿੱਚ ਪੰਡਿਤ ਜੀ ਨੇ ਕਾਫ਼ੀ ਉਦਾਹਰਣਾਂ ਦੇ ਕੇ ਦੱਸਿਆ ਕਿ ਜਿਸਨੇ ਸੱਤਿਆ ਨਰਾਇਣ ਦੀ ਪੂਜਾ ਕੀਤੀ ਹੈ ਉਸ ਨੂੰ ਲਾਭ ਹੋਇਆ ਅਤੇ ਜਿਸਨੇ ਨਹੀਂ ਸੁਣੀ ਉਸਦਾ ਨੁਕਸਾਨ ਹੋਇਆ। ਮਿੱਤਰ ਨੇ ਕਿਹਾ, "ਪੰਡਿਤ ਜੀ ਤੁਸੀਂ ਦੱਸਿਆ ਕਿ ਜਿਸਨੇ ਸੁਣੀ ਉਸ ਨੂੰ ਫਾਇਦਾ ਹੋਇਆ, ਜਿਸਨੇ ਨਹੀਂ ਸੁਣੀ ਉਸਦਾ ਨੁਕਸਾਨ ਹੋਇਆ ਲੇਕਿਨ ਇਹ ਕਥਾ ਕੀ ਹੈ?"

ਪੰਡਿਤ ਜੀ ਨੇ ਕੋਈ ਉੱਤਰ ਨਾ ਦਿੱਤਾ। ਖੈਰ! ਕਥਾ ਸਮਾਪਤ ਹੋਣ ਤੋਂ ਬਾਅਦ ਮੇਰੇ ਮਿੱਤਰ ਨੇ ਉਹੀ ਗੋਬਰ ਗਨੇਸ਼ ਨੂੰ ਉਠਾਇਆ ਅਤੇ ਉਸਨੂੰ ਗੋਲ-ਗੋਲ ਕਰਕੇ ਪੇੜਾ ਮਿਠਾਈ ਦਾ ਆਕਾਰ ਦੇ ਕੇ ਕਿਹਾ, 'ਪੰਡਿਤ ਜੀ ਇਹ ਲਓ ਪ੍ਰਸ਼ਾਦ ਦੇ ਰੂਪ ਵਿੱਚ ਪੇੜਾ ਖਾਓ।'

ਪੰਡਿਤ ਜੀ ਨੇ ਕਿਹਾ, 'ਇਹ ਤਾਂ ਗੋਬਰ ਹੈ, ਇਸ ਨੂੰ ਕਿਵੇਂ ਖਾਵਾਂ?'

ਮਿੱਤਰ ਨੇ ਕਿਹਾ , 'ਮੰਨ ਲਓ ਪੇੜਾ ਹੈ।'

ਪੰਡਿਤ ਜੀ ਨੇ ਕਿਹਾ ਕਿ 'ਐਵੇਂ ਕਿਵੇਂ ਮੰਨ ਲਵਾਂ।'

ਮਿੱਤਰ ਨੇ ਕਿਹਾ, 'ਮੈਂ ਕਹਿ ਰਿਹਾ ਹਾਂ ਮੰਨ ਲਵੋ।'

ਪੰਡਿਤ ਜੀ ਨੇ ਕਿਹਾ 'ਕਿਉਂ?'

ਮਿੱਤਰ ਨੇ ਕਿਹਾ 'ਤੁਸੀਂ ਮੈਨੂੰ ਗੋਬਰ ਨੂੰ ਗਨੇਸ਼ ਮੰਨਣ ਲਈ ਕਿਹਾ ਤਾਂ ਮੈਂ ਮੰਨ ਗਿਆ ਫਿਰ ਤੁਸੀਂ ਗੋਬਰ ਨੂੰ ਪੇੜਾ ਕਿਉਂ ਨਹੀਂ ਮੰਨ ਰਹੇ।'

ਪੰਡਿਤ ਜੀ ਗੁੰਮ-ਸੁੰਮ ਹੋ ਗਏ ਤੇ ਆਪਣਾ ਥੈਲਾ ਲੈ ਕੇ ਭੱਜਣ ਲੱਗੇ।

ਅਸੀਂ ਸਾਰਿਆਂ ਨੇ ਉਸ ਦਾ ਸਾਈਕਲ ਫੜ ਲਿਆ ਤੇ ਕਿਹਾ ਠੀਕ ਹੈ ਇਹ ਨਹੀਂ ਖਾਓਗੇ ਤਾਂ ਜੋ ਪ੍ਰਸ਼ਾਦ ਗੁੜ ਚੀਨੀ ਦਾ ਬਣਿਆ ਹੈ ਉਹ ਤਾਂ ਖਾ ਲਓ।

ਪੰਡਿਤ ਜੀ ਨੇ ਥੈਲੀ ਦੇ ਕੇ ਕਿਹਾ ਕਿ ਇਸ ਵਿੱਚੋਂ ਦੇ ਦਿਓ। ਅਸੀਂ ਕਿਹਾ ਕਿ 'ਤੁਸੀਂ ਸਾਡੇ ਨਾਲ ਹੀ ਪ੍ਰਸ਼ਾਦ ਖਾਓ।' ਉਸ ਨੇ ਨਹੀਂ ਖਾਧਾ ਅਤੇ ਉਸਨੂੰ ਪੁੱਛਣ ਤੇ ਉਸਨੇ ਕਿਹਾ ਕਿ 'ਮੈਂ ਤੁਹਾਡੇ ਘਰ ਦਾ ਪ੍ਰਸ਼ਾਦ ਨਹੀਂ ਖਾ ਸਕਦਾ।' ਅਸੀਂ ਪੁੱਛਿਆ 'ਕਿਉਂ' ਉਹ ਕਹਿਣ ਲੱਗਿਆ, 'ਤੁਸੀਂ ਨੀਚ ਜਾਤੀ ਦੇ ਹੋ' ਫਿਰ ਮੈਂ ਪੁੱਛਿਆ ਹੁਣੀ ਤਾਂ ਤੁਸੀਂ ਕਥਾ ਵਿਚ ਕਿਹਾ ਸੀ ਕਿ ਜਿਸਨੇ ਪ੍ਰਸ਼ਾਦ ਦਾ ਨਿਰਾਦਰ ਕੀਤਾ ਉਸ ਦਾ ਸਰਵਨਾਸ਼ ਹੋ ਗਿਆ ਸੀ ਲੇਕਿਨ ਤੁਸੀਂ ਆਪ ਹੀ ਨਿਰਾਦਰ ਕਰ ਰਹੇ ਹੋ।

ਕੀ ਤੁਸੀਂ ਸਾਨੂੰ ਸਾਰਿਆਂ ਨੂੰ ਮੂਰਖ ਬਣਾ ਰਹੇ ਹੋ?

ਪੰਡਿਤ ਜੀ ਸਾਈਕਲ ਛੱਡ ਕੇ ਭੱਜਣ ਲੱਗੇ। ਅਸੀਂ ਪੁੱਛਿਆ ਕਿ ਇਹ ਦੱਸਦੇ ਜਾਓ ਕਿ ਹਰ ਵਾਰ ਬਚਿਆ-ਖੁਚਿਆ ਪ੍ਰਸ਼ਾਦ ਤੁਸੀਂ ਆਪ ਲੈ ਜਾਂਦੇ ਹੋ, ਉਸ ਦਾ ਕੀ ਕਰਦੇ ਹੋ?

ਪੰਡਿਤ ਜੀ ਇਹ ਕਹਿੰਦੇ ਹੋਏ ਭੱਜ ਗਏ ਕਿ "ਉਹ ਪ੍ਰਸ਼ਾਦ ਮੇਰੇ ਜਾਨਵਰ ਖਾਂਦੇ ਹਨ।"

ਮੈਂ ਆਪਣੇ ਸਾਥੀਆਂ ਨੂੰ ਇਹੀ ਬੇਨਤੀ ਕਰਦਾ ਹਾਂ ਕਿ ਕਿਸੇ ਵੀ ਗੱਲ ਨੂੰ ਮੰਨਣ ਤੋਂ ਪਹਿਲਾਂ ਜਾਣੋ। ਜੋ ਪ੍ਰਸ਼ਾਦ ਤੁਸੀਂ ਖਾਂਦੇ ਹੋ, ਉਹੀ ਪ੍ਰਸ਼ਾਦ ਉਨ੍ਹਾਂ ਦੇ ਜਾਨਵਰ ਖਾਂਦੇ ਹਨ ਇਸਦਾ ਮਤਲਬ ਸਾਨੂੰ ਇਹ ਜਾਨਵਰਾਂ ਦੇ ਸਮਾਨ ਸਮਝਦੇ ਹਨ। ਮਾਨਸਿਕ ਗੁਲਾਮੀ ਦੀਆਂ ਬੇੜੀਆਂ ਤੋੜ ਦਿਓ।

ਸੋਚੋ ਅਤੇ ਸੁਣੋ ਪ੍ਰੰਤੂ ਤਰਕ ਕਰੋ। ਪਹਿਲਾਂ ਤਾਂ ਅਸੀਂ ਪੜ੍ਹੇ-ਲਿਖੇ ਨਹੀਂ ਸੀ ਪਰ ਹੁਣ ਤਾਂ ਮਹਾਂਪੁਰਸ਼ਾਂ ਦੀਆਂ ਕੁਰਬਾਨੀਆਂ ਸਦਕਾ ਅਤੇ ਭਾਰਤ ਦੇ ਸੰਵਿਧਾਨ ਦੀ ਵਜ੍ਹਾ ਨਾਲ ਪੜ੍ਹ ਗਏ ਹਾਂ। ਤਰਕ ਕਰੋ, ਬੇਵਕੂਫ ਬਣਨਾ ਬੰਦ ਕਰੋ। ਮਾਨਸਿਕ ਗੁਲਾਮੀ ਦੀਆਂ ਬੇੜੀਆਂ ਤੋੜ ਦਿਓ।

### 3. ਬੋਧੀ ਫ਼ਕੀਰ

ਫ਼ਕੀਰ 'ਇੱਕੂ' ਇੱਕ ਰਾਤ ਬੁੱਧ ਬਿਹਾਰ ਵਿੱਚ ਰਹਿ ਰਿਹਾ ਸੀ। ਸਰਦੀ ਦੀ ਰਾਤ ਸੀ। ਮੰਦਰ ਵਿੱਚ ਸੈਂਕੜੇ ਹੀ ਲੱਕੜੀ ਦੀਆਂ ਬਣੀਆਂ ਹੋਈਆਂ ਬੁੱਧ ਦੀਆਂ ਮੂਰਤੀਆਂ ਸਨ। ਉਸਨੇ ਇੱਕ ਮੂਰਤੀ ਚੁੱਕੀ ਤੇ ਉਸ ਨੂੰ ਅੱਗ ਲਗਾ ਕੇ ਸੇਕਣ ਲੱਗ ਪਿਆ। ਅੱਗ ਜਲੀ ਤਾਂ ਪੁਜਾਰੀ ਨੂੰ ਜਾਗ ਆ ਗਈ। ਉਸਨੇ ਕਿਹਾ, "ਪਗਲੇ! ਇਹ ਕੀ ਕਰ ਰਿਹਾ ਹੈਂ? ਭਿਕਸ਼ੂ ਹੋ ਕੇ ਮੂਰਤੀਆਂ ਜਲਾਉਂਦੇ ਹੋ?"

ਇੱਕੂ ਨੇ ਕਿਹਾ, "ਨਾਰਾਜ਼ ਕਿਉਂ ਹੁੰਦੇ ਹੋ? ਸਰਦੀ ਦੀ ਰਾਤ ਹੈ, ਤੁਸੀਂ ਵੀ ਸੇਕ ਲਓ।" ਬੋਲਦੇ-ਬੋਲਦੇ ਇੱਕੂ ਨੇ ਕੋਲ ਪਿਆ ਇੱਕ ਡੰਡਾ ਚੁੱਕਿਆ ਅਤੇ ਗਰਮ ਸੁਆਹ ਵਿੱਚ ਘੁਮਾਉਣ ਲੱਗਿਆ।

ਪੁਜਾਰੀ ਨੇ ਪੁੱਛਿਆ, 'ਹੁਣ ਕੀ ਲੱਭ ਰਹੇ ਹੋ?'

ਉਸਨੇ ਕਿਹਾ, 'ਬੁੱਧ ਦੀਆਂ ਅਸਥੀਆਂ।'

ਪੁਜਾਰੀ ਬੋਲਿਆ, 'ਤੇਰੀ ਅਕਲ ਤੇ ਕੀ ਪਰਦਾ ਪੈ ਗਿਆ ਹੈ ਜੋ ਲੱਕੜੀਆਂ ਵਿੱਚ ਅਸਥੀਆਂ ਲੱਭ ਰਿਹਾ ਹੈਂ?

ਇੱਕੂ ਨੂੰ ਇਸੇ ਸਵਾਲ ਦਾ ਹੀ ਇੰਤਜ਼ਾਰ ਸੀ। ਉਸਨੇ ਕਿਹਾ, "ਤਾਂ ਫਿਰ ਮੰਦਰ ਵਿੱਚ ਹੋਰ ਵੀ ਬਹੁਤ ਮੂਰਤੀਆਂ ਪਈਆਂ ਹਨ। ਜਾਓ ਦੋ ਚਾਰ ਹੋਰ ਲੈ ਆਓ। ਦੋਨੋ ਸੇਕ ਲੈਂਦੇ ਹਾਂ। ਅਸਥੀਆਂ ਨਹੀਂ ਹਨ ਤਾਂ ਇਨ੍ਹਾਂ ਵਿੱਚ ਬੁੱਧ ਕਿਵੇਂ ਹੋ ਸਕਦਾ ਹੈ? ਲੱਕੜੀ ਤਾਂ ਲੱਕੜੀ ਹੈ। ਮੰਨਦੇ ਹੋ ਕਿ ਭਗਵਾਨ ਹੈ। ਜਾਣਨਾ ਧਰਮ ਹੈ ਅਤੇ ਮੰਨਣਾ ਪਾਖੰਡ ਹੈ।"

ਆਦਮੀ ਅਕ੍ਰਿਤੀ ਵਿੱਚ ਬੱਝ ਗਿਆ ਹੈ। ਭਗਵਾਨ ਜਿਹਾ ਪੱਥਰ ਵੀ ਦਿਸਦਾ ਹੈ ਤਾਂ ਉਸ ਦੇ ਸਾਹਮਣੇ ਝੁਕ ਜਾਂਦਾ ਹੈ।

### 5. ਹਮ ਉਸੀ ਦੇਸ਼ ਕੇ ਵਾਸੀ ਹੈਂ................

ਮੱਧ ਪ੍ਰੇਦਸ਼ ਦੇ ਇੱਕ ਪਿੰਡ ਦੀ ਘਟਨਾ ਪਿਛਲੇ ਦਿਨੀਂ ਹੀ ਵਾਪਰੀ ਹੈ। ਇੱਕ ਔਰਤ ਆਪਣੀ ਗਊ ਦੀ ਧਾਰ ਕੱਢਣ ਗਈ। ਉਸ ਨੂੰ ਪਸਮਾਉਣ ਲਈ ਵੱਛਾ ਛੱਡਿਆ ਗਿਆ। ਪਰ ਉਹ ਹਵਾਨੇ ਦਾ ਖਹਿੜਾ ਹੀ ਨਾ ਛੱਡੇ। ਉਸ ਨੂੰ ਰੱਸੇ ਤੋਂ ਫੜ ਕੇ ਖਿੱਚਿਆ ਗਿਆ। ਗਲ਼ ਦੁਆਲੇ ਰੱਸਾ ਕਸਿਆ ਗਿਆ ਤੇ ਵੱਛਾ ਦਮ ਤੋੜ ਗਿਆ। ਪਿੰਡ ਵਿੱਚ ਸਨਸਨੀ ਫੈਲ ਗਈ। ਪੰਚਾਇਤ ਨੇ ਉਸ ਔਰਤ ਨੂੰ ਤਲਬ ਕੀਤਾ। ਸਾਰੀ ਵਿੱਥਿਆ ਸੁਣੀ। ਅਖੀਰ ਪੰਚਾਇਤ ਨੇ ਇਹ ਫ਼ੈਸਲਾ ਸੁਣਾ ਦਿੱਤਾ ਕਿ 'ਤੂੰ ਗਊ ਦੇ ਜਾਏ ਦਾ ਕਤਲ ਕੀਤਾ ਹੈ। ਘੋਰ ਪਾਪ ਹੈ। ਹੁਣ ਤੈਨੂੰ ਪਵਿੱਤਰ ਗੰਗਾ ਵਿੱਚ ਇਸ਼ਨਾਨ ਕਰਕੇ ਇਸ ਪਾਪ ਦੀ ਭੁੱਲ ਬਖਸ਼ਾਉਣੀ ਪਵੇਗੀ। ਹਰਿਦੁਆਰ ਜਾਣ ਲਈ ਤੈਨੂੰ ਕਿਰਾਇਆ ਵੀ ਭੀਖ ਮੰਗ ਕੇ ਹੀ ਲਿਜਾਣਾ ਪਵੇਗਾ। ਉਸ ਔਰਤ ਨੇ ਬਥੇਰੇ ਤਰਲੇ ਪਾਏ ਪਰ ਗਊ ਪੂਜਕਾਂ ਉੱਤੇ ਕੋਈ ਅਸਰ ਨਾ ਹੋਇਆ। ਸਗੋਂ ਸਰਪੰਚ ਨੇ ਗੁੱਸੇ ਵਿੱਚ ਆ ਕੇ ਕਿਹਾ "ਤੇਰੇ ਨਾਲ ਅਸੀਂ ਪਹਿਲਾਂ ਹੀ ਨਰਮੀ ਵਰਤੀ ਹੈ। ਸ਼ੁਕਰ ਕਰ ਤੇਰੀ ਜਾਨ ਬਚ ਗਈ। ਹੋਰ ਸੁਣ..... ਹਰਿਦੁਆਰ ਜਾਣ ਤੱਕ ਤੂੰ ਦੋਵੇਂ ਵੇਲੇ ਰੋਟੀ ਵੀ ਪਿੰਡ 'ਚੋਂ ਮੰਗ ਕੇ ਖਾਵੇਂਗੀ। ਆਪਣੇ ਘਰ ਦਾ ਪਾਣੀ ਵੀ ਨਹੀਂ ਪੀਵੇਂਗੀ। ਵੱਛੇ ਦੀ ਅਚਨਚੇਤੀ ਮੌਤ ਲਈ ਹੈ ਇਹ ਸਜ਼ਾ ਨਿਰਾਲੀ?

ਗੋਰਖਪੁਰ ਦੇ ਇੱਕ ਹਸਪਤਾਲ ਵਿੱਚ ਸੌ ਤੋਂ ਵੱਧ ਬੱਚਿਆਂ ਦੀ ਮੌਤ ਹੋ ਗਈ। ਸੂਬੇ ਦੇ ਇੱਕ ਸੀਨੀਅਰ ਮੰਤਰੀ ਨੇ ਆਖਿਆ 'ਐਸਾ ਹੋ ਜਾਤਾ ਹੈ ਕਭੀ ਕਭੀ ਯੇਹ ਕੋਈ ਬੜੀ ਬਾਤ ਨਹੀਂ।' ਹੈ ਨਾ ਕਮਾਲ ਦੀ ਗੱਲ।

ਬੱਚੇ ਨਾਲੋਂ ਵਛੜੇ ਦੀ ਕਦਰ ਵਧੇਰੇ<br>
ਉਂਝ ਹੈਰਤ ਵੀ ਕੋਈ ਨਹੀਂ ਹੁੰਦੀ ਇਹ ਦੇਖ ਕੇ<br>
ਕਿਉਂਕਿ ਹਮ ਉਸ ਦੇਸ਼ ਕੇ ਵਾਸੀ ਹੈਂ<br>
ਜਿਸ ਦੇਸ਼ ਮੇਂ ਐਸਾ ਹੋਤਾ ਹੈ।

### 6. ਕਈ ਹੋਰ 'ਬਾਬੇ' ਜੋ ਸਰੀਰਕ ਸ਼ੋਸ਼ਣ ਦੇ ਦੋਸ਼ਾਂ ਤਹਿਤ ਬੰਦ ਹਨ ਜ਼ੇਲ੍ਹਾਂ 'ਚ

**ਬਾਬਾ ਪਰਮਾਨੰਦ**

ਪਿਛਲੇ ਸਾਲ ਅਜਿਹਾ ਇੱਕ ਮਾਮਲਾ ਉੱਤਰ ਪ੍ਰਦੇਸ਼ ਦੇ ਬਾਰਾਬੰਕੀ ਜ਼ਿਲ੍ਹੇ ਵਿੱਚ ਸਾਹਮਣੇ ਆਇਆ ਸੀ। ਜਦੋਂ ਇੱਕ ਪਰਮਾਨੰਦ (ਅਸਲੀ ਨਾਮ ਰਾਮ ਸ਼ੰਕਰ ਤਿਵਾੜੀ) ਨਾਂ ਦੇ ਬਾਬੇ ਉੱਪਰ ਦੋਸ਼ ਲੱਗੇ ਸਨ ਕਿ ਉਹ ਬਾਂਝ ਔਰਤਾਂ ਨਾਲ ਬੱਚਾ ਪੈਦਾ ਕਰਨ ਦੀ ਆੜ ਹੇਠ ਜਬਰ ਜਿਨਾਹ ਕਰਦਾ ਸੀ ਅਤੇ ਉਨ੍ਹਾਂ ਦੀ ਵੀਡੀਓ ਬਣਾ ਕੇ ਉਨ੍ਹਾਂ ਨੂੰ ਬਲੈਕਮੇਲ ਕਰਦਾ ਸੀ। ਅਖੀਰ ਇਹ ਭੇਦ ਖੁੱਲ੍ਹਣ 'ਤੇ 24 ਮਈ 2016 ਨੂੰ ਪੁਲਿਸ ਨੇ ਉਸ ਨੂੰ ਗ੍ਰਿਫ਼ਤਾਰ ਕਰ ਲਿਆ।

### 7. ਬਾਪੂ ਆਸ਼ਾ ਰਾਮ

ਆਪਣੇ ਹੀ ਆਸ਼ਰਮ ਦੀ ਇੱਕ ਨਾਬਾਲਗ ਕੁੜੀ ਨਾਲ ਜਬਰ ਜਿਨਾਹ ਦੇ ਮਾਮਲੇ ਵਿੱਚ ਬਾਪੂ ਆਸ਼ਾ ਰਾਮ 1 ਸਤੰਬਰ 2013 ਤੋਂ ਜੋਧਪੁਰ ਜ਼ੇਲ੍ਹ 'ਚ ਬੰਦ ਹੈ। ਹਾਈ ਕੋਰਟ ਅਤੇ ਸੁਪਰੀਮ ਕੋਰਟ ਨੇ ਵੀ ਉਸ ਦੀ ਜ਼ਮਾਨਤ ਦੀ ਅਪੀਲ ਨੂੰ ਖਾਰਜ਼ ਕਰ ਦਿੱਤਾ ਹੋਇਆ ਹੈ।

### 8. ਸਵਾਮੀ ਭੀਮਾਨੰਦ

ਫਰਵਰੀ 2010 ਵਿੱਚ ਜਦੋਂ ਪੁਲਿਸ ਨੇ ਏਅਰ ਹੋਸਟਸਾਂ ਸਮੇਤ 8 ਲੋਕਾਂ ਨੂੰ ਜਬਰ ਜਿਨਾਹ ਰੈਕਟ ਚਲਾਉਣ ਦੇ ਮਾਮਲੇ 'ਚ ਗ੍ਰਿਫਤਾਰ ਕੀਤਾ ਸੀ ਤਾਂ ਜਾਂਚ ਦੌਰਾਨ ਇਹ ਖੁਲਾਸਾ ਹੋਇਆ ਸੀ ਕਿ ਇਸ ਗਿਰੋਹ ਦਾ ਸਰਗਨਾ 39 ਸਾਲ ਦਾ ਸ਼ਿਵ ਮੂਰਤ ਦਿਵੇਦੀ ਹੈ ਜਿਸ ਨੂੰ ਦੁਨੀਆਂ ਇੱਛਾਧਾਰੀ ਸੰਤ ਸਵਾਮੀ ਭੀਮਾਨੰਦ ਚਿਤਰਕੂਟ ਵਾਲੇ ਦੇ ਨਾਂਅ ਨਾਲ ਜਾਣਦੀ ਹੈ। ਇੱਥੇ ਜਿਕਰਯੋਗ ਹੈ ਕਿ ਉੱਤਰ ਪ੍ਰਦੇਸ਼ ਦੇ ਚਿਤਰਕੂਟ ਦਾ ਰਹਿਣ ਵਾਲਾ ਸ਼ਿਵ ਮੂਰਤ 1988 ਵਿੱਚ ਦਿੱਲੀ ਦੇ ਇੱਕ 5 ਤਾਰਾ ਹੋਟਲ ਵਿੱਚ ਸੁਰੱਖਿਆ ਗਾਰਡ ਸੀ। 1997 ਵਿੱਚ ਉਹ ਲਾਜਪਤ ਨਗਰ ਵਿਖੇ ਇੱਕ ਮਸਾਜ ਪਾਰਲਰ ਵਿੱਚ ਕੰਮ ਕਰਨ ਲੱਗ ਗਿਆ। ਜਿੱਥੋਂ ਉਸ ਨੂੰ 1998 ਵਿੱਚ ਵੇਸ਼ਵਾਵਿਰਤੀ ਦੇ ਦੋਸ਼ ਤਹਿਤ ਗ੍ਰਿਫ਼ਤਾਰ ਕਰਕੇ ਜ਼ੇਲ੍ਹ ਭੇਜਿਆ ਗਿਆ। ਜ਼ੇਲ੍ਹ 'ਚੋਂ ਬਾਹਰ ਆਉਣ ਦੇ ਬਾਅਦ ਉਸ ਨੇ ਆਪਣਾ ਨਾਂਅ ਬਦਲ ਕੇ ਇੱਛਾਧਾਰੀ ਸੰਤ ਸਵਾਮੀ ਭੀਮਾਨੰਦ ਰੱਖ ਲਿਆ ਅਤੇ ਮੁੜ ਆਸਥਾ ਦੀ ਆੜ ਹੇਠ ਗਲਤ ਕੰਮ ਕਰਨ ਲੱਗਾ ਸੀ। ਉਹ 2010 ਤੋਂ ਜ਼ੇਲ੍ਹ ਵਿੱਚ ਬੰਦ ਹੈ ਅਤੇ ਉਸ ਦੀ ਜਾਇਦਾਦ ਈ.ਡੀ. ਵੱਲੋਂ ਜ਼ਬਤ ਕਰ ਲਈ ਗਈ ਹੈ।

### 9. ਨਿਤਿਆ ਨੰਦ

ਬੰਗਲੁਰੂ ਵਿਖੇ ਸਥਿਤ ਅਧਿਨਮ ਮੱਠ ਦੇ 293ਵੇ ਮੁਖੀ ਨਿਤਿਆ ਨੰਦ ਨੂੰ ਜੂਨ 2012 'ਚ ਸਰੀਰਕ ਸ਼ੋਸ਼ਣ ਦੇ ਮਾਮਲੇ 'ਚ ਗ੍ਰਿਫ਼ਤਾਰ ਕੀਤਾ ਗਿਆ ਸੀ। ਇਹ ਮਾਮਲਾ ਉਸ ਸਮੇਂ ਉਜਾਗਰ ਹੋਇਆ ਸੀ ਜਦੋਂ ਇਸ ਬਾਬੇ ਦੇ ਕੁੱਝ ਚੇਲਿਆਂ ਨੇ ਹੀ ਇੱਕ ਟੀ.ਵੀ. ਚੈਨਲ 'ਤੇ ਇਸ ਦਾ ਭੇਤ ਖੋਲ੍ਹ ਦਿੱਤਾ ਸੀ। ਇਸ ਦੀ ਇੱਕ ਤਾਮਿਲ ਅਦਾਕਾਰਾ ਨਾਲ ਵੀਡੀਓ ਵਾਇਰਲ ਹੋਈ ਸੀ।

# ਧਰਮ ਦੇ ਨਾਂ ਉੱਤੇ ਮੁਰਝਾ ਗਈ ਇੱਕ ਕਲੀ

ਤਪੱਸਿਆ ਅਤੇ ਵਰਤ ਵਰਗੇ ਅੰਨ੍ਹੇ ਰੀਤੀ-ਰਿਵਾਜਾਂ ਅਤੇ ਧਾਰਮਿਕ ਸ਼ਾਸਤਰ ਅਨੁਸਾਰ ਕਰਮਾਂ ਨੇ ਇੱਕ 13 ਸਾਲਾਂ ਦੀ ਬੱਚੀ ਤੋਂ ਉਸ ਦਾ ਜੀਵਨ ਖੋਹ ਲਿਆ ਹੈ। ਧਰਮ ਦੇ ਹਮਾਇਤੀ ਹਾਲੇ ਵੀ ਆਪਣੀ ਗਲਤੀ ਅਤੇ ਅਪਰਾਧ ਮੰਨਣ ਦੀ ਬਜਾਏ ਉਸ ਨੂੰ ਧਾਰਮਿਕ ਚਮਤਕਾਰ ਦਾ ਨਾਂ ਦੇ ਰਹੇ ਹਨ।

ਆਂਧਰਾ ਪ੍ਰੇਦਸ਼ ਦੀ ਰਾਜਧਾਨੀ ਹੈਦਰਾਬਾਦ ਦੇ ਪਾਨ ਬਜ਼ਾਰ ਇਲਾਕੇ ਵਿੱਚ ਸਥਿਤ ਜੈਨ ਭਵਨ ਵਿੱਚ ਹੀਰਿਆਂ ਦੇ ਵਪਾਰੀ (ਜ਼ੌਹਰੀ) ਲਕਸ਼ਮੀ ਚੰਦ ਸਮਦਾਰੀਆਂ ਨੇ 1 ਅਕਤੂਬਰ ਨੂੰ ਸ਼ਾਨਦਾਰ ਪ੍ਰੀਤੀ ਭੋਜਨ (ਦਾਵਤ) ਦਾ ਪ੍ਰੋਗਰਾਮ ਕੀਤਾ ਸੀ। ਜੈਨ ਸਮੂਹ ਦੇ 700 ਤੋਂ ਵੱਧ ਮੈਂਬਰ ਦਾਵਤ ਵਿੱਚ ਸ਼ਾਮਿਲ ਹੋਏ। ਦਾਵਤ ਵਿੱਚ ਪਰੋਸੇ ਗਏ ਤਾਜ਼ੇ ਫ਼ਲ ਚਾਟ ਸ਼ਾਕਾਹਾਰੀ ਖਾਣੇ ਅਤੇ 20 ਤੋਂ ਜ਼ਿਆਦਾ ਤਰ੍ਹਾਂ ਦੀਆਂ ਮਿਠਾਈਆਂ ਦੀ ਸਭ ਨੇ ਤਾਰੀਫ ਕੀਤੀ। ਲਕਸ਼ਮੀ ਚੰਦ ਨੇ ਇਸ ਮੌਕੇ ਲਈ ਸਥਾਨਕ ਹਿੰਦੀ ਅਖ਼ਬਾਰ 'ਮਿਲਾਪ' ਵਿੱਚ ਪੂਰੇ ਸਫ਼ੇ ਦਾ ਵਿਗਿਆਪਨ ਵੀ ਦਿੱਤਾ ਸੀ। ਜਿਸ ਵਿੱਚ ਉਹਨਾਂ ਨੇ ਮਾਣ ਨਾਲ ਦੱਸਿਆ ਸੀ ਕਿ ਉਹਨਾਂ ਦੀ 13 ਸਾਲਾਂ ਦੀ ਪੁੱਤਰੀ ਅਰਾਧਨਾ ਆਪਣੇ ਵਰਤ ਦਾ 68ਵਾਂ ਦਿਨ ਪੂਰਾ ਕਰ ਰਹੀ ਸੀ। ਇਸ ਦੌਰਾਨ ਸੂਰਜ ਨਿਕਲਣ ਤੋਂ ਲੈ ਕੇ ਛਿਪਣ ਤੱਕ ਅਰਾਧਨਾ ਨੇ ਸਿਰਫ਼ ਪਾਣੀ ਪੀਤਾ ਸੀ। ਇਹ ਉਸ ਦੀ ਬਹੁਤ ਵੱਡੀ ਪ੍ਰਾਪਤੀ ਸੀ। ਜਿਸ ਦੇ ਲਈ ਉਸ ਨੂੰ ਮਿਲਣ ਲਈ ਜੈਨ ਸਮੂਹ ਦੇ ਲੋਕ ਵੱਡੀ ਗਿਣਤੀ ਵਿੱਚ ਆਏ। ਸਭ ਨੇ ਉਸ ਦੀ ਸ਼ੋਭਾ ਯਾਤਰਾ ਵਿੱਚ ਵੀ ਹਿੱਸਾ ਲਿਆ ਜਿਸ ਵਿੱਚ ਉਸ ਨੂੰ ਰੱਥ ਉੱਤੇ ਬਿਠਾ ਕੇ ਘਰ ਤੋਂ ਜੈਨ ਭਵਨ ਤੱਕ ਲਿਜਾਇਆ ਗਿਆ।

3 ਅਕਤੂਬਰ ਨੂੰ ਸਮਦਾਰੀਆ ਪਰਿਵਾਰ ਨੇ ਆਪਣੇ ਘਰ ਉੱਤੇ ਪਾਰਨਾਪ੍ਰਥਾ (ਵਰਤ ਪ੍ਰਥਾ) ਦਾ ਪ੍ਰੋਗਰਾਮ ਕੀਤਾ ਜਿਸ ਵਿੱਚ ਅਰਾਧਨਾ ਨੇ ਆਪਣਾ ਵਰਤ ਮੂੰਗੀ ਦੀ ਦਾਲ ਦੇ ਪਾਣੀ ਨਾਲ ਖਤਮ ਕੀਤਾ। ਬਾਅਦ ਵਿੱਚ ਦਿਨ ਨੂੰ ਗੁੜ ਦਾ ਪਾਣੀ ਅਤੇ ਲੌਂਗ ਦਾ ਪਾਣੀ ਪੀਤਾ। ਅਰਾਧਨਾ ਨੇ ਕੁੱਝ ਤਰਲ ਪਦਾਰਥ ਹੀ ਲਏ ਸਨ। ਲਕਸ਼ਮੀ ਚੰਦ ਦੇ ਅਨੁਸਾਰ ਉਹ ਬਿੱਲਕੁਲ ਠੀਕ ਸੀ। ਉਸ ਨੇ ਆਪਣੇ ਪਿਤਾ ਆਪਣੀ ਮਾਂ ਮਨੀਸ਼ਾ ਅਤੇ ਆਪਣੀ ਛੋਟੀ ਭੈਣ ਦਰਸ਼ਿਨੀ ਦੇ ਨਾਲ ਟੀ.ਵੀ. ਦੇਖਿਆ।

11.40 ਵਜੇ ਦੇ ਨੇੜੇ-ਤੇੜੇ ਉਹ ਅਚਾਨਕ ਬੇਚੈਨੀ ਮਹਿਸੂਸ ਕਰਨ ਲੱਗੀ ਅਤੇ ਪਸੀਨੇ ਨਾਲ ਤਰ ਹੁੰਦੀ ਗਈ। ਸਭ ਉਸ ਨੂੰ ਲੈ ਕੇ ਆਈ.ਐਮ.ਐਸ. ਹਸਪਤਾਲ ਭੱਜੇ ਪਰ ਡਾਕਟਰ ਉਸ ਨੂੰ ਬਚਾ ਨਹੀਂ ਸਕੇ। ਡਾਕਟਰਾਂ ਨੇ ਉਸ ਨੂੰ ਦਿਲ ਫੇਲ੍ਹ ਦੇ ਕਾਰਨ ਮ੍ਰਿਤਕ ਐਲਾਨ ਕਰ ਦਿੱਤਾ।

ਇੱਕ ਅਜਿਹਾ ਸਮੂਹ ਜਿਹੜਾ ਤਪੱਸਿਆ ਅਤੇ ਵਰਤ ਦੀ ਤਾਕਤ ਵਿਚ ਵਿਸ਼ਵਾਸ ਰੱਖਦਾ ਹੈ। ਉਸ ਦੇ ਅਨੁਸਾਰ 'ਅਰਾਧਨਾ ਨੇ ਬਹੁਤ ਉਚਾਈਆਂ ਨੂੰ ਛੂਹ ਲਿਆ ਸੀ। ਉਸ ਦੀ ਮੌਤ ਉੱਤੇ ਸ਼ੋਕ ਨਹੀਂ ਮਨਾਉਣਾ ਚਾਹੀਦਾ।'

ਲਕਸ਼ਮੀ ਚੰਦ ਨੇ ਦੱਸਿਆ "ਉਸਦੀ ਮੌਤ ਦਾ ਉਸ ਦੇ ਵਰਤ ਨਾਲ ਕੁੱਝ ਲੈਣਾ-ਦੇਣਾ ਨਹੀਂ ਹੈ। ਜੋ ਹੋਇਆ ਉਹ ਬਹੁਤ ਤਕਲੀਫ਼ਦੇਹ ਸੀ। ਪਰ ਉਸ ਦੇ ਤਪ ਦੇ ਕਾਰਨ ਨਹੀਂ ਹੋਇਆ ਕਿਉਂਕਿ ਉਸ ਦੀ ਮੌਤ ਤਾਂ ਵਰਤ ਖਤਮ ਕਰਨ ਦੇ ਬਾਅਦ ਹੋਈ ਹੈ।"

ਅਰਾਧਨਾ ਦੀ ਮੌਤ ਦੀ ਖ਼ਬਰ ਜਾਤੀ ਸਮੂਹ ਦੇ ਅੰਦਰ ਹੀ ਰਹਿ ਜਾਂਦੀ ਪਰ ਕਿਸੇ ਅਗਿਆਤ ਬੰਦੇ ਨੇ ਅਚਯੁਤ ਰਾਵ ਨੂੰ ਫੋਨ ਕਰ ਦਿੱਤਾ ਜੋ ਚਾਇਲਡ ਰਾਈਟਸ ਐਕਟੀਵਿਸਟ ਹੈ ਅਤੇ ਬਾਲ ਹੱਕਾਂ ਦੀ ਸੁਰੱਖਿਆ ਦੇ ਲਈ ਸਟੇਟ ਕਮਿਸ਼ਨ ਦੇ ਮੈਂਬਰ ਵੀ ਹਨ। ਉਹਨਾਂ ਨੇ ਤੁਰੰਤ ਹੈਦਰਾਬਾਦ ਦੇ ਪੁਲਿਸ ਕਮਿਸ਼ਨਰ ਨੂੰ ਪੱਤਰ ਲਿਖਿਆ ਜਿਸ ਵਿੱਚ ਕਿਹਾ ਗਿਆ ਕਿ ਅਰਾਧਨਾ ਦੀ ਮੌਤ ਧਾਰਮਿਕ ਰੀਤੀ-ਰਿਵਾਜਾਂ ਦੇ ਨਾਂ ਉੱਤੇ ਇੱਕ ਭੋਲ਼ੀ ਨਿਰਦੋਸ਼ ਕੁਆਰੀ ਕੰਨਿਆਂ ਦੀ ਹੱਤਿਆ ਹੈ।

ਮਾਮਲੇ ਦੀ ਜਾਂਚ-ਪੜਤਾਲ ਹੁਣ ਪੁਲਿਸ ਕਰ ਰਹੀ ਹੈ। ਜਿਸ ਨੇ ਇੰਡੀਅਨ ਪੀਨਲ ਕੋਡ ਦੀ ਧਾਰਾ 304 ਅਤੇ ਨਾਬਾਲਗ ਜਸਟਿਸ ਐਕਟ ਦੀ ਧਾਰਾ 75 ਦੇ ਅੰਤਰਗਤ ਉਸ ਦੇ ਮਾਤਾ-ਪਿਤਾ ਦੇ ਵਿਰੁੱਧ ਐਫ.ਆਈ.ਆਰ. ਦਰਜ ਕਰ ਲਈ ਹੈ। ਅਰਾਧਨਾ ਦੀ ਮੌਤ ਅਤੇ ਉਸ ਦੇ ਬਾਅਦ ਜਿਹੜੀਆਂ ਵੀ ਘਟਨਾਵਾਂ ਹੋਈਆਂ ਹਨ ਉਹਨਾਂ ਤੋਂ ਜੈਨ ਸਮਾਜ ਵਿੱਚ ਕਈ ਸਵਾਲ ਖੜ੍ਹੇ ਹੋ ਗਏ ਹਨ। ਜੈਨ ਧਰਮ ਦੇ ਕੁੱਝ ਪੈਰੋਕਾਰਾਂ ਦੇ ਅਨੁਸਾਰ ਸਮਾਜ ਸੇਵੀ ਮੀਡੀਆ ਰਾਜਨੀਤਿਕ ਦਲਾਂ ਅਤੇ ਦੂਜੇ ਧਰਮਾਂ ਦਾ ਇਹ ਉਹਨਾਂ ਦੇ ਧਰਮ ਅਤੇ ਉਸ ਦੇ ਸਾਲਾਂ ਪੁਰਾਣੇ ਰਿਵਾਜਾਂ ਉੱਤੇ ਹਮਲਾ ਹੈ।

ਹੈਦਰਾਬਾਦ ਵਿੱਚ ਲੱਗਭਗ 20 ਹਜ਼ਾਰ ਜੈਨ ਸਮਦਾਰੀਆ ਪਰਿਵਾਰ ਦੀ ਹਿਮਾਇਤ ਵਿੱਚ ਖੜ੍ਹੇ ਹੋ ਗਏ ਹਨ। ਸਮਦਾਰੀਆ ਪਰਿਵਾਰ ਉੱਤੇ ਇਹ ਵੀ ਦੋਸ਼ ਲਗਾਇਆ ਗਿਆ ਹੈ ਕਿ ਉਸ ਨੇ ਆਪਣੇ ਜਵੈਲਰੀ ਵਪਾਰ ਵਿੱਚ ਉੱਨਤੀ ਲਾਭ ਦੇ ਲਈ ਅਰਾਧਨਾ ਤੋਂ ਉਪਵਾਸ ਕਰਾਇਆ ਸੀ। ਪਰ ਜੈਨ ਧਰਮ ਦੇ ਪੈਰੋਕਾਰਾਂ ਤੋਂ ਪੁੱਛਣ ਉੱਤੇ ਉਹਨਾਂ ਨੇ ਇਹੀ ਕਿਹਾ, "ਜੇਕਰ ਅਸੀਂ ਤੁਹਾਨੂੰ ਪੈਸੇ ਦੇਈਏ ਤਾਂ ਕੀ ਤੁਸੀਂ ਉਪਵਾਸ ਕਰੋਗੇ? ਉਪਵਾਸ ਰੱਖਣਾ ਆਸਾਨ ਨਹੀਂ ਹੈ। ਇਸ ਦੇ ਲਈ ਕਿਸੇ ਤੇ ਜ਼ਬਰਦਸਤੀ ਨਹੀਂ ਕੀਤੀ ਜਾ ਸਕਦੀ ਹੈ। ਇਹ ਬੰਦੇ ਦੀ ਇੱਛਾਸ਼ਕਤੀ ਉੱਤੇ ਹੀ ਨਿਰਭਰ ਕਰਦਾ ਹੈ।"

ਜਿਹੜੇ ਅਰਾਧਨਾ ਨੂੰ ਜਾਣਦੇ ਸਨ ਉਹਨਾਂ ਦਾ ਇਹੀ ਕਹਿਣਾ ਹੈ ਕਿ ਉਹ ਕਾਫ਼ੀ ਧਾਰਮਿਕ ਰੁਚੀ ਦੀ ਸੀ। ਸ਼ਵੇਤਾਂਬਰ (ਜੈਨੀਆਂ ਦੇ ਇੱਕ ਸਮੂਹ ਦਾ ਨਾਂ) ਹੋਣ ਦੇ ਨਾਤੇ ਪੰਚ ਪ੍ਰੀਤਕਮਨ ਦੇ ਸਾਰੇ ਆਧਿਆਏ ਉਸ ਨੇ ਪੜ੍ਹੇ ਸਨ ਅਤੇ ਉਹ ਆਮ ਤੌਰ ਤੇ ਲੋਕਾਂ ਨੂੰ ਸਣਾਉਂਦੀ ਵੀ ਸੀ। ਹੈਦਰਾਬਾਦ ਦੇ ਸੈਂਟ ਫਰੈਂਸਿਸ ਸਕੂਲ ਦੀ ਵਿਦਿਆਰਣ ਨੇ ਹੋਰਨਾਂ ਬੱਚਿਆਂ ਵਾਂਗ ਕਦੀ ਡਾਕਟਰ ਇੰਜਨੀਅਰ ਬਣਨ ਦੀ ਇੱਛਾ ਪ੍ਰਗਟ ਨਹੀਂ ਕੀਤੀ ਸੀ।

ਸਮੂਹ ਦੇ ਇੱਕ ਮੈਂਬਰ ਨੇ ਦੱਸਿਆ "16 ਸਾਲ ਦੀ ਹੋਣ ਉੱਤੇ ਉਹ ਦੀਖਿਆ (ਗੁਰਮੰਤਰ) ਲੈਣਾ ਚਾਹੁੰਦੀ ਸੀ ਅਤੇ ਇਹ ਇੱਛਾ ਉਹ ਆਪਣੇ ਪਰਿਵਾਰ ਨੂੰ ਦੱਸ ਚੁੱਕੀ ਸੀ। ਉਸ ਦੇ ਦਾਦਾ ਮਾਨਿਕ ਚੰਦ ਨੇ ਉਸ ਨੂੰ ਪੜ੍ਹਨ ਲਈ ਕਿਹਾ ਸੀ ਅਤੇ ਉਸ ਨੂੰ ਇਹ ਸਭ 20 ਸਾਲ ਦੀ ਉਮਰ ਹੋਣ ਦੇ ਬਾਅਦ ਸੋਚਣ ਦੀ ਸਲਾਹ ਦਿੱਤੀ ਸੀ। ਲਕਸ਼ਮੀ ਚੰਦ ਅਤੇ ਮਨੀਸ਼ਾ ਵੀ ਸਾਰੇ ਸੰਸਾਰਕ ਸੁੱਖਾਂ ਨੂੰ ਛੱਡ ਕੇ ਦੀਖਿਆ ਲੈਣ ਦੇ ਲਈ 'ਸੰਜਮ' ਦੇ ਰਸਤੇ ਉੱਤੇ ਚੱਲ ਰਹੇ ਸਨ।"

ਅਰਾਧਨਾ ਨੇ 5 ਸਾਲ ਦੀ ਉਮਰ ਤੋਂ ਹੀ 1 ਜਾਂ 2 ਦਿਨਾਂ ਦਾ ਵਰਤ ਰੱਖਣਾ ਸ਼ੁਰੂ ਕਰ ਦਿੱਤਾ ਸੀ। 8 ਸਾਲ ਦੀ ਉਮਰ ਵਿੱਚ ਉਸ ਨੇ ਪ੍ਰਯੂਸ਼ਣ ਤਿਉਹਾਰ ਦੇ ਲਈ 8 ਦਿਨ ਦੇ ਵਰਤ ਰੱਖੇ। 12 ਸਾਲ ਦੀ ਉਮਰ ਵਿੱਚ ਭੋਜਨ ਤੋਂ ਬਿਨਾਂ ਉਸਨੇ 34 ਦਿਨਾਂ ਤੱਕ ਵਰਤ ਰੱਖੇ ਕਿਉਂਕਿ ਉਸ ਦੇ ਗੁਰੂ ਨੇ ਦੀਖਿਆ (ਗੁਰਮੰਤਰ) ਦੇ 34 ਸਾਲ ਪੂਰੇ ਕੀਤੇ ਸਨ। ਇਸ ਸਾਲ ਉਸ ਨੇ ਜੈਨ ਧਰਮ ਵਿੱਚ 68 ਅੱਖਰ ਵਾਲੇ ਸਭ ਤੋਂ ਮਹੱਤਵਪੂਰਨ ਮੰਤਰ 'ਨਵਕਾਰ ਮੰਤਰ' ਦੇ ਲਈ 68 ਦਿਨਾਂ ਦਾ ਵਰਤ ਰੱਖਣ ਦਾ ਨਿਸ਼ਚਾ ਕੀਤਾ। ਲਕਸ਼ਮੀ ਚੰਦ ਦਾ ਕਹਿਣਾ ਹੈ ਕਿ ਅਰਾਧਨਾ ਨੇ ਇਸ ਵਰਤ ਬਾਰੇ ਸਭ ਕੁੱਝ ਚੰਗੀ ਤਰ੍ਹਾਂ ਜਾਣਦੇ ਹੋਏ ਹੀ ਇਹ ਫੈਸਲਾ ਕੀਤਾ ਸੀ।

ਅਰਾਧਨਾ ਰੋਜ਼ਾਨਾ ਸਾਧਵੀ ਜੀ ਭਵਯਾਨੰਦ ਮਹਾਰਾਜ ਨੂੰ ਮਿਲਣ ਜਾਂਦੀ ਸੀ। ਉਸਨੂੰ ਨਵਾਂ ਕੰਮ ਕਰਨ ਦੀ ਮਨਾਹੀ ਹੁੰਦੀ ਸੀ ਵਰਤ ਅੱਗੇ ਜਾਰੀ ਰੱਖਣ ਦੀ ਪ੍ਰਵਾਨਗੀ ਹੁੰਦੀ ਸੀ।

ਸਾਧਵੀ ਜੀ ਨੇ ਇੱਕ ਅਖ਼ਬਾਰ ਨੂੰ ਦੱਸਿਆ "ਅਸੀਂ ਵਰਤ ਰੱਖ ਰਹੇ ਬੰਦੇ ਤੋਂ ਉਸ ਦੇ ਹਾਲਚਾਲ ਪੁੱਛਦੇ ਹਾਂ। ਉਸ ਦੇ ਬਾਅਦ ਹੀ ਵਰਤ ਅੱਗੇ ਰੱਖਣ ਦੇ ਲਈ ਪ੍ਰਵਾਨਗੀ ਦਿੰਦੇ ਹਾਂ। ਅਰਾਧਨਾ ਨੇ ਪੂਰੇ 68 ਦਿਨ ਪ੍ਰਵਾਨਗੀ ਲਈ। ਉਸ ਦੀ ਅੱਗੇ ਵਧਣ ਦੀ ਇੱਛਾ ਸੀ। ਇਸ ਵਿੱਚ ਕੁੱਝ ਵੀ ਗਲਤ ਨਹੀਂ ਲੱਗ ਰਿਹਾ ਸੀ।"

ਸ਼ੁਰੂ ਦੇ 41 ਦਿਨ ਉਹ ਆਪਣਾ ਬੈਗ ਲੈ ਕੇ ਸਕੂਲ ਵੀ ਗਈ ਸੀ। ਦੋ ਮੰਜ਼ਲੇ ਸਕੂਲ ਦੀਆਂ ਪੌੜੀਆਂ ਵੀ ਉਹ ਚੜ੍ਹਦੀ ਰਹੀ।

ਅਰਾਧਨਾ ਦਾ ਪਰਿਵਾਰ ਪੁਰਾਣਾ ਭਾਗਿਆਗੁਡਾ ਵਿੱਚ ਮਾਮੀਡਾਲਾ ਬਿਲਡਿੰਗ ਵਿੱਚ ਕਿਰਾਏ ਉੱਤੇ ਰਹਿੰਦਾ ਹੈ। ਉੱਥੋਂ ਇੱਕ ਕਿਲੋਮੀਟਰ ਦੂਰ ਬਰਤਨ ਮਾਰਕੀਟ ਵਿੱਚ ਅਰਿਹੰਤ ਜਵੈਲਰਸ ਦੇ ਨਾਂ 'ਤੇ ਉਸ ਦੇ ਪਿਤਾ ਦੀ ਦੁਕਾਨ ਹੈ। ਇਸ ਸਮੇਂ ਪਰਿਵਾਰ ਦਾ ਇਹ ਵਪਾਰ ਦੋਸ਼ਾਂ ਦੇ ਘੇਰੇ ਵਿੱਚ ਹੈ।

ਸਾਧਵੀ ਨੇ ਸਵਾਲ ਕੀਤਾ "ਇਹ ਬਿਲਕੁੱਲ ਗਲਤ ਹੈ ਕਿ ਅਰਾਧਨਾ ਨੇ ਕਾਰੋਬਾਰ ਦੇ ਲਈ ਵਰਤ ਰੱਖਿਆ ਹੈ। ਉਸ ਦੇ ਪਿਤਾ ਦੇ ਕੋਲ ਕਾਫ਼ੀ ਧਨ ਹੈ ਪੈਸੇ ਦੇ ਲਈ ਕੌਣ ਵਰਤ ਰੱਖਦਾ ਹੈ?"

ਲਕਸ਼ਮੀ ਚੰਦ ਦੁਆਰਾ ਦਿੱਤੀ ਗਈ ਦਾਵਤ ਵੱਲ ਵੀ ਉਹਨਾਂ ਨੇ ਇਸ਼ਾਰਾ ਕੀਤਾ। ਜੈਨ ਮੈਂਬਰਾਂ ਦੇ ਅਨੁਸਾਰ ਲਕਸ਼ਮੀ ਚੰਦ ਨੇ ਸ਼ੋਭਾ ਯਾਤਰਾ ਵਿੱਚ 8 ਲੱਖ ਰੁਪਏ ਤੋਂ ਵੱਧ ਖਰਚ ਕੀਤੇ ਸਨ। ਇੱਕ ਮੈਂਬਰ ਨੇ ਦੱਸਿਆ ਕਿ ਮਨੀਸ਼ਾ ਨੇ 2 ਸਾਲ ਪਹਿਲਾਂ ਔਰੰਗਾਬਾਦ ਵਿੱਚ ਇੱਕ ਮੰਦਰ ਵਿੱਚ ਆਪਣੇ ਕੀਮਤੀ ਗਹਿਣੇ ਦਾਨ ਕਰ ਦਿੱਤੇ ਸਨ। ਬਰਤਨ ਮਾਰਕੀਟ ਦੇ ਹੀ ਇੱਕ ਹੋਰ ਜਵੈਲਰੀ ਦੁਕਾਨ ਦੇ ਮਾਲਕ ਦਾ ਕਹਿਣਾ ਹੈ "ਜੇਕਰ ਉਹਨਾਂ ਨੂੰ ਪੈਸੇ ਦੀ ਲੋੜ ਸੀ ਤਾਂ ਉਹ ਖਰਚ ਕਰਨ ਜਾਂ ਦਾਨ ਦੇਣ ਦੀ ਬਜਾਏ ਆਪਣੇ ਪੈਸੇ ਬਚਾ ਕੇ ਰਖਦੇ।"

30 ਜੈਨ ਦੁਕਾਨਦਾਰਾਂ ਨੇ ਪੁਲਿਸ ਨੂੰ ਦਿੱਤੇ ਆਪਣੇ ਦਸਤਖਤ ਕੀਤੇ ਪੱਤਰ ਵਿੱਚ ਲਿਖਿਆ ਹੈ ਕਿ ਅਰਾਧਨਾ ਦਾ ਪਰਿਵਾਰ ਅਮੀਰ ਹੈ ਅਤੇ ਇਹ ਸਭ ਕਾਰੋਬਾਰ ਸੁਧਾਰਣ ਲਈ ਨਹੀਂ ਹੋਇਆ ਹੈ। ਅਰਾਧਨਾ ਦੇ ਪਰਿਵਾਰ ਦੇ ਇੱਕ ਵਪਾਰੀ ਪਰਿਵਾਰਕ ਮਿੱਤਰ ਦਿਨੇਸ਼ ਜੈਨ ਜੀ ਕਹਿੰਦੇ ਹਨ 'ਇਸ ਸਾਲ ਸਾਰੇ ਦੇਸ਼ ਵਿੱਚ ਲੱਗਭਗ 26 ਹਜ਼ਾਰ ਜੈਨੀਆਂ ਨੇ 3 ਦਿਨਾਂ ਦਾ ਵਰਤ ਰੱਖਿਆ ਜਿਹਨਾਂ ਵਿੱਚ 15 ਸਾਲ ਤੋਂ ਘੱਟ ਉਮਰ ਦੇ ਘੱਟੋ-ਘੱਟ 150 ਬੱਚੇ ਸਨ। ਕਿਹੜਾ ਧਰਮ ਵਰਤ ਨਹੀਂ ਰੱਖਦਾ? ਮੁਹਰਮ ਦੇ ਸਮੇਂ 5 ਸਾਲ ਤੋਂ ਛੋਟੇ ਬੱਚੇ ਆਪ ਨੂੰ ਸੱਟ ਮਾਰਦੇ ਹਨ ਪੁਲਿਸ ਕੀ ਕਰਦੀ ਹੈ? ਉਹ ਸਭ ਕੀ ਹੈ?"

ਬੇਤੁਕਾ ਤਰਕ : ਇੱਕ ਹੋਰ ਬੰਦੇ ਦਾ ਕਹਿਣਾ ਹੈ ਕਿ ਜਨਮਅਸ਼ਟਮੀ ਦੇ ਸਮੇਂ ਜਦ ਛੋਟੇ ਬੱਚੇ ਮਟਕੀ ਭੰਨਣ ਦੇ ਲਈ ਸਕੀਮ ਲਗਾ ਕੇ ਉੱਪਰ ਚੜ੍ਹਦੇ ਹੋਏ ਜ਼ਖਮੀ ਹੁੰਦੇ ਹਨ ਜਾਂ ਮਰ ਜਾਂਦੇ ਹਨ ਕੀ ਉਹਨਾਂ ਦੇ ਮਾਤਾ-ਪਿਤਾ ਨੂੰ ਪੁਲਿਸ ਗ੍ਰਿਫ਼ਤਾਰ ਕਰਦੀ ਹੈ?"

ਬੜੌਦਾ ਤੋਂ ਜੈਨ ਅਚਾਰੀਆ ਵਿਜੇ ਰਤਨ ਸੁੰਦਰ ਸੂਰੀਸ਼ਵਰ ਜੀ ਕਹਿੰਦੇ ਹਨ "ਜਿਹਨਾਂ ਦੇ ਬੱਚੇ ਗੁਟਕਾ ਸਿਗਰਟ ਜਾਂ ਸ਼ਰਾਬ ਪੀਣ ਨਾਲ ਕੈਂਸਰ ਨਾਲ ਮਰ ਜਾਂਦੇ ਹਨ ਕੀ ਪੁਲੀਸ ਉਹਨਾਂ ਦੇ ਮਾਤਾ-ਪਿਤਾ ਦੇ ਵਿਰੁੱਧ ਕੇਸ ਦਰਜ ਕਰਦੀ ਹੈ?"

ਸੂਰਤ ਤੋਂ ਇੱਕ ਹੋਰ ਭਿਕਸ਼ੂ ਵਿਮਲ ਸਾਗਰ ਸੂਰੀਸ਼ਵਰ ਜੀ ਕਹਿੰਦੇ ਹਨ 'ਜਿਹੜੇ ਲੋਕ ਜੈਨ ਧਰਮ ਨੂੰ ਨਹੀਂ ਸਮਝਦੇ ਜਾਂ ਇਸ ਦੇ ਖਿਲਾਫ਼ ਹਨ ਉਹਨਾਂ ਨੇ ਹੀ ਇਸ ਮਾਮਲੇ ਨੂੰ ਉਛਾਲ ਦਿੱਤਾ ਹੈ। ਜ਼ੋਰ ਜ਼ਬਰਦਸਤੀ ਨਾਲ ਕਿਸੇ ਨੂੰ ਭੁੱਖਾ ਨਹੀਂ ਰੱਖ ਸਕਦੇ।" ਯਾਦ ਰਹੇ ਕਿ ਜੈਨ ਸਮਾਜ ਦੇ ਲੋਕ ਸੰਥਾਰ ਪ੍ਰਥਾ (ਜਿਸ ਵਿੱਚ ਮੋਕਸ਼ ਪ੍ਰਾਪਤ ਕਰਨ ਦੇ ਲਈ ਆਖਰੀ ਸਾਹ ਤੱਕ ਭੋਜਨ ਅਤੇ ਪਾਣੀ ਦਾ ਤਿਆਗ ਕਰ ਦਿੱਤਾ ਜਾਂਦਾ ਹੈ) ਉੱਤੇ ਰਾਜਸਥਾਨ ਅਦਾਲਤ ਦੀ ਪਾਬੰਦੀ ਦੇ ਵਿਰੁੱਧ ਪਹਿਲਾਂ ਤੋਂ ਹੀ ਲੜ ਰਹੇ ਹਨ।

ਅਚਯੁਤ ਰਾਵ ਜੋ ਹੁਣ ਅਰਾਧਨਾ ਦੇ ਮਾਤਾ-ਪਿਤਾ ਦੇ ਵਿਰੁੱਧ ਕੇਸ ਦੀ ਪੂਰੀ ਜਾਂਚ-ਪੜਤਾਲ ਕਰਵਾ ਰਹੇ ਹਨ ਕਹਿੰਦੇ ਹਨ "ਕਿਵੇਂ ਇੱਕ ਛੋਟੀ ਜਿਹੀ ਬੱਚੀ ਨੇ ਭੁੱਖੀ ਰਹਿ ਕੇ ਆਪਣੀ ਜਾਨ ਦੇ ਦਿੱਤੀ ਹੈ। ਉਸ ਦੇ ਮਾਤਾ-ਪਿਤਾ ਦੇ ਚਿਹਰੇ ਉੱਤੇ ਦੁੱਖ ਦੀ ਪਰਛਾਈ ਵੀ ਮੈਨੂੰ ਨਜ਼ਰ ਨਹੀਂ ਆਈ। ਜੈਨ ਧਰਮ ਅਹਿੰਸਾ ਸਿਖਾਉਂਦਾ ਹੈ। ਬਿਨਾਂ ਖਾਏ ਇੱਕ ਬੱਚੀ ਨੂੰ ਮਰਨ ਦੇਣਾ ਅਹਿੰਸਾ ਹੈ। ਉਹ ਆਪਣੇ ਲਾਭ ਦੇ ਲਈ ਮਾਤਾ-ਪਿਤਾ ਦੁਆਰਾ ਸੋਚੀ ਹੱਤਿਆ ਹੀ ਹੈ।

ਜਦ ਅਰਾਧਨਾ ਨੇ 41ਵੇਂ ਦਿਨ ਤੋਂ ਸਕੂਲ ਜਾਣਾ ਬੰਦ ਕਰ ਦਿੱਤਾ ਤਦ ਉਸ ਨੂੰ ਕਿਸੇ ਡਾਕਟਰ ਦੇ ਪਾਸ ਕਿਉਂ ਨਹੀਂ ਲੈ ਜਾਇਆ ਗਿਆ ਸੀ? ਉਸ ਨੂੰ ਖਾਣਾ ਕਿਉਂ ਨਹੀਂ ਦਿੱਤਾ ਗਿਆ? ਉਸਨੇ ਬਾਹਰ ਜਾਣਾ ਬੰਦ ਕਰ ਦਿੱਤਾ ਸੀ ਇਸ ਦਾ ਮਤਲਬ ਇਹੀ ਹੈ ਕਿ ਉਹ ਕਮਜ਼ੋਰ ਹੋ ਰਹੀ ਸੀ। ਲਕਸ਼ਮੀ ਚੰਦ ਦੀਆਂ ਭੈਣਾਂ ਡਾਕਟਰ ਹਨ ਉਹਨਾਂ ਵਿੱਚੋਂ ਕਿਸੇ ਨੇ ਵਰਤ ਬੰਦ ਕਰਨ ਦੇ ਲਈ ਕਿਉਂ ਨਹੀਂ ਕਿਹਾ?"

ਜਿੱਥੇ ਜੈਨ ਸਮਾਜ ਅਰਾਧਨਾ ਦੇ ਪਰਿਵਾਰ ਨੂੰ ਸੁਰੱਖਿਅਤ ਰੱਖਣ ਲਈ ਇੱਕਮੁੱਠ ਹਨ ਉੱਥੇ ਹੀ ਉਹਨਾਂ ਨੂੰ ਗ੍ਰਿਫ਼ਤਾਰ ਕਰਾਉਣ ਦੇ ਲਈ ਦਬਾਅ ਪਾਇਆ ਜਾ ਰਿਹਾ ਹੈ। ਇਸ ਕੇਸ ਨੂੰ ਦੇਖ ਰਹੇ ਇੰਸਪੈਕਟਰ ਐਮ. ਮਾਰਿਹਾ ਦਾ ਕਹਿਣਾ ਹੈ "ਇੱਕ ਬਹੁਤ ਨਾਜ਼ੁਕ ਵਿਸ਼ਾ ਹੈ। ਇਸ ਨਾਲ ਧਾਰਮਿਕ ਭਾਵਨਾਵਾਂ ਜੁੜੀਆਂ ਹਨ। ਅਜਿਹੇ ਕੇਸਾਂ ਵਿੱਚ ਇਕਦਮ ਗ੍ਰਿਫ਼ਤਾਰੀ ਔਖੀ ਹੈ। ਅਸੀਂ ਸਾਰੇ ਕੇਸ ਦੀ ਚੰਗੀ ਤਰ੍ਹਾਂ ਛਾਣਬੀਣ ਕਰਕੇ ਹੀ ਲੋਕ ਆਯੋਗ ਨੂੰ ਰਿਪੋਰਟ ਕਰਾਂਗੇ।"

ਜੈਨ ਸਮਾਜ ਦਾ ਕਹਿਣਾ ਹੈ ਕਿ ਅਰਾਧਨਾ ਦੀ ਮੌਤ ਦਾ ਵਰਤ ਨਾਲ ਕੋਈ ਸਬੰਧ ਨਹੀਂ ਹੈ ਜਦ ਕਿ ਮੁੰਬਈ ਦੇ ਇੱਕ ਸੀਨੀਅਰ ਡਾਕਟਰ ਨੇ ਸਪੱਸ਼ਟ ਕੀਤਾ ਕਿ ਕੀ ਹੋਇਆ ਹੋਵੇਗਾ "ਸਰੀਰ ਨੂੰ ਤਾਕਤ ਲਿਵਰ ਵਿੱਚ ਜਮ੍ਹਾਂ ਸ਼ੂਗਰ ਅਤੇ ਕਾਰਬੋਹਾਈਡਰੇਟਸ ਅਤੇ ਪੱਠਿਆਂ ਵਿੱਚ ਫੈਟ ਅਤੇ ਪ੍ਰੋਟੀਨ ਤੋਂ ਮਿਲਦੀ ਹੈ। ਵਰਤ ਦੇ ਦੌਰਾਨ ਸਰੀਰ ਪਹਿਲਾਂ ਤੋਂ ਹੀ ਜਮ੍ਹਾਂ ਚੀਜ਼ਾਂ ਤੋਂ ਤਾਕਤ ਲੈਂਦਾ ਰਹਿੰਦਾ ਹੈ। ਜਿਸ ਤੋਂ ਹੌਲੀ-ਹੌਲੀ ਲਿਵਰ ਅਤੇ ਪੱਠੇ ਕਮਜ਼ੋਰ ਹੋਣੇ ਸ਼ੁਰੂ ਹੋ ਜਾਂਦੇ ਹਨ। ਅਰਾਧਨਾ ਦਾ ਇਲੈਕਟਰੋਲਾਈਟ ਇੰਬੈਲੈਂਸ ਅਤੇ ਰਿਨੇਲ ਫੇਲ੍ਹ ਹੋ ਗਿਆ ਹੋਵੇਗਾ। ਜਦ ਕਿਡਨੀ (ਗੁਰਦਾ) ਕੰਮ ਕਰਨਾ ਬੰਦਾ ਕਰ ਦਿੰਦੀ ਹੈ ਤਾਂ ਸਰੀਰ ਵਿੱਚ ਪੋਟਾਸ਼ੀਅਮ ਦਾ ਪੱਧਰ ਹਾਵੀ ਹੋ ਜਾਂਦਾ ਹੈ। ਜਿਸ ਨਾਲ ਅਚਾਨਕ ਮੌਤ ਹੋ ਸਕਦੀ ਹੈ। ਪ੍ਰੰਤੂ ਜਿਸ ਤਰ੍ਹਾਂ ਸਾਰੇ ਡੇਂਗੂ ਮਰੀਜ਼ਾਂ ਦੀ ਮੌਤ ਨਹੀਂ ਹੁੰਦੀ ਉਵੇਂ ਹੀ ਹਰੇਕ ਵਰਤ ਰੱਖਣ ਵਾਲੇ ਦਾ ਜੀਵਨ ਖ਼ਤਰੇ ਵਿੱਚ ਹੋਵੇ ਇਹ ਜ਼ਰੂਰੀ ਨਹੀਂ ਹੈ। ਇਹ ਬੰਦੇ-ਬੰਦੇ ਉੱਤੇ ਨਿਰਭਰ ਕਰਦਾ ਹੈ।"

ਧਾਰਮਿਕ ਪਾਗਲਪਨ : ਆਲ ਇੰਡੀਆ ਪੀਸ ਐਂਡ ਸੌਲੀਡੇਰਿਟੀ ਔਰਗਨਾਇਜੇਸ਼ਨ ਦੇ ਰਾਸ਼ਟਰੀ ਸਕੱਤਰ ਜਿਹੜੇ ਅਰਾਧਨਾ ਦੀ ਮੌਤ ਦੇ ਵਿਰੋਧ ਵਿੱਚ ਮੋਮਬੱਤੀ ਲਾਈਟ ਵਿਰੋਧ ਦਾ ਹਿੱਸਾ ਵੀ ਸਨ ਕਹਿੰਦੇ ਹਨ "ਕੀ ਬੱਚੇ ਇਹ ਫੈਸਲਾ ਕਰ ਸਕਦੇ ਹਨ ਕਿ ਉਹਨਾਂ ਦੇ ਲਈ ਕੀ ਚੰਗਾ ਹੈ? ਜਦ ਅਸੀਂ 18 ਸਾਲ ਤੋਂ ਘੱਟ ਉਮਰ ਦੇ ਬੱਚੇ ਨੂੰ ਵੋਟ ਪਾਉਣ ਦੀ ਆਗਿਆ ਨਹੀਂ ਦਿੰਦੇ ਤਾਂ 13 ਸਾਲ ਦੀ ਬੱਚੀ ਨੂੰ ਏਨਾ ਔਖਾ ਵਰਤ ਰੱਖਣ ਦੀ ਆਗਿਆ ਕਿਵੇਂ ਦੇ ਸਕਦੇ ਹਾਂ? ਬੱਸ ਇਹ ਧਾਰਮਿਕ ਪਾਗਲਪਣ ਹੈ ਹੋਰ ਕੁੱਝ ਨਹੀਂ ਹੈ।"

ਹੁਣ ਇਸ ਕੇਸ ਦਾ ਨਤੀਜਾ ਜੋ ਵੀ ਹੋਵੇ ਇੱਕ ਬੱਚੀ ਖੇਡਣ ਕੁੱਦਣ ਪੜ੍ਹਨ ਜਿਉਣ ਦੀ ਉਮਰ ਵਿੱਚ ਇਹ ਦੁਨੀਆਂ ਛੱਡ ਕੇ ਜਾ ਚੁੱਕੀ ਹੈ। ਧਰਮ ਕੋਈ ਵੀ ਹੋਵੇ ਜੇਕਰ ਹੁਣ ਵੀ ਅਜਿਹੀਆਂ ਸ਼ਰਧਾਵਾਂ ਦਾ ਸਿਲਸਿਲਾ ਨਾ ਰੁਕਿਆ ਤਾਂ ਪਤਾ ਨਹੀਂ ਕਿੰਨੀਆਂ ਮਾਸੂਮ ਜ਼ਿੰਦਗੀਆਂ ਧਰਮ ਦੇ ਨਾਂ ਉੱਤੇ ਬਲੀ ਚੜ੍ਹਦੀਆਂ ਰਹਿਣਗੀਆਂ। ਇੱਕ-ਦੂਜੇ ਉੱਤੇ ਦੋਸ਼ ਲਗਾਉਣ ਤਰਕ ਕੁਤਰਕ ਦਾ ਸਿਲਸਿਲਾ ਨਾ ਰੁਕਿਆ ਤਾਂ ਸਮਝ ਲਵੋ ਕਿ ਦੇਸ਼ ਦਾ ਭਵਿੱਖ ਖ਼ਤਰੇ ਵਿੱਚ ਹੈ। ਇਹਨਾਂ ਸ਼ਰਧਾਵਾਂ ਤੋਂ ਤਾਂ ਅੱਜ ਤੱਕ ਦੇਸ਼ ਦਾ ਜ਼ਰਾ ਜਿਹਾ ਵੀ ਨਾ ਭਲਾ ਹੋਇਆ ਹੈ ਨਾ ਅੱਗੇ ਨੂੰ ਹੋਣ ਦੀ ਸੰਭਾਵਨਾ ਹੈ।

**ਮੂਲ ਲੇਖਕ - ਪੂਨਮ ਅਹਿਮਦ**
**ਅਨੁਵਾਦਕ : ਪਵਨ ਕੁਮਾਰ ਰੱਤੋਂ**

# ਰੰਗਾਂ ਦੀ ਦੁਨੀਆਂ

ਡਾ. ਹਰੀਸ਼ ਮਲਹੋਤਰਾ ਬ੍ਰਮਿੰਘਮ

ਇਹ ਸੰਸਾਰ ਰੰਗਾਂ ਦੀ ਭਰਮਾਰ ਹੈ। ਇਹ ਰੰਗ ਬਿਰੰਗੇ ਸੰਸਾਰ ਵਿਚ ਹਰ ਚੀਜ਼ ਆਪਣਾ ਰੰਗ ਬਖੇਰ ਰਹੀ ਹੈ ਅਤੇ ਹੈਰਾਨਗੀ ਵਾਲੀ ਗਲ ਇਹ ਹੈ ਕਿ ਇਹ ਰੰਗ ਜਾਣੇ ਅਣਜਾਣੇ ਸਾਡੀਆਂ ਜਿੰਦਗੀਆਂ ਨੂੰ ਹਰ ਵੇਲੇ ਪ੍ਰਭਾਵਿਤ ਕਰਦੇ ਹਨ। ਸਾਡੀਆਂ ਅੱਖਾਂ ਅਤੇ ਦਿਮਾਗ ਅਲੇ-ਦੁਆਲੇ ਤੋਂ ਜਾਣਕਾਰੀ ਇਕੱਠੀ ਕਰਦੇ ਰਹਿੰਦੇ ਹਨ। ਮਿਸਾਲ ਦੇ ਤੌਰ ਤੇ ਜਦ ਕਿਸੇ ਫਲ ਨੂੰ ਦੇਖਦੇ ਹਾਂ ਤਾਂ ਉਸਦੇ ਰੰਗ ਵਲ ਦੇਖ ਕੇ ਫੈਸਲਾ ਕਰਦੇ ਹਾਂ ਕਿ ਇਹ ਪੱਕ ਗਿਆ ਹੈ ਅਤੇ ਖਾਣ ਦੇ ਯੋਗ ਹੈ। ਜਦ ਅਸੀਂ ਅਸਮਾਨ ਵਲ ਦੇਖਦੇ ਹਾਂ ਤਾਂ ਅਸਮਾਨ ਦੇ ਰੰਗ ਤੋਂ ਅੰਦਾਜ਼ਾ ਲਾਉਂਦੇ ਹਾਂ ਕਿ ਅੱਜ ਬਾਰਸ਼ ਅਵੇਗੀ ਜਾਂ ਨਹੀਂ। ਜਦ ਦਿਨ ਬਹੁਤ ਵਧੀਆ ਯੁੱਧ ਵਾਲਾ ਹੋਵੇ ਤਾਂ ਕਵੀ ਕਹਿ ਉੱਠਦਾ ਹੈ, "ਅੱਜ ਦਿਨ ਚੜ੍ਹਿਆ ਤੇਰੇ ਰੰਗ ਵਰਗਾ"।

ਫਲ ਦੇ ਰੰਗ ਜਾਂ ਅਸਮਾਨ ਦੇ ਰੰਗ ਸਾਨੂੰ ਜਾਣਕਾਰੀ ਦੇ ਕੇ ਫੈਸਲਾ ਕਰਨ ਵਿਚ ਮੱਦਦ ਕਰਦੇ ਹਨ। ਅਸੀਂ ਕਾਇਨਾਤ ਦੀਆਂ ਵੱਖ-ਵੱਖ ਚੀਜ਼ਾਂ ਵਲ ਦੇਖ ਕੇ ਉਹਨਾਂ ਚੀਜ਼ਾਂ ਬਾਰੇ ਫੈਸਲਾ ਲੈਂਦੇ ਹਾਂ। ਪਰ ਅਸਲ ਵਿੱਚ ਅਸੀਂ ਰੰਗ ਹੀ ਦੇਖ ਰਹੇ ਹੁੰਦੇ ਹਾਂ। ਇਹ ਰੰਗ ਦੁਨੀਆਂ ਦੇ! ਆਕਾਸ਼ ਦਾ ਰੰਗ ਸਾਨੂੰ ਮੌਸਮ ਦੀ ਜਾਣਕਾਰੀ ਦਿੰਦਾ ਹੈ, ਫਲ ਦਾ ਰੰਗ ਸਾਨੂੰ ਉਹਦੇ ਕੱਚੇ ਜਾਂ ਪੱਕੇ ਹੋਣ ਬਾਰੇ ਦੱਸਦਾ ਹੈ। ਪੜ੍ਹਨ ਵੇਲੇ ਵੀ ਅਸੀਂ ਦੇਖਦੇ ਹਾਂ ਕਿ ਕਾਗਜ਼ ਦਾ ਰੰਗ ਕੀ ਹੈ ਅਤੇ ਵਰਤੀ ਗਈ ਸਿਆਹੀ ਦਾ ਰੰਗ ਅੱਖਰਾਂ ਲਈ ਕੀ ਹੈ? [DYSCEXIC] ਡਿਸਲੈਕਸਿਕ ਲੋਕਾਂ ਲਈ ਪੀਲੇ ਰੰਗ ਦੇ ਕਾਗਜ਼ ਵਰਤੇ ਜਾਂਦੇ ਹਨ ਕਿਉਂਕਿ ਚਿੱਟੇ ਰੰਗ ਦੇ ਕਾਗਜ਼ ਤੇ ਲਿਖਿਆ ਪੜ੍ਹਨ ਵਿਚ ਉਹਨਾਂ ਨੂੰ ਦਿੱਕਤ ਆਉਂਦੀ ਹੈ। ਜਾਣੇ ਅਣਜਾਣੇ ਵਸਤੂਆਂ ਦੇ ਰੰਗ ਸਾਨੂੰ ਜਾਣਕਾਰੀ ਦਿੰਦੇ ਰਹਿੰਦੇ ਹਨ ਅਤੇ ਇਹ ਸਾਡੀਆਂ ਭਾਵਨਾਵਾਂ ਨੂੰ ਟੁੰਬਦੇ ਹਨ।

ਜਦ ਅਸੀਂ ਖ੍ਰੀਦਾਫਰੋਸੀ ਲਈ ਦੁਕਾਨਾਂ ਤੇ ਜਾਂਦੇ ਹਾਂ ਤਾਂ ਵੱਖ ਵੱਖ ਰੰਗਾਂ ਦੇ ਪੈਕਟਸ ਸਾਨੂੰ ਆਪਣੇ ਵਲ ਖਿੱਚਦੇ ਹਨ। ਇਸ਼ਤਾਹਰਬਾਜ਼ੀ ਵਾਲੇ ਲੋਕ ਇਹਨਾਂ ਵੱਖਰੇ ਵੱਖਰੇ ਰੰਗਾਂ ਦੇ ਸੇਲ ਬਾਰੇ ਖੋਜ ਕਰਕੇ ਪੈਕਟਸ ਬਣਾਉਂਦੇ ਹਨ ਤਾਂ ਕਿ ਗਾਹਕਾਂ ਦਾ ਧਿਆਨ ਖਿੱਚਿਆ ਜਾ ਸਕੇ। ਵੱਖਰੀਆਂ ਵੱਖਰੀਆਂ ਉਮਰਾਂ ਦੇ ਮਰਦ, ਔਰਤ ਅਤੇ ਬੱਚਿਆਂ ਨੂੰ ਵੱਖਰੇ ਵੱਖਰੇ ਰੰਗ ਪਸੰਦ ਆਉਂਦੇ ਹਨ। ਕਪੜਿਆਂ ਦੇ ਡੀਜ਼ਾਇਨ ਬਣਾਉਣ ਵਾਲੇ, ਘਰ ਨੂੰ ਸਜਾਉਣ ਵਾਲੇ ਅਤੇ ਆਰਟਿਸਟ ਲੋਕਾਂ ਨੂੰ ਪਤਾ ਹੁੰਦਾ ਹੈ ਕਿ ਕੇਹੜੇ ਕੇਹੜੇ ਰੰਗਾਂ ਦਾ ਮੇਲ ਜੋਲ ਭਾਵਨਾਵਾਂ ਪ੍ਰਭਾਵਿਤ ਕਰਦਾ ਹੈ।

ਆਪਣੇ ਆਪਣੇ ਸੱਭਿਆਚਾਰਾਂ ਅਤੇ ਰਸਮੋਂ ਰਿਵਾਜ਼ ਕਰਕੇ ਵੱਖਰੇ ਵੱਖਰੇ ਰੰਗਾਂ ਦਾ ਮਤਲਵ ਕੱਢਿਆ ਜਾਂਦਾ ਹੈ ਅਤੇ ਰੰਗਾਂ ਨਾਲ ਹੀ ਉਹਨਾਂ ਦੀ ਨਿਸ਼ਾਨ ਦੇ ਹੀ ਕੀਤੀ ਜਾਂਦੀ ਹੈ। ਜਿਵੇਂ ਪੱਛਮੀ ਮੁਲਕਾਂ ਵਿਚ ਲੜਕਿਆਂ ਦੇ ਨੀਲੇ ਰੰਗ ਦੇ ਕਪੜੇ ਅਤੇ ਬੱਚੀਆਂ ਦੇ ਗੁਲਾਬੀ ਕਪੜੇ ਪਾਏ ਜਾਂਦੇ ਹਨ। ਸਿਆਣੀ ਉਮਰ ਦੇ ਲੋਕ ਆਮ ਕਰਕੇ ਅਤੇ ਖਾਸ ਕਰਕੇ ਪੂਰਬੀ ਮੁਲਕਾਂ ਵਿਚ ਚਿੱਟੇ ਰੰਗ ਦੇ ਕਪੜੇ ਪਾਉਂਦੇ ਹਨ। ਸ਼ਾਇਦ ਇਸੇ ਕਰਕੇ ਆਪਣੇ



ਟਕੋਰ ਵਾਲੀ ਕਹਾਵਤ, "ਬੁੱਢੀ ਘੋੜੀ ਲਾਲ ਲਗਾਮ" ਮਸ਼ਹੂਰ ਹੈ। ਗਰਮ ਮੁਲਕਾਂ ਵਿੱਚ ਚਿੱਟੇ ਰੰਗ ਅਤੇ ਹਲਕੇ ਰੰਗਾਂ ਨੂੰ ਕਪੜਿਆਂ ਵਿਚ ਵਰਤਿਆ ਜਾਂਦਾ ਹੈ ਜਦੋਂ ਕਿ ਠੰਡੇ ਮੁਲਕਾਂ ਵਿਚ ਗੂੜੇ ਰੰਗ ਦੇ ਕਪੜੇ ਪਾਏ ਜਾਂਦੇ ਹਨ। ਇਹਦੇ ਪਿਛੇ ਵਿਗਿਆਨਕ ਸਚਾਈ ਵੀ ਹੈ। ਕਿਉਂਕਿ ਸਰਦੀਆਂ ਵਿੱਚ ਗੂੜੇ ਸੂਰਜੀ ਕਿਰਨਾਂ ਨੂੰ ਆਪਣੇ ਵਲ ਖਿੱਚਣ ਵਿਚ ਜ਼ਿਆਦਾ ਮੱਦਦਗਾਰ ਸਾਬਤ ਹੁੰਦੀਆਂ ਹਨ ਅਤੇ ਗਰਮੀਆਂ ਵਿਚ ਹਲਕੇ ਰੰਗ ਸੂਰਜ ਦੀ ਗਰਮੀ ਨੂੰ ਆਪਣੇ ਵੱਲ ਘੱਟ ਖਿੱਚਦੇ ਹਨ।

ਭਾਰਤ ਵਿਚ ਹੋਲੀ ਦੇ ਤਿਉਹਾਰ ਵੇਲੇ ਖੁਸ਼ੀ ਜ਼ਾਹਿਰ ਕਰਨ ਲਈ ਵੱਖ ਵੱਖ ਰੰਗਾਂ ਨੂੰ ਵਰਤਿਆ ਜਾਂਦਾ ਹੈ। ਦੀਵਾਲੀ ਨੂੰ ਵੱਖਰੇ ਵੱਖਰੇ ਰੰਗਾਂ ਦੀਆਂ ਮਠਿਆਈਆਂ ਅਤੇ ਪਟਾਖੇ ਚਲਾਏ ਜਾਂਦੇ ਹਨ। ਇਹਨਾਂ ਰੰਗਾਂ ਦਾ ਸੱਭਿਆਚਾਰ ਦੇ ਰਸਮੋਂ ਰਿਵਾਜਾਂ ਨਾਲ ਵੀ ਸਬੰਧ ਹੈ। ਲਾਲ ਰੰਗਾਂ ਨੂੰ ਵਿਆਹਾਂ, ਸ਼ਾਦੀਆਂ ਤੇ ਪਾਇਆ ਜਾਂਦਾ ਹੈ ਅਤੇ ਚੰਗੀ ਕਿਸਮਤ ਅਤੇ ਸ਼ਗਨਾਂ ਨਾਲ ਜੋੜਿਆ ਜਾਂਦਾ ਹੈ। ਇਹ ਰੰਗ ਜ਼ਜ਼ਬਾਤਾਂ ਨੂੰ ਤੇਜ਼ ਕਰਨ ਵਿਚ ਸਹਾਈ ਮੰਨਿਆ ਜਾਂਦਾ ਹੈ। ਕਈ ਔਰਤਾਂ



ਆਪਣੇ ਸਹੁੱਪਣ ਨੂੰ ਨਜ਼ਰ ਨਾਂ ਲੱਗਣ ਤੋਂ ਬਚਾਉਣ ਲਈ ਕਾਲੇ ਟਿੱਕੇ ਦਾ ਪ੍ਰਯੋਗ ਕਰਦੀਆਂ ਹਨ ਅਤੇ ਕਈ ਮਾਵਾਂ ਆਪਣੇ ਲਾਡਲੇ ਕਾਕਿਆਂ ਦੇ ਵੀ ਕਾਲਾ ਟਿੱਕਾ ਇਸੇ ਕਰਕੇ ਲਾ ਕੇ ਨਜ਼ਰਬੱਟੂ ਵਾਲਾ ਭਰਮ ਪਾਲਦੀਆ ਹਨ। ਵਧੀਆ ਕੋਠੀ ਪਾਕੇ ਜੇਹਦੇ ਤੇ ਲੱਖਾ ਕਰੋੜਾਂ ਰੁਪਏ ਲਾਏ ਹੁੰਦੇ ਹਨ, ਕਾਲੇ ਰੰਗ ਦਾ ਨਜ਼ਰਬੱਟੂ ਕੋਠੀ ਉੱਪਰ ਸਜ਼ਾ ਦਿੱਤਾ ਜਾਂਦਾ ਹੈ। ਇਹੋ ਜਿਹਾ ਭਰਮ ਕਈ ਲੋਕ ਉਸ ਵੇਲੇ ਵੀ ਕਰਦੇ ਹਨ ਜਦ ਉਹ ਕਾਰ ਖ੍ਰੀਦ ਕੇ ਲਿਆਉਂਦੇ ਹਨ ਅਤੇ ਉਹਦੇ ਕਾਲਾ ਪਰਾਂਦਾ ਬੰਨ੍ਹ ਦਿੱਤਾ ਜਾਂਦਾ ਹੈ। ਉਹਨਾਂ ਦੇ ਦਿਮਾਗੀ ਪੁਰਜਿਆਂ ਮੁਤਾਬਿਕ ਇਹ ਕਾਲੀ ਤੌੜੀ ਜਾਂ ਕਾਲਾ ਪਰਾਂਦਾ ਇਕ ਐਸਾ ਯੰਤਰ ਹੈ ਜੋ ਬਦਰੂਹਾਂ ਅਤੇ ਈਰਖਾ ਦੀਆ ਭਾਵਨਾਵਾਂ ਨੂੰ ਸੋਖ ਲੈਂਦਾ ਹੈ। ਹੈਰਾਨਗੀ ਵਾਲੀ ਗਲ ਇਹ ਹੈ ਕਿ ਸਾਇੰਸਦਾਨਾਂ ਨੂੰ ਐਹੋ ਜੇਹੀਆਂ ਢਾਹੂ ਮਹੀਨ ਕਿਰਨਾਂ ਦਾ ਅਜੇ ਤਕ ਨਹੀਂ ਪਤਾ ਲੱਗਾ ਜਦੋਂ ਕਿ ਉਹਨਾਂ ਦੇ ਰਾਕਟ ਮੰਗਲ ਗ੍ਰਹਿ ਤਕ ਮਾਰ ਚੁੱਕੇ ਹੁੰਦੇ ਹਨ।

ਹੋਰ ਤਾ ਹੋਰ ਸਾਧੂ ਸੰਤ ਭਗਵੇਂ ਕਪੜੇ ਪਾਉਂਦੇ ਹਨ ਅਤੇ ਦੀਵਾਲੀ ਵੇਲੇ ਪਸ਼ੂਆਂ ਦੇ ਸਿੰਗਾਂ ਨੂੰ ਗੇਰੂਏ ਨਾਲ ਪੋਚਿਆ ਜਾਂਦਾ ਹੈ। ਮੁਸਲਮਾਨ ਹਰੇ ਰੰਗ ਨੂੰ ਅਪਣਾਉਂਦੇ ਹਨ ਅਤੇ ਕੇਸਰੀ ਰੰਗ ਸਿੱਖ ਧਰਮ ਨਾਲ ਸਬੰਧਤ ਹੈ।

ਅਫਸੋਸ ਵੇਲੇ ਕਾਲਾ ਰੰਗ ਪਹਿਨਿਆ ਜਾਂਦਾ ਹੈ ਪੱਛਮੀ ਮੁਲਕਾਂ ਵਿਚ ਪਰ ਭਾਰਤ ਵਰਗੇ ਮੁਲਕ ਵਿਚ ਇਹਦਾ ਇਜ਼ਹਾਰ ਚਿੱਟਾ ਰੰਗ ਕਰਦਾ ਹੈ। ਜਦੋਂ ਕਿ ਅਫਰੀਕਾ ਦੇ ਕੁੱਝ ਹਿੱਸਿਆਂ ਵਿਚ ਅਫਸੋਸ ਨੂੰ ਜ਼ਾਹਿਰ ਕਰਨ ਲਈ ਲਾਲ ਰੰਗ ਪਹਿਨਿਆ ਜਾਂਦਾ ਹੈ।

ਦਰਵੇਸ਼ਪੁਣੇ ਨੂੰ ਲਾਲ ਰੰਗ ਨਾਲ ਜੋੜਿਆ ਜਾਂਦਾ ਹੈ। ਕਾਲੇ ਮੇਰੇ ਕਪੜੇ ਕਾਲਾ ਮੇਰਾ ਵੇਸ਼ ਗੁਨਾਹੀ ਭਰਿਆ ਮੈਂ ਫਿਰਾਂ, ਲੋਕ ਕਹੈ ਦਰਵੇਸ਼।

ਪੂਰਬੀ ਅਤੇ ਪੱਛਮੀ ਸੱਭਿਆਚਾਰਾਂ ਵਿਚ ਰੰਗ ਨੂੰ ਘਟੀਆ ਜਾਂ ਮਾੜਾ ਕਿਹਾ ਜਾਂਦਾ। ਚਿੱਟੇ ਅਤੇ ਸਾਫ਼ ਰੰਗ ਨੂੰ ਸ਼ੁੱਧ ਅਤੇ ਵਧੀਆ ਮੰਨਿਆ ਜਾਂਦਾ ਹੈ। ਅਸੀਂ ਚੋਰ ਨੂੰ "ਕਾਲਾ ਚੋਰ" ਕਹਿੰਦੇ ਹਾਂ। ਇਹਦੇ ਨਾਲ ਦੀਆਂ ਹੋਰ ਵੀ ਕਈ ਮਿੱਥਾਂ ਹਲ ਜਿਵੇਂ ਕਾਲਾ ਬਜ਼ਾਰ, ਕਾਲੀ ਭੇਡ, ਕਾਲਾ ਕਲੂਟਾ, ਕਾਲਾ ਧਨ, ਅਸੀਂ ਇਹ ਵੀ ਤਵੱਕੋ ਕਰਦੇ ਹਾਂ ਕਿ ਪਤਨੀ, ਮਹਿਬੂਬਾ ਗੋਰੀ ਚਿੱਟੀ ਹੋਵੇ। ਚਮੜੀ ਨੂੰ ਚਿੱਟਾ ਕਰਨ ਲਈ ਬਜ਼ਾਰ ਵਿਚ ਲੱਖਾਂ ਕਰੋੜਾਂ ਦਾ ਵਿਉਪਾਰ ਚਲਦਾ ਹੈ ਜਦੋਂ ਕਿ

ਚਮੜੀ ਵਿਚਲੇ ਤੱਤ, ਮੌਸਮਾਂ ਦੀ ਤਬਦੀਲੀ ਅਤੇ ਸੂਰਜ ਦੀ ਤਪਸ਼ ਨਾਲ ਸਬੰਧਤ ਹਨ। ਬਹੁਤ ਸਾਰੇ ਜਾਨਵਰ, ਪੌਦੇ ਅਤੇ ਇਨਸਾਨ ਵੀ ਇਸ ਸੂਰਜ ਦੀ ਤਪਸ਼ ਤੋਂ ਪ੍ਰਭਾਵਤ ਹੋ ਕੇ ਆਪਣੇ ਆਪਣੇ ਬਚਾਅ ਦਾ ਪ੍ਰਬੰਧ ਕਰਦੇ ਹਨ। ਪੌਦਿਆਂ ਅਤੇ ਫਸਲਾਂ ਦੇ ਵੱਖਰੇ ਵੱਖਰੇ ਰੰਗ, ਕੀੜੇ ਮਕੌੜਿਆਂ ਅਤੇ ਛੋਟੇ ਛੋਟੇ ਜਾਨਵਰਾਂ ਨੂੰ ਆਪਣੇ ਵੱਲ ਖਿਚਦੇ ਹਨ ਅਤੇ ਕੁਦਰਤੀ ਵਣਜਾਰੇ ਇਹਨਾਂ ਦੇ ਵੰਸ਼ਾਂ ਨੂੰ ਅਗਾਂਹ ਤੋਰਨ ਵਿਚ ਮਦਦ ਕਰਦੇ ਹਨ।

ਵੱਖਰੇ ਵੱਖਰੇ ਮੁਲਕਾਂ ਵਿਚ ਝੰਡੇ ਆਪਣੇ ਰੰਗਾਂ ਕਰਕੇ ਵੱਖਰੀਆਂ ਗੱਲਾਂ ਦੀ ਨਿਸ਼ਾਨਦੇਹੀ ਕਰਦੇ ਹਨ। ਰੰਗਾਂ ਨਾਲ ਜਾਤਾਪਾਤਾਂ ਦੀ ਵੀ ਨਿਸ਼ਾਨਦੇਹੀ ਕੀਤੀ ਜਾਂਦੀ ਹੈ। ਇਥੋਂ ਤੱਕ ਕਿ ਅਸੀਂ ਆਵਾਜਾਈ ਲਈ ਵੀ ਤਿੰਨ ਰੰਗ ਵਰਤਦੇ ਹਾਂ। ਲਾਲ ਰੰਗ ਠਹਿਰਨ ਅਤੇ ਹਰਾ ਰੰਗ ਤੁਰਨ ਦਾ ਸੰਕੇਤ ਦਿੰਦਾ ਹੈ। ਇਹ ਰੰਗ ਅਸੀਂ ਆਪਣੇ ਖਾਣ ਪਦਾਰਥਾਂ ਤੇ ਵੀ ਵਰਤਦੇ ਹਾਂ। ਜਿਸ ਖਾਣ ਪਦਾਰਥ ਵਿਚ ਚਰਬੀ ਜ਼ਿਆਦਾ ਹੋਵੇ ਉਹਨੂੰ ਲਾਲ ਰੰਗ ਦਿਤਾ ਜਾਂਦਾ ਹੈ ਅਤੇ ਜੋ ਸਹਿਤ ਲਈ ਠੀਕ ਹੈ, ਉਹਦਾ ਰੰਗ ਹਰਾ ਦਰਸਾਇਆ ਜਾਂਦਾ ਹੈ। ਸਿਹਤ ਦਾ ਵੀ ਰੰਗਾਂ ਨਾਲ ਸਬੰਧ ਹੈ। ਖ਼ੂਨ ਦੀ ਕਮੀ ਦੇਖ ਕੇ ਅਸੀਂ ਕਹਿ ਉੱਠਦੇ ਹਾਂ, "ਇਹਦਾ ਰੰਗ ਤਾਂ ਪੀਲਾ ਭੂਕ ਹੋਇਆ ਪਿਆ।" ਡਾਕਟਰ, ਪੇਸ਼ਾਬ ਦੇ ਰੰਗ ਤੋਂ ਅੰਦਾਜ਼ਾ ਲਾ ਲੈਂਦਾ ਹੈ ਕਿ ਇਹਦੇ ਵਿਚ ਸ਼ੱਕਰ ਰੋਗ ਹੈ ਜਾਂ ਨਹੀਂ।

ਰੰਗ ਸਾਨੂੰ ਵੱਖ ਵੱਖ ਨਿਸ਼ਾਨਦੇਹੀਆਂ ਦਿੰਦੇ ਹਨ। ਇਮਤਿਹਾਨ ਦੇ ਪਰਚੇ ਲਾਲ ਰੰਗ ਦੇ ਪਿੰਨ ਨਾਲ ਮਾਰਕ ਕੀਤੇ ਜਾਂਦੇ ਹਨ ਅਤੇ ਕਿਸੇ ਪੈਰੇ ਜਾਂ ਲਾਇਨਾਂ ਵਲ ਧਿਆਨ ਖਿੱਚਿਆ ਜਾ ਸਕੇ। ਬਿਜਲੀ ਜਾਂ ਪਾਣੀ ਦਾ ਖਤਰਾ ਦਰਸਾਉਣ ਲਈ ਲਾਲ ਰੰਗ ਵਰਤਿਆ ਜਾਂਦਾ ਹੈ ਅਤੇ ਇਹ ਨਿਯਮ ਮੋਟਰਾਂ ਕਾਰਾਂ ਦੀ ਸਪੀਡ ਲਈ ਹੀ ਵਰਤਿਆਂ ਜਾਂਦਾ ਹੈ। ਕਈ ਵਾਰ ਤਾਂ ਇਹ ਇਉਂ ਗਲਦਾ ਹੈ ਕਿ ਅਸੀਂ ਰੰਗਾਂ ਤੋਂ ਬਿਨਾਂ ਇਕ ਪਲ ਵੀ ਨਹੀਂ ਜਿਉਂਦੇ ਅਤੇ ਇਹ ਸਾਡੀ ਜ਼ਿੰਦਗੀ ਵਿਚ ਹਰ ਵੇਲੇ ਸਾਡੇ ਨਾਲ ਸਾਡੇ ਸਾਹਾਂ ਵਾਂਗ ਰਹਿੰਦੇ ਹਨ।

ਮੈਂ ਕੁੱਝ ਐਹੋ ਜਿਹੇ ਲੋਕਾਂ ਨੂੰ ਜਾਣਦਾ ਹਾਂ ਜੋ ਕੁੱਝ ਰੰਗਾਂ ਦੇ ਕਪੜੇ ਬਿਲਕੁਲ ਨਹੀਂ ਪਾਉਂਦੇ ਕਿ ਇਸ ਰੰਗ ਦੇ ਕਪੜੇ ਪਾਉਣ ਨਾਲ ਉਹਨਾਂ ਦੀ ਜ਼ਿੰਦਗੀ ਤੇ ਮਾੜਾ ਅਸਰ ਪੈ ਸਕਦਾ ਹੈ। ਵਹਿਮ ਦਾ ਕਈ ਵਾਰ ਲਗਦਾ ਹੈ ਕਿ ਕੋਈ ਇਲਾਜ਼ ਨਹੀਂ ਹੈ। ਇਹਨਾਂ ਵਹਿਮਾਂ ਭਰਮਾਂ ਵਿੱਚ ਸਿਰਫ ਘੱਟ ਪੜੇ ਜਾਂ ਅਨਪੜ੍ਹ ਲੋਕ ਹੀ ਸ਼ਾਮਲ ਹੁੰਦੇ ਹਨ ਸਗੋਂ ਉਹ ਵੀ ਹਨ ਜੋ ਮਾਸਟਰ ਤਕ ਦੀਆਂ ਡਿਗਰੀਆਂ ਕਰ ਚੁੱਕੇ ਹੁੰਦੇ ਹਨ ਅਤੇ ਆਪਣੇ ਆਪ ਨੂੰ ਹਾਈ ਕਲਾਸ ਪ੍ਰੀਵਾਰ ਨਾਲ ਜੋੜਦੇ ਹਨ। ਆਉ ਹੁਣ ਦੇਖੀਏ ਕਿ ਮਨੋਵਿਗਿਆਨੀ ਰੰਗ ਬਾਰੇ ਕੀ ਕਹਿੰਦੇ ਹਨ। ਮਨੋਵਿਗਿਆਨੀ ਰੰਗਾਂ ਦੇ ਪ੍ਰਭਾਵ ਬਾਰੇ ਖੋਜਾਂ ਕਰਦੇ ਰਹਿੰਦੇ ਹਨ ਅਤੇ ਉਹਨਾਂ ਮੁਤਾਬਕ ਕੁੱਝ ਰੰਗ ਸਾਡੇ ਜ਼ਜ਼ਬਾਤਾਂ ਨੂੰ ਸ਼ਾਂਤ ਕਰਨ ਵਿਚ ਸਹਾਈ ਹੋ ਸਕਦੇ ਹਨ। ਸ਼ਾਇਦ ਇਹ ਹੀ ਕਾਰਨ ਹੋਵੇ ਕਿ ਲਾਲ ਰੰਗ ਦਾ ਕਪੜਾ ਦਿਖਾ ਕੇ ਬੁੱਲ-ਸਾਹਨ ਨੂੰ ਰੋਮ ਵਿਚ ਖੇਡ ਤਮਾਸ਼ਾ ਕੀਤਾ ਜਾਂਦਾ ਹੈ ਕਿ ਲਾਲ ਰੰਗ ਨਾਲ ਇਹ ਜਾਨਵਰ ਉਤੇਜਤ ਹੋ ਜਾਂਦਾ ਹੈ। ਕਈ ਅਪੰਗਾਂ ਨੂੰ ਰੰਗਾਂ ਦੀ ਥਰੈਪੀ ਨਾਲ ਸ਼ਾਂਤ ਕੀਤਾ ਜਾਂਦਾ ਹੈ। ਸਾਨੂੰ ਵੀ ਵੱਖਰੇ ਵੱਖਰੇ ਰੰਗ ਪਸੰਦ ਹਨ ਪਰ ਆਮ ਕਰਕੇ ਸਤਰੰਗੀ ਪੀਂਘ, ਰੰਗ ਬਿਰੰਗੇ ਫੁੱਲ ਅਤੇ ਤਿਤਲੀਆਂ ਬਹੁਤ ਸਾਰੇ ਲੋਕਾਂ ਨੂੰ ਪਸੰਦ ਹਨ। ਕੁੱਝ ਲੋਕਾਂ ਦਾ ਵਿਚਾਰ ਹੈ ਕਿ ਕਿਸੇ ਦੇ ਜਾਤੀ ਪਸੰਦ ਰੰਗ ਤੋਂ ਉਹਦੀ ਸਖਸ਼ੀਅਤ ਬਾਰੇ ਕੁੱਝ ਅੰਦਾਜ਼ਾ ਲਾਇਆ ਜਾ ਸਕਦਾ ਹੈ ਪਰ ਇਹਦੇ ਵਿਚ ਵਿਗਿਆਨ ਦੀ ਕਸਵੱਟੀ ਤੇ ਦੇਖਿਆਂ ਕਿੰਨੀ ਕੁ ਸੱਚਾਈ ਹੈ, ਮੇਰੇ ਤਰਕ ਦੇ ਇਹ ਗੱਲ ਫਿੱਟ ਨਹੀਂ ਬੈਠਦੀ। ਫਿਰ ਵੀ ਆਉ ਦੇਖੀਏ ਕਿ ਰੰਗਾਂ ਨਾਲ ਸਖਸੀਅਤਾਂ ਨੂੰ ਕਿਵੇਂ ਜੋੜਿਆ ਜਾਂਦਾ ਹੈ।

ਲਾਲ ਰੰਗ :- ਅਗਰ ਕਿਸੇ ਦਾ ਲਾਲ ਰੰਗ ਹਰਮਨ ਪਿਆਰਾ ਹੈ ਤਾਂ ਇਹਨੂੰ ਸ਼ਕਤੀ, ਹੋਰ ਅਤੇ ਗੁੱਸੇ ਨਾਲ ਜੋੜਿਆ ਜਾਂਦਾ ਹੈ। ਆਪਾਂ ਆਮ ਕਹਿੰਦੇ ਹਾਂ, "ਉਹ ਤਾਂ ਬਹੁਤ ਲਾਲ ਪੀਲਾ ਹੋਇਆ ਫਿਰਦਾ ਸੀ।" ਲਾਲ ਰੰਗ ਨੂੰ ਖਤਰੇ, ਲੜਾਈ ਅਤੇ ਅੱਗ ਨਾਲ ਮੇਲ ਖਾਂਦਾ ਸਮਝਿਆ ਜਾਂਦਾ ਹੈ। ਇਹ ਵੀ ਮੰਨਿਆ ਜਾਂਦਾ ਹੈ ਕਿ ਲਾਲ ਰੰਗ ਨਾਲ ਖੂਨ ਦਾ ਦਬਾਅ ਵੱਧਦਾ ਹੈ, ਵੱਧ ਪਸੀਨਾ ਆਉਂਦਾ ਹੈ ਅਤੇ ਸਰੀਰਕ ਸ਼ਕਤੀ ਜਲਦੀ ਬਲਦੀ ਹੈ। ਇਹ ਰੰਗ ਬੜਾ ਉੱਭਰਵਾਂ ਹੈ ਅਤੇ ਸਾਡੇ ਧਿਆਨ ਖਿੱਚਣ ਲਈ ਇਹਨੂੰ ਵਰਤਿਆਂ ਜਾਂਦਾ ਹੈ। ਦੁਕਾਨਦਾਰ ਆਪਣਾ ਭਾਅ ਸਸਤਾ ਕਰਕੇ ਚੀਜ਼ਾਂ ਤੇ ਲਾਲ ਰੰਗ ਦੇ ਪਰਚੇ ਲਾ ਦਿੰਦੇ ਹਨ। ਕਾਮਰੇਡ ਲੋਕ ਆਪਣੀ ਹੋਂਦ ਜਤਾਉਣ ਲਈ ਲਾਲ ਝੰਡੇ ਆਦਿ ਦੀ ਵਰਤੋਂ ਕਰਦੇ ਹਨ। ਇਹਨਾਂ ਗੱਲਾਂ ਤੋਂ ਸਾਬਤ ਇਹ ਹੋਇਆ ਕਿ ਜਿਸ ਇਨਸਾਨ ਦਾ ਲਾਲ ਰੰਗ ਮਨਭਾਉਂਦਾ ਹੈ, ਉਸ ਨਾਲ ਬਹੁਤ ਸੰਕੋਚ ਅਤੇ ਸਾਵਧਾਨੀ ਨਾਲ ਤਾਲ-ਮੇਲ ਕਰਨਾ ਚਾਹੀਦਾ ਹੈ। ਜਿਸ ਤੋਂ ਇਹ ਵੀ ਪਤਾ ਲਗਦਾ ਹੈ ਕਿ ਲਾਲ ਰੰਗ ਨੂੰ ਪਸੰਦ ਕਰਨ ਵਾਲੇ ਲੋਕ ਖਤਰੇ ਨੂੰ ਮੁੱਲ ਲੈਣ ਵਾਲੇ ਅਤੇ ਦ੍ਰਿੜ ਇਰਾਦੇ ਵਾਲੇ ਬਹਾਦਰ ਹੁੰਦੇ ਹਨ। ਉਨ੍ਹਾਂ 'ਚ ਜ਼ਿੰਦਗੀ ਦੇ ਹਲਾਤਾਂ ਨੂੰ ਬਦਲਣ ਦਾ ਸਾਹਸ ਹੁੰਦਾ ਹੈ ਅਤੇ ਸਮਾਜ ਵਿਚ ਤਬਦੀਲੀਆਂ ਲਿਆਉਣੀਆਂ ਚਾਹੁੰਦੇ ਹਨ। ਕਿਉਂਕਿ ਖ਼ੂਨ ਦਾ ਰੰਗ ਵੀ ਲਾਲ ਹੈ ਅਤੇ ਕਤਲੋਮਾਰਤ ਵਿਚ ਵੀ ਖ਼ੂਨ ਵਹਿੰਦਾ ਹੈ, ਸੋ ਇਹਨੂੰ ਜੋਸ਼ ਖਰੋਸ਼ ਵਾਲੀ ਸਖ਼ਸ਼ੀਅਤ ਨਾਲ ਵੀ ਜੋੜਿਆ ਜਾਂਦਾ ਹੈ।

ਹਰਾ ਰੰਗ :- ਇਹਦੀ ਤਰਜ਼ ਲਾਲ ਰੰਗ ਦੇ ਉਲਟ ਸਮਝੀ ਜਾਂਦੀ ਹੈ। ਇਹ ਸਰੀਰ ਦੀ ਸ਼ਕਤੀ ਨੂੰ ਹੌਲੀ ਹੌਲੀ ਵਰਤਦਾ ਹੈ ਅਤੇ ਸ਼ਾਂਤ ਕਿਸਮ ਦਾ ਪ੍ਰਭਾਵ ਪੈਦਾ ਕਰਦਾ ਹੈ। ਇਹ ਵੀ ਮੰਨਿਆ ਜਾਂਦਾ ਹੈ ਕਿ ਇਹ ਮਾਨਸਿਕ ਦਬਾਅ ਨੂੰ ਘੱਟ ਕਰਦਾ ਹੈ ਅਤੇ ਸਾਨੂੰ ਪਿੱਛੇ ਤਕ ਲੈ ਜਾਂਦਾ ਹੈ ਜਦੋਂ ਸਾਡੇ ਵੱਡੇ ਵਡੇਰੇ ਜੰਗਲਾਂ ਵਿਚ ਪੇੜ ਪੌਦਿਆਂ ਦੀ ਰਿਹਾਵਲ ਵਿਚ ਰਿਹਾ ਕਰਦੇ ਸਨ। ਇਹ ਰਵਾਂ ਜ਼ਿੰਦਗੀ ਦਾ ਨਿਸ਼ਾਨ ਹੈ ਕਿਉਂਕਿ ਘਾਹ ਦਾ ਰੰਗ ਹਰਾ ਹੈ। ਇਹ ਠਹਿਰਾਅ ਦੀ ਨਿਸ਼ਾਨੀ ਹੈ। ਜਦ ਅਸੀਂ ਹਰੀਆਂ ਵਾਦੀਆਂ ਦੇਖਦੇ ਹਾਂ ਤਾਂ ਮਨ ਸ਼ਾਂਤ ਹੋ ਜਾਂਦਾ ਹੈ। ਦੱਸਿਆਂ ਜਾਂਦਾ ਹੈ ਕਿ ਨਪੋਲੀਅਨ ਬੋਨਾਪਾਰਟ ਆਮ ਕਰਕੇ ਹਰੇ ਰੰਗ ਦਾ ਕੋਟ ਪਾਇਆ ਕਰਦਾ ਸੀ।

ਭਾਰਤੀ ਸਮਾਜ ਵਿਚ ਵਿਆਹ ਵੇਲੇ ਘਰ ਦੇ ਦਰਵਾਜ਼ੇ ਤੇ ਹਰੇ ਰੰਗ ਦੇ ਪੱਤੇ ਡੋਰੀ ਵਿਚ ਪਾ ਕੇ ਲਟਕਾਏ ਜਾਂਦੇ ਹਨੇ ਕਿਸੇ ਮੋਹਤਬਰ ਦੇ ਆਉਣ ਤੇ ਜਾਂ ਨਗਰ ਕੀਰਤਨ ਵੇਲੇ ਕੇਲੇ ਦੇ ਹਰੇ ਰੰਗ ਦੇ ਤਨਿਆਂ ਦਾ ਸੁਆਗਤ ਲਈ ਇਸਤੇਮਾਲ ਕੀਤਾ ਜਾਂਦਾ ਸੀ ਅਤੇ ਸ਼ਾਇਦ ਹੁਣ ਵੀ ਕੀਤਾ ਜਾਂਦਾ ਹੋਵੇ। ਸੋ ਇਹ ਰੰਗ ਅਉਭਗਤ ਅਤੇ ਜੀ ਆਇਆ ਲਈ ਵਰਤਿਆ ਜਾਂਦਾ ਹੈ। ਇਹਦਾ ਮਤਲਵ ਇਹ ਹੋਇਆ ਕਿ ਹਰਾ ਰੰਗ ਪਸੰਦ ਕਰਨ ਵਾਲਾ ਸ਼ਾਂਤ ਚਿੱਤ ਇਨਸਾਨ ਹਰ ਇਕ ਨਾਲ ਤਹੱਲਮ ਨਾਲ ਗਲ ਕਰਦਾ ਹੈ। ਦੂਜੇ ਪਾਸੇ ਇਹ ਵੀ ਮੰਨਿਆ ਜਾਂਦਾ ਹੈ ਕਿ ਹਰਾ ਰੰਗ ਉਸ ਵੇਲੇ ਵੀ ਪੈਦਾ ਹੁੰਦਾ ਜਦ ਕੋਈ ਈਰਖਾ ਜਾਂ ਸਾੜੇ ਵਿਚ ਜਲ ਬਲ ਰਿਹਾ ਹੋਵੇ।

ਚਿੱਟਾ ਰੰਗ :- ਚਿੱਟੇ ਰੰਗ ਨੂੰ ਸ਼ੁਧਤਾ, ਸਫਾਈ ਅਤੇ ਰੋਸ਼ਨੀ ਨਾਲ ਜੋੜਿਆ ਜਾਂਦਾ ਹੈ। ਚਿੱਟੇ ਰੰਗ ਨੂੰ ਸਦਭਾਵਨਾ, ਭਲ-ਸਵਾਮੀ ਅਤੇ ਬੇਦਾਗ ਦੇ ਤੌਰ ਤੇ ਵਰਤਿਆਂ ਜਾਂਦਾ ਹੈ। ਧਾਰਮਿਕ ਬੰਦਿਆਂ ਦੇ ਸਿਰ ਦੇ ਪਿਛੇ ਕਲੰਡਰ ਜਾਂ ਫੋਟੋ ਵਿਚ ਚਿੱਟੇ ਰੰਗ ਦੀਆਂ ਕਿਰਨਾਂ ਬਖੇਰੀਆਂ ਜਾਂਦੀਆਂ ਹਨ। ਦੇਵੀ ਦੇਵਤਿਆਂ ਅਤੇ ਰੁਹਾਨੀਅਤ ਨੂੰ ਪਹੁੰਚੇ ਮੰਨੇ ਜਾਂਦੇ ਲੋਕਾਂ ਦੇ ਵੀ ਚਿੱਟੇ ਕਪੜੇ ਪਾਏ ਦਿਖਾਏ ਜਾਂਦੇ ਹਨ। ਚਿੱਟੇ ਰੰਗ ਨੂੰ ਸ਼ਾਂਤੀ ਦਾ ਪ੍ਰੰਜ ਮੰਨਿਆ ਜਾਂਦਾ ਹੈ। ਲੜਾਈ ਬੰਦ ਕਰਨ ਵੇਲੇ-ਚਿੱਟੇ ਰੰਗ ਦੇ ਝੰਡੇ ਲਹਿਰਾਏ ਜਾਂਦੇ ਹਨ। ਇਸ ਰੰਗ ਨੂੰ ਮੁਆਫ ਕਰਨ ਦਾ ਵੀ ਪ੍ਰਤੀਕ ਮੰਨਿਆ ਜਾਂਦਾ ਹੈ। ਸੋ ਜੇਹੜੇ ਚਿੱਟੇ ਰੰਗ ਨੂੰ ਪਸੰਦ ਕਰਦੇ ਹਨ,

ਉਹ ਸਦਭਾਵਨਾ ਅਤੇ ਨਿਰਡਰ ਕਿਸਮ ਦੀ ਸਖ਼ਸੀਅਤ ਦੇ ਧਾਰਨੀ ਹੋ ਸਕਦੇ ਹਨ।

ਜਾਮਨੀ ਰੰਗ(MAROON) - ਇਹ ਸ਼ਕਤੀ ਲੰਬੇ ਸਮੇਂ ਤੱਕ ਕਾਇਮ ਰੱਖਣ ਦਾ ਪ੍ਰਤੀਕ ਹੈ। ਮੁਸਕਲਾਂ ਅਤੇ ਦੁਸ਼ਵਾਰੀਆਂ ਨਾਲ ਜੂਝਣ ਦੀ ਸਮਰੱਥਾ ਅਤੇ ਕਿਸੇ ਮੰਤਵ ਦੀ ਪ੍ਰਾਪਤੀ ਇਹਦਾ ਨਿਸ਼ਾਨਾ ਹੁੰਦਾ ਉਨ੍ਹਾਂ ਹੀ ਚੰਗਾ ਹੈ। ਅਗਰ ਇਹਦੇ ਵਿਚ ਭੂਰੇ ਰੰਗ ਦੀ ਮਿਲਾਵਟ ਹੋ ਜਾਵੇ ਤਾਂ ਇਹ ਦੁਨਿਆਵੀ ਤੌਰ ਤੇ ਮਤਲਵੀ ਗੁਣ ਜ਼ਾਹਿਰ ਕਰਦਾ ਹੈ। ਸੋ ਅਗਰ ਕਿਸੇ ਨੂੰ ਇਹ ਰੰਗ ਬਹੁਤ ਜ਼ਿਆਦਾ ਚੰਗਾ ਲਗਦਾ ਹੈ ਤਾਂ ਇਹ ਗੁਣ ਉਹਦੀ ਸਖ਼ਸ਼ੀਅਤ ਵਿਚ ਝਲਕਾਰੇ ਮਾਰ ਸਕਦੇ ਹਨ।

ਕਿਰਮਚੀ ਰੰਗ [CRIMSON]- ਇਹ ਆਸ਼ਾਵਾਦੀ, ਆਪਣੇ ਆਪ ਨੂੰ ਹੋਰ ਬਿਹਤਰ ਬਨਾਉਣ ਮੁਕਾਬਲੇਬਾਜ਼ੀ, ਸਫਲਤਾ ਲਈ ਉਤਾਵਲਾਪਨ, ਅਤੇ ਆਪਣੇ ਟੀਚੇ ਨੂੰ ਸੁਰੂ ਕਬਨ ਦੀ ਕੋਸ਼ਿਸ਼ ਦਰਸਾਉਂਦਾ ਹੈ। ਐਹੋ ਜਿਹੇ ਰੰਗ ਨੂੰ ਪਸੰਦ ਕਰਨ ਵਾਲੇ ਲੋਕ ਬੁਲੰਦੀਆਂ ਨੂੰ ਛੋਹਣ ਦੇ ਪ੍ਰਤੀਕ ਹੁੰਦੇ ਹਨ।

ਗੁਲਾਬੀ ਰੰਗ [PINK]- ਇਹ ਰੰਗ ਪਿਆਰ ਅਤੇ ਮਮਤਾ ਨੂੰ ਤਾਂ ਦਰਸਾਉਂਦੀ ਹੀ ਹੈ ਸਗੋਂ ਦੂਸਰਿਆਂ ਦੀ ਮੱਦਦ ਕਰਨ ਲਈ ਤਤਪਰਤਾ ਹੈ। ਇਹਦੇ ਵਿਚ ਈਰਖਾ ਦਾ ਕੋਈ ਅੰਸ਼ ਨਹੀਂ ਹੁੰਦਾ ਅਤੇ ਇਸ ਰੰਗ ਨੂੰ ਪਸੰਦ ਕਰਨ ਵਾਲੇ ਲੋਕ ਆਪਣੀਆਂ ਭਾਵਨਾਵਾਂ ਨੂੰ ਜਲਦੀ ਹੀ ਜਖ਼ਮੀ ਕਰ ਬੈਠਦੇ ਹਨ। ਇਹਨੂੰ ਪਸੰਦ ਕਰਨ ਵਾਲੇ ਅਨਾੜੀ ਅਤੇ ਅੱਲੜ ਕਿਸਮ ਦੇ ਲੋਕ ਹੋ ਸਕਦੇ ਹਨ।

ਗੁਲਾਨਾਰੀ ਰੰਗ [SCARLET]- ਇਸ ਰੰਗ ਨੂੰ ਪਸੰਦ ਕਰਨ ਵਾਲੇ ਬਹੁਤ ਪਸੰਦੀਦਾ ਜਾਂ ਨਫਰਤ ਦੀਆਂ ਸ਼ਿਕਾਰ ਹੋਈਆਂ ਸਖ਼ਸ਼ੀਅਤਾਂ ਹੋ ਸਕਦੀਆਂ ਹਨ। ਅਚਾਨਕ ਭੜਕਣ ਵਾਲੇ ਸੁਭਾਅ ਦੇ ਮਾਲਕ ਬਿਨਾਂ ਕਿਸੇ ਮਕਸਦ ਦੇ ਕਦੇ ਗਰਮ ਅਤੇ ਕਦੇ ਠੰਡੇ ਹੋ ਸਕਦੇ ਹਨ। ਇਹਨਾਂ ਦੇ ਮੋਹ ਦਿਖਾਣ ਦੇ ਪਿੱਛੇ ਵੀ ਇਹਨਾਂ ਦਾ ਆਪਣਾ ਮਤਲਵ ਲੁੱਗਿਆ ਹੋਇਆ ਹੋ ਸਕਦਾ ਹੈ।

ਲਾਲ-ਭੂਰਾ ਰੰਗ [RED BROWN]- ਐਹੋ ਜਿਹੇ ਰੰਗ ਨੂੰ ਬਹੁਤ ਜਿਆਦਾ ਪਸੰਦ ਕਰਨ ਵਾਲੇ ਲੋਕ ਬਹੁਤ ਭੈੜੇ ਸੁਭਾਅ ਦੇ ਹੋ ਸਕਦੇ ਹਨ। ਇਹਨਾਂ ਤੋਂ ਦੂਰ ਰਹਿਣਾ ਚਾਹੀਦਾ ਹੈ ਕਿਉਂਕਿ ਤੁਹਾਨੂੰ ਸਮੱਸਿਆਵਾਂ ਵਿਚ ਘੜੀਸ ਸਕਦੇ ਹਨ। ਜਿੰਨੀ ਇਸ ਵਿਚ ਜ਼ਿਆਦਾ ਲਾਲੀ ਹੋਵੇਗੀ ਉਨੀ ਹੀ ਖਰਚੇ ਵਾਲੀ ਗਲ ਹੋਵੇਗੀ ਉਨ੍ਹਾਂ ਹੀ ਸੁਭਾਅ ਪਿਆਰ ਵਾਲਾ ਅਤੇ ਇਨਸਾਨੀਅਤ ਨੂੰ ਪਿਆਰ ਕਰਨ ਵਾਲਾ ਹੋਵੇਗਾ ਅਤੇ ਉਹ ਲੋਕ ਕੰਮ ਕਰਨ ਵੇਲੇ ਸ਼ਾਂਤ ਸੁਭਾਅ ਦੇ ਹੋਣਗੇ। ਉਭਰਵੇਂ ਰੰਗ ਸਮਤਲ ਸਖ਼ਸ਼ੀਅਤ ਅਤੇ ਮੁਰਝਾਏ ਹੋਏ ਰੰਗਾਂ ਦਾ ਭਾਅ ਉਦਾਸੀ ਵੱਲ ਲਿਜਾਂਦੀ ਹੈ। ਜੇਹੜੇ ਲੋਕ ਰੰਗ ਨੂੰ ਬਹੁਤ ਪਸੰਦ ਕਰਦੇ ਹਨ। ਉਹਨਾਂ ਨੂੰ ਦਿਮਾਗੀ ਭੰਡੂਆਂ ਦੀ ਮੁਸ਼ਕਿਲ ਆ ਸਕਦੀ ਹੈ। ਜੇਕਰ ਉਹ ਲੰਬੀ ਅਤੇ ਖ਼ੁਸ਼ੀ ਨਹੀਂ ਜ਼ਿੰਦਗੀ ਜੀਉਣਾ ਚਾਹੁੰਦੇ ਹਨ ਤਾਂ ਉਹਨਾਂ ਨੂੰ ਆਪਣੇ ਆਪ ਤੇ ਜ਼ਾਬਤਾ ਰੱਖਵਾ ਸਿੱਖਣਾ ਚਾਹੀਦਾ ਹੈ।

ਮਿੱਟੀ ਰੰਗੇ ਲਾਲ ਰੰਗ ਨੂੰ ਪਸੰਦ ਕਰਨ ਵਾਲੇ ਲੋਕ ਬੜੇ ਭੈੜੇ ਸੁਭਾਅ ਦੇ ਮਾਲਕ ਹੋ ਸਕਦੇ ਹਨ। ਇਹ ਲੋਕ ਲੜਾਕੇ, ਧੋਖੇਬਾਜ਼, ਬੇਯੀਕੀਨੇ ਹੋ ਸਕਦੇ ਹਨ ਜੋ ਦੂਜਿਆਂ ਦੇ ਮੋਢਿਆਂ ਤੇ ਬੰਦੂਕ ਚਲਾ ਕੇ ਆਪਣਾ ਮਤਲਵ ਪੂਰਾ ਕਰ ਸਕਦੇ ਹਨ। ਜੇਹੜੇ ਲੋਕ ਘਸੇ ਪਿੱਟੇ ਲਾਲ ਰੰਗ ਨੂੰ ਪਸੰਦ ਕਰਦੇ ਹਨ, ਹੋ ਸਕਦਾ ਹੈ ਜਿਸਮਾਨੀ ਤੌਰ ਤੇ ਤਕੜੇ ਹੋਣ। ਕਾਤਲ ਕਿਸਮ ਦੇ ਲੋਕ ਸਦਾ ਭ੍ਰਿਸ਼ਟ ਲਾਲ ਰੰਗ ਨੂੰ ਪਸੰਦ ਕਰਨ ਵਾਲੇ ਦੇਖੇ ਗਏ ਹਨ।

ਇਸ ਬਹਿਸ ਤੋਂ ਇੰਨ ਬਿੰਨ ਨਤੀਜੇ ਨਹੀਂ ਕੱਢੇ ਜਾ ਸਕਦੇ ਕਿਉਂਕਿ ਬਹੁਤ ਸਾਰੀਆਂ ਖੋਜਾਂ ਵਿਚ ਸੱਭਿਆਚਾਰਕ ਧਾਰਨਾਵਾਂ ਅਤੇ ਰੀਤੀ ਰਿਵਾਜਾਂ ਦਾ ਵੀ ਰੋਲ ਹੁੰਦਾ ਹੈ। ਵਿਗਿਆਨ ਤਰਕ ਦੀ ਕਸਵੱਟੀ ਤੇ ਰੰਗਾਂ ਵਲ ਦੇਖ ਕੇ ਕਿਸੇ ਦੀ ਸ਼ਖ਼ਸ਼ੀਅਤ ਨੂੰ ਸੌ ਪ੍ਰਤੀਸ਼ਤ ਨਹੀਂ ਜਾਣਿਆ ਜਾ ਸਕਦਾ ਕਿਉਂਕਿ ਇਨਸਾਨ ਦੀ ਸਖ਼ਸ਼ੀਅਤ ਬਦਲਦੀ ਰਹਿੰਦੀ ਹੈ।

## ਸਰਗਰਮੀ

ਬਰਨਾਲਾ ਕਲੱਬ ਬਰਨਾਲਾ ਵਿਚੇ ਵਿਸ਼ਵ ਆਤਮ ਹੱਤਿਆ ਰੋਕੂ ਦਿਵਸ (ਮੰਗਲਵਾਰ ਮਿਤੀ 12.9.20 17) ਮਨਾਇਆ ਗਿਆ। ਇਸ ਦਿਵਸ ਨੂੰ ਮਨਾਉਣ ਵਿੱਚ ਬਰਨਾਲਾ ਦੀ ਆੜ੍ਹਤੀ ਐਸੋਸ਼ੀਏਸ਼ਨ ਦਾ ਮੁੱਖ ਸਹਿਯੋਗ ਰਿਹਾ। ਮਨੋਦਿਸ਼ਾ ਹਸਪਤਾਲ ਦੇ ਮਨੋਰੋਗ ਮਾਹਿਰ ਡਾਕਟਰ ਸੰਦੀਪ ਮੁੱਖ ਵਕਤਾ ਦੇ ਤੌਰ ਤੇ ਹਾਜ਼ਰ ਹੋਏ। ਉਹਨਾਂ ਦੇ ਨਾਲ ਹਸਪਤਾਲ ਦਾ ਸਟਾਫ਼ ਵੀ ਵਿਸ਼ੇਸ਼ ਤੌਰ 'ਤੇ ਪੁੱਜਿਆ ਜਿੰਨ੍ਹਾਂ ਨੇ ਆਪਣੇ ਬੈਨਰ ਅਤੇ ਮਾਨਸਿਕ ਰੋਗਾਂ ਨਾਲ ਸਬੰਧਿਤ ਮੁਫ਼ਤ ਕਿਤਾਬਾਂ ਬਾਰੇ ਪ੍ਰਦਰਸ਼ਨੀ ਲਗਾਈ।

ਆੜ੍ਹਤੀ ਐਸੋਸ਼ੀਏਸ਼ਨ ਦੇ ਪ੍ਰਧਾਨ ਨੇ ਜੀ.ਐਸ.ਟੀ. ਅਤੇ ਕਿਸਾਨਾਂ ਦੀਆਂ ਆਤਮ ਹੱਤਿਆਵਾਂ ਬਾਰੇ ਅਤੇ ਕਿਸਾਨ-ਆੜ੍ਹਤੀ ਵਿਚਲੇ ਰਿਸ਼ਤੇ ਦੀ ਮਜ਼ਬੂਤੀ ਬਣਾਈ ਰੱਖਣ ਬਾਰੇ ਕਿਹਾ। ਡਾਕਟਰ ਸੰਦੀਪ ਨੇ ਆਤਮ ਹੱਤਿਆ ਪਿੱਛੇ ਕੰਮ ਕਰਦੇ ਕਾਰਨਾਂ ਬਾਰੇ ਜਾਣੂੰ ਕਰਵਾਉਂਦੇ ਹੋਏ ਇਸ ਤੋਂ ਬਚਣ ਦੇ ਉਪਾਵਾਂ ਬਾਰੇ ਜਾਣਕਾਰੀ ਦਿੱਤੀ। ਉਹਨਾਂ ਨੇ ਇੰਟਰਨੈੱਟ ਉੱਤੇ ਰੂਸ ਤੋਂ ਸ਼ੁਰੂ ਹੋਈ ਬਲੂ-ਵੇਲ੍ਹ ਗੇਮ ਬਾਰੇ ਸੁਚੇਤ ਕੀਤਾ ਕਿ ਆਪਣੇ ਬੱਚਿਆਂ ਨੂੰ ਨੈੱਟ ਉੱਤੇ ਗੇਮਾਂ ਖੇਡਣ ਬਾਰੇ ਅਤੇ ਬਲੂ-ਵੇਲ੍ਹ ਗੇਮ ਬਾਰੇ ਜਾਣਕਾਰੀ ਦੇ ਕੇ ਆਤਮ-ਹੱਤਿਆ ਤੇ ਰੋਕ ਲਾਈ ਜਾ ਸਕਦੀ ਹੈ।

ਅਸਲ ਵਿੱਚ ਆਤਮ ਹੱਤਿਆ ਦੇ ਖਿਆਲ ਆਉਣਾ ਇੱਕ ਮਾਨਸਿਕ ਰੋਗ ਹੈ ਜਿਸ ਦਾ ਸਮੇਂ ਸਿਰ ਇਲਾਜ ਕਰਵਾਉਣਾ ਚਾਹੀਦਾ ਹੈ। ਅਜਿਹਾ ਕਰਕੇ ਅਸੀਂ ਹਜ਼ਾਰਾਂ ਕੀਮਤੀ ਜਾਨਾਂ ਨੂੰ ਬਚਾ ਸਕਦੇ ਹਾਂ।

ਰਾਜਾ ਰਾਮ ਹੰਡਿਆਇਆ ਨੇ ਸੰਖੇਪ ਵਿੱਚ ਦੱਸਿਆ ਕਿ ਦੇਸ਼ ਦਾ ਮੌਜੂਦਾ ਪੂੰਜੀਵਾਦੀ ਸਿਸਟਮ ਹੀ ਆਤਮ ਹੱਤਿਆ ਲਈ ਜ਼ਿੰਮੇਵਾਰ ਹੈ। ਜਿੱਥੇ 90% ਜਨਤਾ ਦੀਆਂ ਮੌਲਿਕ ਲੋੜਾਂ ਵੀ ਪੂਰੀਆਂ ਨਹੀਂ ਹੁੰਦੀਆਂ। ਇਸ ਕਰਕੇ ਲੋਕਾਂ ਦਾ ਜਾਗਰੂਕ ਹੋਣਾ ਜ਼ਰੂਰੀ ਹੈ ਤਾਂ ਕਿ ਇੱਕ ਨਵੇਂ ਢਾਂਚੇ ਦੀ ਸਥਾਪਨਾ ਕੀਤੀ ਜਾ ਸਕੇ। ਜਿਸ ਅਧੀਨ ਸਭ ਲੋਕਾਂ ਦੀਆਂ ਮੌਲਿਕ ਲੋੜਾਂ ਪੂਰੀਆਂ ਹੋ ਸਕਣ। ਸਿਸਟਮ ਵਿਚਲੀ ਨਿਰਾਸ਼ਾ ਹੀ ਮਨੁੱਖ ਨੂੰ ਆਤਮਹੱਤਿਆ ਲਈ ਮਜ਼ਬੂਰ ਕਰਦੀ ਹੈ। ਅਧਿਆਤਮਵਾਦ ਨੇ ਵੀ ਜੀਵਨ ਦੁੱਖਾਂ ਦਾ ਘਰ ਕਿਹਾ ਹੈ ਪਰ ਤਰਕਸ਼ੀਲ ਅਤੇ ਵਿਗਿਆਨਕ ਸੋਚ ਰਾਹੀਂ ਹਰ ਸਮੱਸਿਆ ਹੱਲ ਕੀਤੀ ਜਾ ਸਕਦੀ ਹੈ।

ਅੰਤ ਵਿੱਚ ਆੜ੍ਹਤੀ ਐਸੋਸ਼ੀਏਸ਼ਨ ਦੇ ਪ੍ਰਧਾਨ ਦੁਆਰਾ ਸਭ ਦਾ ਧੰਨਵਾਦ ਕੀਤਾ ਗਿਆ ਅਤੇ ਮਾਨਸਿਕ ਰੋਗਾਂ ਦੇ ਇਲਾਜ ਅਤੇ ਜਾਣਕਾਰੀ ਲਈ ਡਾ. ਸੰਦੀਪ ਦੀ ਮੱਦਦ ਲੈਣ ਬਾਰੇ ਕਿਹਾ ਗਿਆ। ਸਭ ਲਈ ਭੋਜਨ ਦੀ ਵਿਵਸਥਾ ਪ੍ਰਬੰਧਕਾਂ ਦੁਆਰਾ ਕੀਤੀ ਗਈ।

ਇਸ ਪ੍ਰੋਗਰਾਮ ਦੁਆਰਾ ਬਹੁਤ ਸਾਰੇ ਲੋਕਾਂ ਨੂੰ ਕੁੱਝ ਨਵਾਂ ਸਿੱਖਣ ਦਾ ਮੌਕਾ ਮਿਲਿਆ। ਮਨੋਦਿਸ਼ਾ ਹਸਪਤਾਲ ਨਾਲ ਜੁੜੇ ਫੈਮਲੀ ਐਂਡ ਕੇਅਰ ਦੇ ਪਲਵਿੰਦਰ ਸਿੰਘ ਕਾਊਂਸਲਰ ਰਮਨਦੀਪ ਕੌਰ ਕ੍ਰਿਸ਼ਨ ਸਿੰਘ ਸਮਰਦੀਪ ਸਿੰਘ ਨੇ ਪ੍ਰੋਗਰਾਮ ਨੂੰ ਨੇਪਰ ਚਾੜ੍ਹਨ ਵਿੱਚ ਵਧੀਆ ਸਹਿਯੋਗ ਦਿੱਤਾ।

**ਰਿਪੋਰਟ - ਰਾਜਾ ਰਾਮ ਹੰਡਿਆਇਆ**

# ਸਰਾਪੇ ਹੋਏ ਲੋਕ

"ਜੈ ਕਾਰਾ....ਪੌਣਾਂ ਹਾਰੀ
ਦਾ....!,
ਬੋਲ ਸਾਚੇ ਦਰਬਾਰ ਕੀ ਜੈ!"

ਨੰਗੇ ਪੈਰੀਂ, ਕਿਸ਼ਨਾ ਸੱਭ ਤੋਂ ਮੂਹਰੇ ਜੈਕਾਰੇ ਛੱਡਦਾ ਜਾ ਰਿਹਾ ਸੀ। ਸਿਰ ਤੇ ਦਾਨਿਆਂ ਦਾ ਥੈਲਾ, ਗਲ਼ੇ 'ਚ ਮੈਲ਼ਾ ਕੁਚੈਲ਼ਾ ਝੋਲ਼ਾ, ਗੋਡਿਆਂ ਤੋਂ ਘਸਿਆ ਪਜਾਮਾ, ਅਤੇ ਲੱਕ ਦੁਆਲ਼ੇ ਉਸਨੇ ਸਾਫ਼ਾ ਬੰਨ੍ਹਿਆ ਹੋਇਆ ਸੀ। ਉਸਨੇ ਸੱਜੇ ਹੱਥ ਵਿੱਚ ਝੰਡਾ ਫੜਿਆ ਹੋਇਆ ਸੀ, ਜਿਹੜਾ ਉਹਦੇ ਸਿਰ ਤੇ ਰੱਖੇ ਪੰਦਰਾਂ ਕੁ ਸੇਰ ਦਾਨਿਆਂ ਦੇ ਥੈਲੇ ਤੋਂ ਉਪਰ ਦਿਸਦਾ ਸੀ। ਉਹਦੇ ਮੋਢੇ ਤੋਂ ਥੋੜ੍ਹੀ ਜਿਹੀ ਉੱਚੀ, ਝੰਡੇ ਨਾਲ਼ ਤਸਵੀਰ ਟੰਗੀ ਹੋਈ ਸੀ। ਕਿਸ਼ਨਾ ਤੁਰਿਆ ਨਹੀਂ, ਉੱਡਿਆ ਜਾ ਰਿਹਾ ਸੀ। ਉਸਦੇ ਜੈਕਾਰਿਆਂ ਦਾ ਜਵਾਬ ਸੰਗਤ ਬੜੀ ਉੱਚੀ ਅਵਾਜ਼ ਵਿੱਚ ਦੇ ਰਹੀ ਸੀ,

''ਬੋਲ ਸਾਚੇ ਦਰਬਾਰ ਕੀ ਜੈ''

ਕਿਸ਼ਨਾ ਆਪਨੀ ਮਾਂ ਵਾਂਗੂੰ ਧਾਰਮਿਕ ਬਿਰਤੀ ਵਾਲਾ ਵਿਅਕਤੀ ਸੀ ਜਾਂ ਇੰਝ ਕਹਿ ਲਓ, ਅਥਾਹ ਸ਼ਰਧਾ ਰੱਖਣ ਵਾਲਾ ਸੀ। ਜਿੱਥੇ ਕਿਤੇ ਚਾਰ ਇੱਟਾਂ ਲਿੱਪੀਆਂ ਦਿਸ ਜਾਣ, ਉੱਥੇ ਹੀ ਸਿਰ ਝੁਕਾ ਦਿੰਦਾ ਸੀ। ਮੱਥਾ ਟੇਕਣ ਵੇਲੇ ਸਦਾ ਉਹਦੇ ਮੂੰਹ ਤੇ ਇੱਕੋ ਗੱਲ ਹੁੰਦੀ ਹੈ, "ਬੋਲਿਆ ਚੱਲਿਆ ਮੁਆਫ਼ ਕਰੀਂ, ਬਾਬਾ ਜੀ!" ਉਂਝ ਉਸਨੇ ਕਦੇ ਵੀ ਕਿਸੇ ਨੂੰ ਮਾੜਾ ਚੰਗਾ ਨਹੀਂ ਬੋਲਿਆ ਹੋਣੈ, ਕਿਸੇ ਛੋਟੇ ਜੁਆਕ ਨੂੰ ਵੀ ਨਹੀਂ। ਦੇਵੀ-ਦੇਵਤਿਆਂ ਦੀ ਗੱਲ ਤਾਂ ਇੱਕ ਪਾਸੇ ਰਹੀ। ਬਾਕੀ ਰਹੀ ਚੱਲਣ ਦੀ ਗੱਲ, ਚਾਲ-ਚੱਲਣ ਪੱਖੋਂ ਉਹ ਸੱਚੀ ਦੁੱਧ ਧੋਤਾ ਸੀ। ਉਸਨੇ ਕਦੀ ਵੀ ਕਿਸੇ ਬੀਬੀ, ਭੈਣ, ਚਾਚੀ, ਤਾਈ, ਭਾਬੀ ਅਤੇ ਭਤੀਜੀ ਸਾਹਮਣੇ ਅੱਖ ਉਠਾ ਕੇ ਗੱਲ ਨਹੀਂ ਕੀਤੀ ਹੋਣੀ। ਚੱਲਣ ਵੇਲੇ ਰਸਤੇ ਵਿੱਚ ਆਈ ਕੀੜੀ ਤੋਂ ਵੀ ਉਹ ਪਰ੍ਹਾਂ ਹੋ ਕੇ ਚੱਲਦਾ ਸੀ। ਮੁੱਕਦੀ ਗੱਲ, ਉਹ ਨਿਹਾਇਤ ਸ਼ਰੀਫ ਸੀ, ਗੂੰਗੀ ਗਾਂ ਵਾਂਗੂੰ!

ਕਈ ਵਰ੍ਹੇ ਪਹਿਲਾਂ ਉਸਨੂੰ ਮਲੇਰੀਆ ਹੋ ਗਿਆ। ਉਹ ਕਈ ਦਿਨ ਮੰਜੇ ਤੋਂ ਨਾ ਉੱਠ ਸਕਿਆ। ਸਰੀਰ ਡਾਹਢਾ ਕਮਜ਼ੋਰ ਹੋ ਗਿਆ। ਉਸਦੀ ਮਾਂ ਨੇ ਹੱਥ ਹੌਲ਼ੇ ਕਰਵਾਏ, ਟੂਣੇ-ਟਾਮਣ ਵੀ ਕੀਤੇ ਅਤੇ ਕਈ ਥਾਈਂ ਪੀਰਾਂ-ਫਕੀਰਾਂ ਦੀਆਂ ਮਜ਼ਾਰਾਂ ਤੇ ਮੱਥਾ ਵੀ ਟੇਕਿਆ। ਪਿੰਡ ਦੇ ਸ਼ਿਵ ਦੁਆਲੇ ਵੀ ਉਹ ਮੱਥਾ ਟੇਕ ਆਈ। ਪਰ ਕਿਸ਼ਨਾ ਠੀਕ ਹੋਣ 'ਚ ਨਾ ਆਵੇ। ਆਖ਼ਿਰ-ਕਾਰ, ਬੁੱਢੀ ਮਾਂ ਨੇ ਬਾਬੇ ਦਾ ਚਾਲਾ ਸੁੱਖ ਲਿਆ ਤੇ ਉਹ ਵੀ ਪੈਦਲ। ਨਾਲ਼ ਹੀ ਕਿਸੇ ਦੇ ਕਹਿਣ ਤੇ ਉਸਨੇ ਵੈਦ ਲਿਖਤੂ ਰਾਮ ਪੰਡਤ ਪਾਸੋਂ ਪੁੜੀਆਂ ਵੀ ਕਿਸ਼ਨੇ ਲਈ ਲੈ ਲਈਆਂ। ਕਿਸ਼ਨਾ ਨੌਂ-ਬਰ-ਨੌਂ ਹੋ ਗਿਆ।



ਬੁੱਢੀ ਮਾਂ ਨੇ ਗਲ਼ 'ਚ ਪੱਲਾ ਪਾ ਕੇ ਬਾਬੇ ਪੌਣਾਂ ਹਾਰੀ ਦਾ ਧੰਨਵਾਦ ਕੀਤਾ ਅਤੇ ਗੁੜ ਦਾ ਪ੍ਰਸ਼ਾਦ ਉਸਨੇ ਛੋਟੇ-ਛੋਟੇ ਨਿਆਣਿਆਂ ਨੂੰ ਵੰਡਿਆ।

"ਮੁੜ ਕੇ, ਸੁੱਖ ਰੱਖੀਂ, ਬੋਹੜਾਂ ਵਾਲ਼ਿਆ!'' ਉਸਦੇ ਮੂੰਹੋਂ ਕਈ ਵਾਰੀ ਨਿਕਲ਼ਿਆ। ਵੈਦ ਦੀਆਂ ਪੁੜੀਆਂ ਬਦਲੇ ਕਿਸ਼ਨੇ ਨੇ ਕਈ ਦਿਨ, ਵੈਦ ਦੀ ਗਾਂ ਨੂੰ ਪੱਠੇ ਲਿਆ ਕੇ ਪਾਏ।

ਅੱਜ-ਕੱਲ੍ਹ ਕਰਦਿਆਂ ਕਈ ਵਰ੍ਹੇ ਬੀਤ ਗਏ। ਮਾਂ ਦੁਆਰਾ, ਸੁੱਖੀ-ਸੁੱਖ ਲਾਹੀ ਨਾ ਜਾ ਸਕੀ। ਹੁਣ ਮਸਾਂ ਢੋਅ ਢੁੱਕਿਆ ਸੀ। ਕਿਸ਼ਨੇ ਨੇ ਲਗਾਤਾਰ ਦਿਹਾੜੀ ਕਰਕੇ ਕੁੱਝ ਪੈਸੇ ਜੋੜ ਲਏ। ਕੁਝ ਪੈਸੇ ਤਾਂ ਘਰ ਖ਼ਰਚੇ ਗਏ। ਕੁਝ ਪੈਸੇ ਬੁੱਢੀ ਮਾਂ ਦੀ ਦਵਾ ਦਾਰੂ ਤੇ ਲੱਗ ਗਏ। ਇਸ ਲਈ ਉਹ ਇਸ ਹਾਲਤ ਵਿੱਚ ਨਹੀਂ ਸਨ ਕਿ ਮਾਂ ਵੀ ਚਾਲੇ ਤੇ ਜਾ ਸਕੇ। ਨਾਲ਼ੇ, ਉਂਝ ਵੀ ਬਾਪੂ ਨੇ ਸਲਾਹ ਦਿੱਤੀ ਕਿ ਤੂੰ 'ਕੱਲਾ ਹੀ ਹੋ ਆ। ਖ਼ਰਚਾ ਬਚੂ। ਦੋ ਜੀਆਂ ਦਾ ਖ਼ਰਚਾ ਵੀ ਵਾਧੂ ਹੋਣਾ ਸੀ। ਘਰ ਦੇ ਖ਼ਰਚੇ ਤੇ ਬੁੱਢੀ ਮਾਂ ਦੀ ਦਵਾ ਦਾਰੂ ਤੋਂ ਬਚੇ ਪੈਸਿਆਂ ਨਾਲ ਹੀ ਪਰਿਵਾਰ ਨੇ ਸੁੱਖ ਲਾਹੁਣ ਦੀ ਤਿਆਰੀ ਆਰੰਭ ਲਈ। ਕਿਸ਼ਨਾ ਥੋੜ੍ਹੇ ਜਿਹੇ ਪੈਸਿਆਂ ਨਾਲ ਹੀ ਚਾਲੇ ਤੇ ਜਾਣ ਲਈ ਤਿਆਰ ਹੋ ਗਿਆ।

"ਵੇ ਪੁੱਤ! ਆਹ ਥੋੜ੍ਹੇ ਜਿਹੇ ਦਾਣੇ ਵੀ ਲੈ ਜਾਈਂ। ਉੱਥੇ ਬਾਬੇ ਦੇ ਭੰਡਾਰੇ 'ਚ ਪਾ ਦੇਈਂ। ਲੰਗਰ 'ਚ ਕੁੱਝ ਨਾ ਕੁੱਝ ਤਾਂ ਦੇਣਾ ਈ ਚਾਹੀਦਾ ਹੈ," ਕਿਸ਼ਨੇ ਦੀ ਮਾਂ ਬੋਲੀ ਸੀ।

''ਅੱਛਾ ਮਾਂ.....!'' ਕਿਸ਼ਨਾ ਬਹੁਤ ਖੁਸ਼ ਸੀ। ਚੇਤ ਦੇ ਅੱਠਵੇਂ ਨੂੰ ਸੰਗ ਤੁਰਿਆ। ਪਿੰਡ ਦੇ ਚੜ੍ਹਦੇ ਪਾਸੇ ਪਾਤਕੇ 'ਚ ਸਾਰਾ ਸੰਗ ਮੱਥਾ ਟੇਕਣ ਗਿਆ। ਸੱਭ ਨੰਗੇ ਪੈਰੀਂ ਸਨ। ਸੰਗ ਸ਼ਰਧਾ ਦਾ ਮੁਜੱਸਮਾ ਲੱਗਦਾ ਸੀ। ਕਿਸ਼ਨਾ ਇਹ ਦੇਖ ਕੇ ਪ੍ਰਸੰਨ ਹੋਇਆ ਕਿ ਚੱਲੋ! ਸਾਰੇ ਨੰਗੇ ਪੈਰੀਂ ਹੀ ਜਾ ਰਹੇ ਹਨ। ਦਰਅਸਲ ਕਿਸ਼ਨੇ ਕੋਲ ਕੈਂਚੀ ਚੱਪਲਾਂ ਤਾਂ ਸਨ। ਪਰ ਚੱਪਲਾਂ ਦੀਆਂ ਬੱਧੀਆਂ 'ਚੋਂ ਇੱਕ ਟੁੱਟਣ ਦੇ ਲਾਗੇ ਸੀ। ਇਸ ਲਈ ਕਿਸ਼ਨੇ ਨੇ ਸੋਚਿਆ ਕਿ ਇਹ ਪੰਜਾਹ ਸੱਠ ਕੋਹ ਚੱਪਲਾਂ ਪਾ ਕੇ ਜਾਣ ਨਾਲ਼ ਚੱਪਲਾਂ ਘਸ ਜਾਣਗੀਆਂ। ਜੇ ਕਿਤੇ ਖ਼ੁਦਾ-ਨਾ-ਖ਼ਾਸਤਾ ਚੱਪਲਾਂ ਦੀ ਕੋਈ ਬੱਧੀ ਟੁੱਟ ਗਈ ਤਾਂ....? ਐਵੇਂ ਫਜ਼ੂਲ ਹੀ ਚੁੱਕ ਕੇ ਲਜਾਣੀਆਂ ਪੈਣਗੀਆਂ। ਨਾਲ਼ੇ ਨਵੀਆਂ ਬੱਧੀਆਂ ਪਵਾਉਣ ਲਈ ਚਾਰ-ਪੰਜ ਰੁਪਏ ਲੱਗ ਜਾਣਗੇ। ਸੋ ਕਿਸ਼ਨੇ ਨੇ ਨੰਗੇ ਪੈਰੀਂ ਹੀ ਜਾਣ ਦਾ ਮਨ ਬਣਾ ਲਿਆ। ਹੁਣ ਜਦੋਂ ਸਾਰੀ ਸੰਗਤ ਹੀ ਨੰਗੇ ਪੈਰੀਂ ਜਾ ਰਹੀ ਸੀ ਤਾਂ ਗੱਲ ਬਣ ਗਈ। ਕਿਸ਼ਨਾ ਖੁਸ਼ ਹੋ ਗਿਆ। ਪਰ ਉਦੋਂ ਉਸਦਾ ਗਲ਼ਾ ਥੋੜ੍ਹਾ ਕੌੜਾ-ਕੌੜਾ ਜਿਹਾ ਹੋ ਗਿਆ, ਜਦੋਂ ਬਸੀਵੇਂ ਤੋਂ ਬਾਹਰ ਜਾ ਕੇ ਸੱਭ ਨੇ ਆਪਨੀਆਂ-ਆਪਨੀਆਂ ਜੁੱਤੀਆਂ ਪਾ ਲਈਆਂ। ਪਰ ਕਿਸ਼ਨਾ ਨੰਗੇ ਪੈਰੀਂ ਹੀ ਅੱਗੇ ਵਧ ਗਿਆ। ਉਸਨੇ ਸੋਚਿਆ, 'ਚੱਲੋ! ਕੋਈ ਨੀ!'

"ਪੌੜੀ ਪੌੜੀ ਚੜ੍ਹਦਾ ਜਾ,
ਜੈ ਬਾਬੇ ਦੀ ਕਰਦਾ ਜਾ!"

ਸੰਗਤ ਜੈਕਾਰੇ ਛੱਡਦੀ ਸਫ਼ਰ ਮੁਕਾ ਰਹੀ ਸੀ। ਕਿਸ਼ਨਾ ਵੀ ਜੈਕਾਰਿਆਂ ਦਾ ਜਵਾਬ ਬੜੇ ਉਤਸ਼ਾਹ ਨਾਲ ਦੇ ਰਿਹਾ ਸੀ। ਸੰਗਤ ਨੇ ਅੱਜ ਲਠੈਣੀ ਦੀਆਂ ਹੱਟੀਆਂ ਤੇ ਰੁਕਣਾ ਸੀ। ਹਨੇਰਾ ਪਸਰ ਰਿਹਾ ਸੀ। ਲਠੈਣੀ ਦੀਆਂ ਹੱਟੀਆਂ ਵਿੱਚ ਜਗ-ਮਗਾਉਂਦੀਆਂ ਰੌਸ਼ਨੀਆਂ ਦਿਖਾਈ ਦੇਣ ਲੱਗ ਪਈਆਂ। ਰੌਸ਼ਨੀਆਂ ਦੇਖਕੇ ਸੰਗਤ ਉਤਸ਼ਾਹਿਤ ਹੋ ਗਈ। ਭਗਤਾਂ ਨੇ ਜੈਕਾਰੇ ਹੋਰ ਉੱਚੀ ਛੱਡਣੇ ਸ਼ੁਰੂ ਕਰ ਦਿੱਤੇ।

ਹੱਟੀਆਂ ਪੁੱਜ ਕੇ ਸੰਗਤ ਨੇ ਡੇਰਾ ਲਾ ਲਿਆ। ਔਰਤਾਂ ਆਪਣੇ ਬੱਚਿਆਂ ਨਾਲ ਜਾ ਕੇ ਖ਼ਰੀਦੋ ਫ਼ਰੋਖ਼ਤ ਕਰਨ ਲੱਗੀਆਂ। ਨਿੱਕੇ ਬੱਚੇ, ਖਿਡੌਣੇ ਅਤੇ 'ਚੀਜੀ' ਲੈਣ ਲਈ ਜ਼ਿੱਦ ਕਰਨ ਲੱਗੇ। ਸੱਭ ਨੇ ਕੁੱਝ ਨਾ ਕੁੱਝ ਖਰੀਦਿਆ। ਪਰ ਕਿਸ਼ਨੇ ਨੇ ਜੇਬ ਨੂੰ ਘੁੱਟ ਛੱਡਿਆ। ਵਿਚਾਰਾ ਬੇਬੇ ਦੀ ਬਣਾਈ ਰੋਟੀ ਅਚਾਰ ਨਾਲ਼ ਖਾ ਕੇ ਸੌਂ ਗਿਆ। ਸੌਣ ਤੋਂ ਪਹਿਲਾਂ ਉਸਦਾ ਮਨ ਚਾਹ ਪੀਣ ਨੂੰ ਬਹੁਤ ਕੀਤਾ। ਪਰ ਚਾਹ ਦਾ ਕੱਪ ਵੀ ਕੋਹੜੀ ਪੰਜ ਰੁਪਏ ਦਾ ਮਿਲਦਾ ਸੀ। ਉਸਨੇ ਹੋਟਲ ਵੱਲ ਨੂੰ ਹਸਰਤ ਭਰੀਆਂ ਨਜ਼ਰਾਂ ਨਾਲ ਤੱਕਿਆ। 'ਜੈ ਬਾਬੇ ਦੀ' ਕਹਿ ਕੇ ਉਸਨੇ ਉਧਰੋਂ ਮੂੰਹ ਮੋੜ ਲਿਆ। ਪਰਨੇ ਦੇ ਲੜ ਬੰਨ੍ਹੀਆਂ ਹੋਈਆਂ, ਗੁੜ ਦੀਆਂ ਦੋ ਰੋੜੀਆਂ 'ਚੋਂ ਉਸਨੇ ਇੱਕ ਖਾ ਲਈ ਅਤੇ ਟੂਟੀ ਤੋਂ ਪਾਣੀ ਪੀ ਕੇ ਸਬਰ ਦਾ ਘੁੱਟ ਭਰ ਕੇ ਉਹ ਸੌਂ ਗਿਆ। ਸਵੇਰੇ ਚਿੜੀ ਚਹਿਕ ਦੇ ਸਾਰ ਹੀ ਪਾਂਧੀ ਉਠ ਤੁਰੇ। 'ਪੌੜੀ ਪੌੜੀ ਚੜ੍ਹਦਾ ਜਾਹ, ਜੈ ਬਾਬੇ ਦੀ ਕਰਦਾ ਜਾਹ' ਦੇ ਜੈਕਾਰਿਆਂ ਨਾਲ ਚੀਲ੍ਹ ਦੇ ਦਰਖ਼ਤ ਝੂਮ ਉੱਠੇ। ਸੰਗ ਤੁਰਿਆ ਜਾ ਰਿਹਾ ਸੀ। ਕਿਸ਼ਨਾ ਵੀ ਕੱਲ੍ਹ ਵਾਲੀ ਬੇਹੀ (ਬਾਸੀ) ਰੋਟੀ ਖਾ ਕੇ ਟੂਟੀ ਤੋਂ ਪਾਣੀ ਪੀਣ ਉਪਰੰਤ ਕਾਹਲ਼ੀ-ਕਾਹਲ਼ੀ ਸੰਗ ਨਾਲ ਜਾ ਰਲ਼ਿਆ। ਸੂਰਜ ਦੇਵਤੇ ਨੇ ਆਪਣੀ ਲਾਲੀ ਨਾਲ਼ ਦਰਖ਼ਤਾਂ ਨੂੰ ਰੰਗੀਨ ਕਰ ਦਿੱਤਾ। ਭਗਤਾਂ ਨੂੰ ਭਗਤਣੀਆਂ ਦੇ ਖਿੜੇ ਚਿਹਰੇ ਦਿਸਣ ਲੱਗੇ। ਹੌਲ਼ੀ-ਹੌਲ਼ੀ ਸੂਰਜ ਉੱਚਾ ਹੋਣ ਲੱਗਾ। ਧੁੱਪ ਕਾਫ਼ੀ ਚੜ੍ਹ ਆਈ ਸੀ। ਸੰਗ ਤੁਰਿਆ ਜਾ ਰਿਹਾ ਸੀ। ਸੂਰਜ ਦੇ ਤੇਵਰ ਬਦਲਣ ਲੱਗੇ। ਪਥਰੀਲਾ ਰਾਹ ਹਲਕਾ-ਹਲਕਾ ਤਪਣ ਲੱਗਾ। ਬਾਬੇ ਦਾ ਭਗਤ ਕਿਸ਼ਨਾ ਵੀ ਨੰਗੇ ਪੈਰੀਂ ਤੁਰਦਾ ਗਿਆ। ਅਕਾਸ਼ ਜੈਕਾਰਿਆਂ ਨਾਲ਼ ਗੂੰਜ ਰਿਹਾ ਸੀ। ਭਗਤਾਂ ਦਾ ਹੱਠ ਸੂਰਜ ਨੂੰ ਚੇਤਾਵਨੀ ਦੇ ਰਿਹਾ ਸੀ। ਸੰਗ ਤੁਰਦਾ, ਰੁੱਕਦਾ, ਹੱਫਦਾ, ਤ੍ਰਿਕਾਲ਼ਾਂ ਤੱਕ ਸ਼ਾਹ ਤਲਾਈਆਂ ਜਾ ਪੁੱਜਾ। ਕਿਸ਼ਨਾ ਹੱਫ ਗਿਆ ਸੀ। ਉਹ ਉਂਝ ਵੀ ਬਿਮਾਰੀ ਦਾ ਮਾਰਿਆ ਸੀ। ਤੰਗੀਆਂ-ਤੁਰਸ਼ੀਆਂ ਨੇ ਉਸਨੂੰ ਹੋਰ ਵੀ ਬਿਮਾਰ ਕਰ ਦਿੱਤਾ ਸੀ। ਪਰ ਕਿਸ਼ਨਾ ਹਠੀਲਾ ਸੀ। ਕਿਸ਼ਨੇ ਨੂੰ ਆਪਣੇ ਪੈਰ ਥੱਕੇ-ਥੱਕੇ ਜਾਪੇ। ਕਿਤੇ ਕਿਤੇ ਪੈਰਾਂ ਤੇ ਛਾਲੇ ਉੱਭਰ ਆਏ ਸਨ। ਸੱਜੇ ਪੈਰ ਦੀਆਂ ਦੋ ਉਂਗਲਾਂ ਤੇ ਉਸਨੂੰ ਮਾਮੂਲੀ ਜਿਹੀ ਖ਼ੂਨ ਦੀ ਪੇਪੜੀ ਜਿਹੀ ਜੰਮੀ ਦਿਖੀ। ਉਹ ਇੱਕ ਬੋਹੜ ਥੱਲੇ ਬੈਠ ਗਿਆ। ਕਿਸ਼ਨੇ ਨੇ ਸੋਚਿਆ, 'ਇੱਥੇ ਬਾਬਾ ਗਊਆਂ ਚਾਰਦਾ ਹੋਣੈ! ਪਤਾ ਨਹੀਂ ਐਥੇ ਕਿਤੇ ਉਸਦੇ ਪੈਰਾਂ ਦੇ ਨਿਸ਼ਾਨ ਬਣੇ ਹੋਣਗੇ?' ਉਹ ਜ਼ਮੀਨ ਤੇ ਹੱਥ ਫੇਰਨ ਲੱਗਾ। ਉਸਦਾ ਮਨ ਸ਼ਰਧਾ ਨਾਲ ਭਰ ਉੱਠਿਆ। ਉਸਦੀਆਂ ਅੱਖਾਂ ਨਮ ਹੋ ਗਈਆਂ। ਕਿਸ਼ਨਾ ਉੱਥੇ ਹੀ ਜ਼ਮੀਨ ਤੇ ਲੇਟ ਗਿਆ, ਜਿਵੇਂ ਉੱਥੋਂ ਦੀ ਮਿੱਟੀ ਨੂੰ ਆਪਣੇ ਅੰਗਾਂ ਨਾਲ ਲਗਾ ਲੈਣਾ ਚਾਹੁੰਦਾ ਹੋਵੇ। ਉਸਤੋਂ ਥੋੜ੍ਹੀ ਹੀ ਦੂਰ ਬਾਕੀ ਦਾ ਸੰਗ ਭੇਟਾਂ ਗਾਉਂਦਾ-ਗਾਉਂਦਾ ਰੁੱਕ ਗਿਆ। ਬੱਚੇ, ਆਪਣੇ ਸਾਮਾਨ ਪਾਸ ਬੈਠੀਆਂ ਮਾਂਵਾਂ ਦੇ ਗੋਡੀਂ ਲੱਗ ਕੇ ਬੈਠ ਗਏ। ਕੁਝ ਮਰਦ ਅਤੇ ਨੌਜਵਾਨ ਸ਼ਰਧਾਲੂ ਸ਼ਾਹ ਤਲ਼ਾਈ ਦੇ ਮੰਦਰ ਦੇਖਣ ਤੁਰ ਪਏ। ਕਿਸ਼ਨਾ ਉੱਠਿਆ, ਉਸਨੇ ਇੱਧਰ-ਉੱਧਰ ਜਾਣਾ ਚਾਹਿਆ। ਪਰ ਪੈਰ ਚੱਲਣੋਂ ਮੁਨੱਕਰ ਸਨ। ਉਸਨੇ ਬੈਠ ਜਾਣਾ ਹੀ ਭਲਾ ਸਮਝਿਆ। ਸਾਹਮਣੇ ਚਾਹ ਵਾਲ਼ੇ ਨੇ ਰੇੜ੍ਹੀ ਤੇ ਹੀ ਸਾਮਾਨ ਰੱਖਿਆ ਹੋਇਆ ਸੀ। ਉਸਦੇ ਪਿੰਡ ਦੇ ਕੁੱਝ ਬੱਚੇ ਉਸ ਪਾਸੋਂ ਚਾਹ ਦੀਆਂ ਗਲਾਸੀਆਂ ਮੁੱਲ ਲਿਆਉਣ ਲੱਗੇ। ਕਿਸ਼ਨੇ ਦੇ ਮਨ ਵਿੱਚ ਚਾਹ ਪੀਣ ਦੀ ਇੱਛਾ ਨੇ ਫਿਰ ਫ਼ਣ ਉਠਾਇਆ। ਪਰ ਅਜੇ ਤਾਂ ਰੋਟ ਬਣਵਾਉਣਾ ਸੀ। ਪ੍ਰਸ਼ਾਦ ਲੈਣਾ ਸੀ। 'ਚੱਲੋ ਛੱਡੋ', ਉਸਨੇ ਸੋਚਿਆ। ਇੱਛਾ ਦਾ ਤਣਿਆਂ ਫ਼ਣ ਬੈਠ ਗਿਆ, ਕੁੰਡਲੀ 'ਚ ਸਿਰ ਲੁਕਾ ਕੇ। "ਨਹੀਂ ਮੈਂ ਮਰਨ ਲੱਗਾ ਬਿਨਾਂ ਚਾਹ ਪੀਤਿਆਂ," ਉਹ ਬੁਦਬੁਦਾਇਆ। ਕਿਸ਼ਨਾ ਪੈਰ ਪਸਾਰ ਕੇ ਬੈਠ ਗਿਆ। ਉਸਨੂੰ ਚੰਗਾ-ਚੰਗਾ ਲੱਗਿਆ।

ਹੱਸਦੇ ਖੇਡਦੇ ਸ਼ਰਧਾਲੂ ਰਾਤ ਨੂੰ ਹੀ ਤੁਰ ਪਏ। ਸੰਗ ਬਾਬੇ 'ਨਸੀਬੇ' ਦੀ ਦੇਖ-ਰੇਖ ਵਿੱਚ ਪਿੰਡੋਂ ਆਇਆ ਸੀ। ਕਹਿੰਦੇ ਨੇ ਕਿ ਗਰਮੀਆਂ ਨੂੰ ਮੀਂਹ ਪਿੱਛੋਂ ਹੁੰਮ੍ਹ 'ਚ ਕੰਮ ਕਰਦਾ-ਕਰਦਾ ਨਸੀਬਾ ਕਿਸੇ ਸਾਧ ਨਾਲ ਚਲਾ ਗਿਆ। ਇਸ ਤਰ੍ਹਾਂ ਜੱਟ ਦਾ ਪੁੱਤ ਸਾਧ ਹੋ ਗਿਆ। ਅੱਜ ਸਾਰੇ ਓਸੇ ਨਸੀਬੇ ਦਾ ਕਹਿਣਾ ਮੰਨ ਰਹੇ ਸਨ। ਉਸਦੇ ਕਹਿਣ ਤੇ ਹੀ ਸਾਰਾ ਸੰਗ ਸ਼ਾਹਤਲਾਈਆਂ ਤੋਂ ਤੁਰ ਪਿਆ। ਬਾਬਾ 'ਨਸੀਬ' ਕਹਿੰਦਾ ਸੀ ਕਿ ਰਾਤ ਧੁਰ ਮੰਦਰ ਦੀਆਂ ਸਰਾਵਾਂ 'ਚ ਕੱਟਣੀ ਆ, ਬਾਬੇ ਪੌਣਾਹਾਰੀ ਦੀ ਚੌਂਕੀ ਚੰਗੀ ਤਰ੍ਹਾਂ ਭਰੀ ਜਾਊਗੀ। ਪਹਾੜਾਂ ਵਾਲ਼ੇ ਦੀ ਮਿਹਰ ਚੰਗੀ ਬਣੀ ਰਹੂ। ਸਾਰੇ ਤੁਰ ਪਏ। ਭਾਵੇਂ ਕਿਸ਼ਨਾ ਚਾਹੁੰਦਾ ਸੀ ਕਿ ਰਾਤ ਸ਼ਾਹ ਤਲ਼ਾਈਆਂ 'ਚ ਹੀ ਕੱਟੀ ਜਾਵੇ। ਪਰ ਬਾਬੇ 'ਨਸੀਬੇ' ਦੇ ਸਾਹਮਣੇ ਉਸਦੀ ਇੱਕ ਨਾ ਚੱਲੀ। ਬਾਬਾ ਲੋਹੇ ਦੇ ਸੰਗਲ਼ਾਂ ਦਾ ਗੁੱਛਾ ਆਪਣੇ ਮੋਢੇ ਤੇ ਰੱਖਦਾ ਹੋਇਆ ਬੋਲਿਆ, "ਨਾਂਅ ਭਗਤਾ! ਸਵੇਰੇ ਨਹੀਂ ਰਾਤ ਨੂੰ ਈ ਜਾਣਾ। ਭਗਤਾ! ਬਾਬੇ ਤੇ ਭਰੋਸਾ ਰੱਖ!.......... ਬਾਬੇ ਤੇ! ਜੈ ਬਾਬੇ ਦੀ ਬੋਲ ਤੇ ਤੁਰ ਪੈ......!"

"ਅੱਛਾ ਜੀ!" ਕਿਸ਼ਨਾ ਨਾ ਚਾਹੁੰਦੇ ਹੋਇਆਂ ਵੀ ਤੁਰ ਪਿਆ। ਕਿਸ਼ਨਾ ਸੰਗ ਦੇ ਜੈਕਾਰਿਆਂ ਦਾ ਜਵਾਬ ਦੇ ਰਿਹਾ ਸੀ। ਪਰ ਬਹੁਤ ਹੀ ਮੱਧਮ ਆਵਾਜ਼ ਵਿੱਚ। ਢੋਲਕੀ ਛੈਣਿਆਂ ਦੀਆਂ ਆਵਾਜ਼ਾਂ ਉਸਨੂੰ ਚਿੜਾ ਰਹੀਆਂ ਸਨ। ਉਸਨੂੰ ਲੱਗਦਾ ਜਿਵੇਂ ਉਸਦੇ ਨੰਗੇ ਪੈਰਾਂ ਦੇ ਛਾਲਿਆਂ ਦੇ ਪਾਣੀ ਨੂੰ, ਉਹ ਆਵਾਜ਼ਾਂ ਛਲਕਾ ਰਹੀਆਂ ਹੋਣ। ਥਕਾਵਟ ਉਸਦੇ ਚਿਹਰੇ ਤੋਂ ਸਾਫ਼ ਝਲਕਦੀ ਸੀ। ਰਸਤਾ ਟਿਊਬ ਲਾਇਟਾਂ ਨਾਲ ਰੌਸ਼ਨ ਸੀ। ਚਰਨ ਗੰਗਾ ਪਾਰ ਕਰਕੇ ਉਹ ਕੁੱਝ ਹੀ ਦੂਰ ਗਏ ਸਨ ਕਿ ਕਿਸ਼ਨਾ ਠੋਕਰ ਖਾ ਕੇ ਡਿੱਗ ਪਿਆ। ਦਰਅਸਲ ਇੱਥੋਂ ਦੀਆਂ ਦੋ ਟਿਊਬ ਲਾਈਟਾਂ ਟੁੱਟੀਆਂ ਹੋਈਆਂ ਸਨ। ਇਸ ਲਈ ਉੱਥੇ ਘੁੱਪ ਹਨੇਰਾ ਸੀ। 'ਹਾਏ ਮਾਂ!' ਦੀ ਕਰਾਹਟ ਉਸਦੇ ਮੂੰਹ 'ਚੋਂ ਨਿਕਲ਼ੀ। ਨਾਲ਼ ਤੁਰੇ ਜਾਂਦੇ ਸ਼ਰਧਾਲੂ, ਜੋ ਉਸਦੇ ਹੀ ਪਿੰਡ ਦਾ ਰਹਿਣ ਵਾਲ਼ਾ ਸੀ, ਨੇ ਉਸਨੂੰ ਚੁੱਕਿਆ ਤੇ ਕਿਹਾ, "ਜੈ ਬਾਬੇ ਦੀ ਬੋਲ, ਭਗਤਾ ਜੈ ਬਾਬੇ ਦੀ ਬੋਲ......!"

ਕਿਸ਼ਨੇ ਨੇ ਮਰੀਅਲ ਆਵਾਜ਼ ਵਿੱਚ ਜਵਾਬ ਦਿੱਤਾ, "ਜੈ ਬਾਬੇ ਦੀ!" ਸੰਗ ਕਦੇ ਰੁੱਕਦਾ ਅਤੇ ਕਦੇ ਸਰਕ ਪੈਂਦਾ। ਕਿਸ਼ਨਾ ਹੁਣ ਹੌਲ਼ੀ-ਹੌਲ਼ੀ ਪਿੱਛੇ ਆ ਰਿਹਾ ਸੀ। ਸੰਗ ਅੰਤ ਨੂੰ ਮੰਜ਼ਿਲ ਤੇ ਪੁੱਜ ਹੀ ਗਿਆ। ਕਿਸ਼ਨਾ ਵੀ ਡਿੱਗਦਾ ਢਹਿੰਦਾ ਮੰਦਰ ਲਾਗੇ ਦੀ ਸਰਾਂ ਤੱਕ ਪਹੁੰਚ ਹੀ ਗਿਆ। ਉਸਦੇ ਨੰਗੇ ਪੈਰਾਂ 'ਚ ਛਾਲੇ ਹੋਰ ਜ਼ਿਆਦਾ ਉੱਭਰ ਆਏ ਸਨ।

"ਆ ਗਿਆਂ ਕਿਸ਼ਨਿਆਂ?" ਕਿਸੇ ਨੇ ਪੁੱਛਿਆ।...... "ਹਾਂ ਚਾਚਾ, ਬਾਬੇ ਦੀ ਕਿਰਪਾ ਨਾਲ!" ਕਿਸ਼ਨਾ ਹੱਫਿਆ ਪਿਆ ਸੀ। ਕਿਸ਼ਨਾ ਥੈਲੇ ਦਾ ਸਿਰਹਾਣਾ ਬਣਾ ਕੇ ਭੁੰਜੇ ਹੀ ਲੇਟ ਗਿਆ ਅਤੇ ਲੇਟ ਦੇ ਸਾਰ ਹੀ ਉਸਨੂੰ ਨੀਂਦ ਆ ਗਈ। ਉਸਦੇ ਪਿੰਡ ਦੇ ਬਾਕੀ ਲੋਕ ਖੁਸ਼ੀ ਤੇ ਮਸਤੀ 'ਚ ਭੇਟਾ ਗਾ ਰਹੇ ਸਨ। ਕਿਸੇ ਅਮੀਰ ਸ਼ਰਧਾਲੂ ਨੇ ਲੰਗਰ ਲਾਇਆ ਹੋਇਆ ਸੀ। ਸਾਰੇ ਸੰਗ ਨੇ ਉੱਥੋਂ ਲੰਗਰ ਛਕਿਆ ਅਤੇ 'ਜੈ ਬਾਬੇ ਦੀ' ਬੋਲਦੇ ਹੋਏ ਬਾਜ਼ਾਰ ਘੁੰਮਣ ਚਲੇ ਗਏ। ਕਿਸ਼ਨਾ ਘੂਕ ਸੁੱਤਾ ਪਿਆ ਸੀ। ਉਸਨੂੰ ਕਿਸੇ ਨੇ ਨਾ ਜਗਾਇਆ। ਅਖੇ, 'ਥੱਕ

ਗਿਆ ਵਿਚਾਰਾ!' ਕਿਸ਼ਨਾ ਭੁੱਖਿਆਂ ਹੀ ਰੋਟੀ ਦੇ ਸੁਪਨੇ ਲੈਂਦਾ ਸੁੱਤਾ ਰਿਹਾ ਸਵੇਰ ਹੋਈ। ਕਿਸ਼ਨੇ ਦੇ ਪਿੰਡ ਵਾਲ਼ੇ ਸਾਰੇ ਲੋਕ ਆਲ਼ੇ-ਦੁਆਲ਼ੇ ਖਿੰਡ ਗਏ। ਕੋਈ ਕਿਸੇ ਦੁਕਾਨ ਤੇ, ਕੋਈ ਕਿਸੇ ਹੱਟੀ ਤੇ। ਸੱਭ ਨੇ ਰੋਟ ਮੁੱਲ ਲਿਆ, ਕੜਾਹੀ ਬਣਾਵਾਈ ਅਤੇ ਮੰਦਰ ਨੂੰ ਮੱਥਾ ਟੇਕਣ ਤੁਰ ਪਏ। ਕਿਸ਼ਨਾ ਵੀ ਉੱਠਿਆ। ਉਸਦੇ ਪੈਰ ਸੁੱਜ ਚੁੱਕੇ ਸਨ। ਉਸਨੂੰ ਲੱਗਿਆ ਜਿਵੇਂ ਕਿਸੇ ਨੇ ਉਸਦੇ ਪੈਰਾਂ ਨਾਲ ਮਣਾਂ ਮੂੰਹੀਂ ਭਾਰ ਬੰਨ੍ਹ ਦਿੱਤਾ ਹੋਵੇ। ਰਾਤ ਵਾਲ਼ੀ ਲੱਗੀ ਠੋਕਰ ਨਾਲ, ਉਂਗਲ਼ਾ ਵਿੱਚੋਂ ਖ਼ੂਨ ਸਿੰਮ ਕੇ ਪੇਪੜੀ ਜਿਹੀ ਬਣ ਗਈ ਸੀ। ਉਹ ਉੱਠਿਆ, ਪਰ ਤੁਰਨਾ ਮੁਸ਼ਕਿਲ ਸੀ। ਕਿਸ਼ਨੇ ਨੇ ਆਪਣੇ ਨਾਲ ਹੀ ਗੱਲ ਕੀਤੀ, 'ਕਿਸ਼ਨਿਆਂ! ਕੋਹੜੀਆ ਚੱਪਲਾਂ ਲੈ ਆਉਣੀਆਂ ਸੀਗੀਆਂ। ਕਿਹੜਾ ਪਹਾੜ ਢਹਿ ਚੱਲਿਆ ਸੀ? ਕਿੱਡਾ ਕਾਰੂੰ ਬਾਦਸ਼ਾਹ ਦਾ ਖ਼ਜ਼ਾਨਾ ਲੁੱਟਿਆ ਜਾਣਾ ਸੀ। ਘੱਟੋ-ਘੱਟ ਚੱਪਲਾਂ ਘੱਸ ਈ ਜਾਂਦੀਆਂ। ਹੁਣ ਕਿਹੜਾ ਤੂੰ ਸ਼ਾਹ ਹੋ ਜਾਣਾ?, 'ਜੁਆਲੇ ਨੇ ਸ਼ਾਹ ਨੀ ਹੋਣਾ, ਹੁਕਮੇ ਨੇ ਵਿਆਹ ਨੀ ਹੋਣਾ।' ਪਤਾ ਨਹੀਂ ਕਿਵੇਂ ਉਸਨੂੰ ਪਿੰਡ ਦੇ ਦੋ ਪੁਰਾਣੇ ਬਜ਼ੁਰਗਾਂ ਵਾਰੇ ਪਈ ਅੱਲ ਯਾਦ ਆ ਗਈ। ਚੱਪਲਾਂ ਉਹ ਲਿਆਇਆ ਨਹੀਂ ਸੀ, ਨਵੀਆਂ ਚੱਪਲਾਂ ਖ਼ਰੀਦਣ ਲਈ ਉਸ 'ਚ ਹਿੰਮਤ ਨਹੀਂ ਸੀ। ਬੱਸ ਭਾਵੇਂ ਤੇਲੀ ਦੀਆਂ ਤੇਰਾਂ ਚਲੀਆਂ ਜਾਣ, ਹੁਣ ਕੁਝ ਨਹੀਂ ਹੋ ਸਕਦਾ ਸੀ। ਉਸ ਕੋਲ ਤਾਂ ਰੋਟ ਜੋਗੇ ਪੈਸੇ ਹੀ ਸਨ।

ਖ਼ੈਰ! ਕਿਸ਼ਨਾ ਉੱਠਿਆ। ਆਪਣੇ ਪੈਰਾਂ ਨੂੰ ਘਸੀਟਦਾ-ਘਸੀਟਦਾ ਰੋਟ ਬਣਵਾ ਲਿਆਇਆ। ਆਪਣਾ ਝੋਲ਼ਾ ਸਾਂਭਦਾ ਹੋਇਆ, ਸਿਰ ਤੇ ਥੈਲਾ ਉਠਾਈ, ਇੱਕ ਹੱਥ 'ਚ ਰੋਟ ਫੜੀ, ਉਹ ਮੰਦਰ ਦੀਆਂ ਪੌੜੀਆਂ ਵੱਲ ਨੂੰ ਤੁਰ ਪਿਆ। ਉਹ ਆਪਣੇ ਪੈਰ ਲੱਗ ਭੱਗ ਘਸੀਟ ਹੀ ਰਿਹਾ ਸੀ। ਉਸਦੇ ਪੈਰ ਤੁਰਨੋ ਨਾਂਹ ਕਰਨ ਵਾਲ਼ੇ ਹੀ ਸਨ। ਪਰ ਉਸਨੇ ਹਿੰਮਤ ਨਾ ਹਾਰੀ। ਦੋ ਕੁ ਪੌੜੀਆਂ ਚੜ੍ਹ ਕੇ ਉਹ ਰੁੱਕ ਗਿਆ। ਪਿੱਛੋਂ ਸੰਗਤ ਨੇ ਰੌਲ਼ਾ ਪਾ ਦਿੱਤਾ, "ਅੱਗੇ ਹੋ ਅੱਗੇ....., ਭਗਤਾ!" ਉੱਪਰੋਂ ਸੇਵਾਦਾਰ ਕੜਕਿਆ, "ਚੱਲ ਭਾਈ! ਚੱਲ....ਬਈ...ਭਗਤਾ... ਚੱਲ ਅੱਗੇ!" ਪਿੱਛੋਂ ਆਵਾਜ਼ ਆਈ, "ਪੌੜੀ-ਪੌੜੀ ਚੜ੍ਹਦਾ ਜਾਹ, ਜੈ ਬਾਬੇ ਦੀ ਕਰਦਾ ਜਾਹ!"

"ਜ.....ਜੈ...ਐ.....ਬਾਬੈ.....ਦੀ.....ਈ.....!" ਕਿਸ਼ਨਾ ਜਿਵੇਂ ਕਿਸੇ ਡੂੰਘੇ ਖੂਹ 'ਚੋਂ ਬੋਲਿਆ ਹੋਵੇ। ਉਹ ਅੱਗੇ ਨੂੰ ਤੁਰ ਪਿਆ। ਇੱਕ ਪੌੜੀ, ਦੂਜੀ ਪੌੜੀ, ਫਿਰ ਤੀਜੀ ਪੌੜੀ, ਪਰ.... ਤੀਜੀ ਪੌੜੀ ਤੇ ਪੁੱਜਦੇ ਸਾਰ ਹੀ ਉਸਨੂੰ ਚੱਕਰ ਆ ਗਿਆ। ਉਹ ਕਿਸੇ ਅੱਤ ਦੇ ਸ਼ਰਾਬੀ ਵਾਂਗੂੰ ਲੜਖੜਾਇਆ। ਜਿਨ੍ਹਾਂ ਪੈਰਾਂ ਸਹਾਰੇ ਉਸਨੇ ਸੰਭਲਣਾ ਸੀ, ਉਨ੍ਹਾਂ ਪੈਰਾਂ 'ਚ ਖ਼ੂਨ ਹੋਰ ਸਿੰਮ ਆਇਆ ਸੀ। ਉਸਦੇ ਖ਼ੂਨ ਰੰਗੇ ਪੈਰਾਂ 'ਚ ਅੱਤ ਦਾ ਦਰਦ ਹੋਇਆ। ਉਹ ਸੰਭਲ਼ ਨਾ ਸਕਿਆ ਅਤੇ ਇੱਕ ਪਾਸੇ ਨੂੰ ਲੜਖੜਾ ਕੇ ਡਿੱਗ ਪਿਆ। ਰੋਟ ਉਸਦੇ ਹੱਥੋਂ ਰੁੜ੍ਹਦਾ-ਰੁੜ੍ਹਦਾ ਥੱਲੇ ਜਾ ਪੁੱਜਾ। ਦਾਣਿਆਂ ਦਾ ਥੈਲਾ ਵੀ ਡਿੱਗ ਪਿਆ। ਪਰ ਝੰਡੇ ਵਾਲ਼ਾ ਹੱਥ, ਸਮੇਤ ਝੰਡੇ ਉੱਪਰ ਨੂੰ ਉੱਠਿਆ ਹੀ ਰਿਹਾ। ਦਾਣੇ ਸੰਗਤ ਦੇ ਪੈਰਾਂ 'ਚ ਬਿਖਰ ਗਏ। ਉਸਦੀਆਂ ਅੱਖਾਂ ਦੇ ਸਾਹਮਣੇ ਤਾਰੇ ਟਿਮਟਿਮਾਉਣ ਲੱਗੇ। ਉਹ ਨੀਮ ਬੇਹੋਸ਼ ਹੋ ਗਿਆ। ਉਹ ਮੂਧੇ ਮੂੰਹ ਪਿਆ ਸੀ। "ਜੈ.... ਬਾਬੇ ਦੀ...." ਦੇ ਨਾਹਰੇ ਆਕਾਸ਼ ਗੁੰਜਾ ਰਹੇ ਸਨ। ਉਹਦੇ ਬੁੱਲ੍ਹ ਹਿੱਲੇ, ".....ਜੈ.....ਐ.....ਬਾਵ....ਬੇ....ਦੀ....ਹਾਏ ਮਾਂ....!" ਤੇ ਉਹ ਪੂਰੀ ਤਰ੍ਹਾਂ ਬੇਹੋਸ਼ ਹੋ ਗਿਆ।

"ਇਸਨੂੰ ਕਹਿੰਦੇ ਆ.....ਡੰਡੌਤ ਕਰਨੀ, ਦੇਖੋ ਕਿਵੇਂ..... ਸਿੱਧਾ ਸਪਾਲ਼, ਨੰਗੇ ਪੈਰੀਂ.....ਡੰਡੌਤ ਕਰ ਰਿਹੈ......! ਧੰਨ ਐਂ ਬਈ ਤੂੰ.....ਭਗਤਾ!" ਕੋਲ਼ੋਂ ਲੰਘਦੇ ਸ਼ਰਧਾਲੂ ਇੱਕ-ਦੂਜੇ ਨਾਲ਼ ਗੱਲਾਂ ਕਰ ਰਹੇ ਸਨ।

**-ਸੋਹਣ ਸਿੰਘ ਸੁੰਨੀ**, ਫੋਨ : 98149-35961

# ਮਾਤਾ ਜੀ ਨੇ ਮਹਾਜਨ ਪਰਿਵਾਰ ਦੇ ਚੇਤੇ ਕਰਾਈ ਨਾਨੀ

ਗੁਆਂਢੀ ਨੂੰ ਘਰ ਵਿੱਚ ਖਜ਼ਾਨਾ ਦੱਬਿਆ ਹੋਇਆ ਦੱਸ ਕੇ ਅਖੌਤੀ ਮਾਤਾ ਨੇ ਭੇਟਾ ਤੇ ਤੌਰ 'ਤੇ 23 ਤੋਲੇ ਸੋਨਾ ਅਤੇ ਸਾਢੇ ਛੇ ਲੱਖ ਰੁਪਏ ਠੱਗ ਲਏ। ਭੀਖੀ ਪੁਲਿਸ ਨੇ ਇਸ ਸਬੰਧੀ ਅਖੌਤੀ ਮਾਤਾ ਸਮੇਤ ਪੰਜ ਵਿਅਕਤੀਆਂ ਖਿਲਾਫ਼ ਕੇਸ ਦਰਜ ਕੀਤਾ ਹੈ। ਪੁਲੀਸ ਕੋਲ ਆੜ੍ਹਤੀਏ ਪਰਿਵਾਰ ਤੋਂ ਇਲਾਵਾ ਅਖੌਤੀ ਮਾਤਾ ਵੱਲੋਂ ਠੱਗੇ ਜਾਣ ਦੀਆਂ ਕਈ ਸ਼ਿਕਾਇਤਾਂ ਪਹੁੰਚੀਆਂ ਹਨ।

ਕਸਬਾ ਭੀਖੀ ਵਿੱਚ ਕਿਰਾਏ ਦੇ ਮਕਾਨ ਵਿੱਚ ਰਹਿ ਕੇ ਖ਼ੁਦ ਨੂੰ ਤਾਂਤਰਿਕ ਵਿੱਦਿਆ ਦੀ ਮਾਹਿਰ ਦੱਸਣ ਵਾਲੀ ਅਖੌਤੀ ਮਾਤਾ ਅਮਨਦੀਪ ਸ਼ਰਮਾ ਨੇ ਆਪਣੇ ਗੁਆਂਢੀ ਆੜ੍ਹਤੀਏ ਪਰਿਵਾਰ ਦੇ ਘਰ ਸੋਨੇ ਦਾ ਖਜ਼ਾਨਾ ਦੱਸੇ ਹੋਣ ਦੀ ਗੱਲ ਕਹੀ। ਪਰਿਵਾਰ ਉਸ ਦੀਆਂ ਗੱਲਾਂ ਵਿੱਚ ਆ ਗਿਆ। ਇਸ ਔਰਤ ਨੇ ਆਪਣੇ ਸਾਥੀਆਂ ਨਾਲ ਮਿਲ ਕੇ ਆੜ੍ਹਤੀਏ ਦੇ ਘਰ ਵਿੱਚ ਟੋਆ ਪੁੱਟ ਕੇ ਟੋਕਣੀਆਂ ਦੱਬ ਦਿੱਤੀਆਂ ਅਤੇ ਕਿਹਾ ਕਿ 51 ਦਿਨ ਤੱਕ ਇਨ੍ਹਾਂ ਟੋਕਣੀਆਂ ਨੂੰ ਕੋਈ ਹੱਥ ਨਾ ਲਾਵੇ। ਬਾਅਦ ਵਿੱਚ ਉਨ੍ਹਾਂ ਨੇ ਪਰਿਵਾਰ ਤੋਂ ਭੇਟਾ ਦੇ ਤੌਰ 'ਤੇ 23 ਤੋਲੇ ਸੋਨਾ ਅਤੇ ਸਾਢੇ ਛੇ ਲੱਖ ਰੁਪਏ ਲੈ ਲਏ ਅਤੇ ਉਨ੍ਹਾਂ ਨੂੰ ਦੇਵੀ-ਦੇਵਤਿਆਂ ਦੇ ਦਰਸ਼ਨਾਂ ਲਈ ਲੈ ਗਏ। ਬੀਬੀ ਨੇ ਕਿਹਾ ਕਿ ਜਦ ਉਹ ਵਾਪਸ ਆਉਣਗੇ ਤਾਂ ਇਨ੍ਹਾਂ ਟੋਕਣੀਆਂ ਵਿੱਚ ਸੋਨਾ ਭਰਿਆ ਮਿਲੇਗਾ ਜਿਸ ਵਿੱਚ ਉਨ੍ਹਾਂ ਮਿੱਟੀ ਅਤੇ ਘਾਹ ਭਰਿਆ ਹੋਇਆ ਸੀ।

ਥਾਣਾ ਭੀਖੀ ਦੇ ਏ.ਐਸ.ਆਈ ਗੁਰਤੇਜ ਸਿੰਘ ਨੇ ਦੱਸਿਆ ਕਿ ਦੇਵੀਆਂ ਦੇ ਦਰਸ਼ਨਾਂ 'ਤੇ ਲਿਜਾਣ ਤੋਂ ਬਾਅਦ ਇਹ ਔਰਤ ਅਤੇ ਉਸ ਦੇ ਸਾਥੀ ਉੱਥੋਂ ਫਰਾਰ ਹੋ ਗਏ। ਉਨ੍ਹਾਂ ਦੱਸਿਆ ਕਿ ਇਹ ਘਟਨਾ ਇੱਕ ਜੁਲਾਈ ਦੀ ਹੈ।

ਪੁਲੀਸ ਨੇ ਆੜ੍ਹਤੀਏ ਦੇ ਬਿਆਨਾਂ 'ਤੇ ਮਾਤਾ ਬਣੀ ਅਮਨਦੀਪ ਸ਼ਰਮਾ ਉਸ ਦੇ ਪਤੀ ਜਸਪਾਲ ਚੰਦ ਸ਼ਰਮਾ ਵਾਸੀਅਨ ਲੁਧਿਆਣਾ ਮੌਲਵੀ ਸ਼ਾਰਿਕ ਖਾਨ ਵਾਸੀ ਚਰਵਾਹਾ ਕਲਾਂ ਅਤੇ ਸੁਖਰਾਜ ਸਿੰਘ ਉਰਫ਼ ਸੁੱਖਾ ਵਾਸੀ ਦਹੇੜੂ ਦੇ ਖਿਲਾਫ਼ ਧੋਖਾਧੜੀ ਦਾ ਮਾਮਲਾ ਦਰਜ ਕੀਤਾ ਹੈ।

ਕਈ ਲੋਕ ਸਿਰ ਦੀ ਵਰਤੋਂ ਸਿਰਫ ਵਾਲ ਵਾਹੁਣ ਲਈ ਹੀ ਕਰਦੇ ਨੇ ਸੋਚਣ ਲਈ ਨਹੀਂ। ਭੀਖੀ ਪੁਲਿਸ ਕੋਲ ਇੱਕ ਆੜ੍ਹਤੀਏ ਨੇ ਸ਼ਿਕਾਇਤ ਦਰਜ ਕਰਵਾਈ ਹੈ ਕਿ ਗੁਆਂਢ 'ਚ ਰਹਿੰਦੀ ਚਮਤਕਾਰੀ ਮਾਤਾ ਸਾਨੂੰ ਕਹਿੰਦੀ ਥੋਡੇ ਘਰ 'ਚ ਖਜ਼ਾਨਾ ਦੱਬਿਆ ਹੋਇਆ ਹੈ। ਅਸੀਂ ਮੰਨ ਬੈਠੇ। ਮੰਤਰ ਪੜ੍ਹ ਕੇ ਉਹਨੇ ਦੋ ਟੋਕਰੇ ਘਾਹ ਫੂਸ ਨਾਲ ਭਰ ਕੇ ਸਾਡੇ ਵਿਹੜੇ 'ਚ ਦੱਬ ਦਿੱਤੇ। ਕਹਿੰਦੀ 51 ਦਿਨਾਂ ਬਾਅਦ ਇਹ ਸੋਨੇ ਚਾਂਦੀ ਨਾਲ ਭਰੇ ਹੋਣਗੇ। ਘਰ 'ਚ ਜੋ 23 ਤੋਲੇ ਸੋਨਾ ਤੇ ਸਾਢੇ 6 ਲੱਖ ਰੁਪਿਆ ਸੀ ਉਹ ਲੈ ਕੇ ਸਾਨੂੰ ਦੇਵੀ ਦੇ ਦਰਸ਼ਨ ਕਰਾਉਣ ਤੁਰ ਪਈ ਤੇ ਰਾਹ 'ਚ ਝਕਾਨੀ ਦੇ ਕੇ ਫੁਰਰ ਹੋ ਗਈ।

ਹੁਣ ਵਿਚਾਰੇ ਨੂੰ ਇਨਸਾਫ਼ ਚਾਹੀਦਾ। ਗੇੜੇ ਤੇ ਗੇੜਾ ਥਾਣੇ ਮਾਰ ਰਿਹਾ ਮਾਤਾ ਨੂੰ ਲੱਭਣ ਲਈ। ਮੈਂ ਤਾਂ ਸੋਚਦਾਂ ਕਿ ਥਾਣਿਆਂ 'ਚ ਇੱਕ ਪਟਾ ਇਹੋ ਜਿਹੇ 'ਮਹਾਨ' ਲੋਕਾਂ ਵਾਸਤੇ ਵੀ ਰੱਖਣਾ ਚਾਹੀਦਾ ਜਿਸ 'ਤੇ 'ਆਓ ਮੂੰਹ ਮੰਗੀਆਂ ਮੁਰਾਦਾਂ ਪਾਓ' ਲਿਖਿਆ ਹੋਣਾ ਚਾਹੀਦਾ।

**- ਸਵਰਨ ਸਿੰਘ ਟਹਿਣਾ**

### ✪ ਮਾਸ ਤੇ ਵਾਦ-ਵਿਵਾਦ ਛੱਡੋ ਸਗੋਂ ਵਿਗਿਆਨ ਅਤੇ ਗਣਿਤ ਦੀ ਪੜ੍ਹਾਈ ਵੱਲ ਧਿਆਨ ਦੇਵੋ

ਰਸਾਇਣਿਕ ਵਿਗਿਆਨ ਦੇ ਨੋਬਲ ਇਨਾਮ ਜੇਤੂ ਵੈਂਕਟ ਰਾਮਾ ਕ੍ਰਿਸ਼ਨਾ ਨੇ ਭਾਰਤ ਨੂੰ ਸਲਾਹ ਦਿੱਤੀ ਹੈ ਕਿ ਸਾਨੂੰ ਮਾਸ ਦੇ ਖਾਣ-ਪੀਣ ਤੇ ਵਾਦ-ਵਿਵਾਦ ਖੜ੍ਹੇ ਨਹੀਂ ਕਰਨੇ ਚਾਹੀਦੇ ਸਗੋਂ ਵਿਦਿਆਰਥੀਆਂ ਦੀ ਸਾਇੰਸ ਅਤੇ ਗਣਿਤ ਦੀ ਪੜ੍ਹਾਈ ਵੱਲ ਧਿਆਨ ਦੇਣਾ ਚਾਹੀਦਾ ਹੈ। ਇਸ ਭਾਰਤੀ ਮੂਲ ਦੇ ਵਿਗਿਆਨਕ ਨੇ ਕਿਹਾ ਹੈ ਕਿ 'ਭਾਰਤ ਪਹਿਲਾਂ ਹੀ ਚੀਨ ਨਾਲੋਂ ਤਕਨੀਕਾਂ ਅਤੇ ਖੋਜ਼ਾਂ ਵਿੱਚ ਪਿੱਛੇ ਰਹਿ ਗਿਆ ਹੈ।' ਪੰਜਾਹ ਸਾਲ ਪਹਿਲਾਂ ਦੋਨਾਂ ਦੇਸ਼ਾਂ ਦੀ ਤੁਲਨਾ ਕੀਤੀ ਜਾ ਸਕਦੀ ਸੀ ਪਰ ਅੱਜ ਤਾਂ ਭਾਰਤ ਚੀਨ ਤੋਂ ਬਹੁਤ ਪਿੱਛੇ ਰਹਿ ਗਿਆ ਹੈ। ਜੇ ਇਸ ਤਰ੍ਹਾਂ ਹੀ ਚਲਦਾ ਰਿਹਾ ਤਾਂ ਭਾਰਤ ਹੋਰ ਵੀ ਪਛੜ ਜਾਵੇਗਾ।

ਵੈਂਕਟ ਰਾਮਾ ਕ੍ਰਿਸ਼ਨਾ ਭਾਰਤੀ ਮੂਲ ਦਾ ਵਿਗਿਆਨਕ ਹੈ। ਉਸ ਨੇ 2009 ਵਿੱਚ ਰਾਈਬੋਸੋਮ ਦੀ ਬਣਤਰ ਵਿਸ਼ੇ ਤੇ ਰਸਾਇਣਕ ਵਿਗਿਆਨ ਦਾ ਨੋਬਲ ਪ੍ਰਾਈਜ਼ ਜਿੱਤਿਆ ਸੀ।

### ✪ ਕਰਨਾਟਕਾ ਵਿੱਚ ਅੰਧਵਿਸ਼ਵਾਸ਼ ਵਿਰੋਧੀ ਬਿੱਲ ਪਾਸ

ਕਰਨਾਟਕ ਦੀ ਵਿਧਾਨ ਸਭਾ ਨੇ ਅੰਧਵਿਸ਼ਵਾਸ਼ ਵਿਰੋਧੀ ਬਿਲ ਅਗਸਤ ਮਹੀਨੇ ਵਿੱਚ ਪਾਸ ਕਰ ਦਿੱਤਾ ਹੈ। ਇਸ ਬਿੱਲ ਉੱਪਰ ਕਾਫ਼ੀ ਸਮੇਂ ਤੋਂ ਵਾਦ-ਵਿਵਾਦ ਚੱਲ ਰਿਹਾ ਸੀ। ਕਰਨਾਟਕ ਦੇ ਮੁੱਖ ਮੰਤਰੀ ਸਿੱਧਾਰਮਈਆ ਨੇ ਕਿਹਾ ਹੈ ਕਿ ਇਸ ਬਿਲ ਦੇ ਅਨੁਸਾਰ ਕੁੱਝ ਗੰਭੀਰ ਮੁੱਦਿਆਂ ਤੇ ਮੌਤ ਦੀ ਸਜ਼ਾ ਵੀ ਹੋ ਸਕਦੀ ਹੈ। ਉਸ ਸੂਬੇ ਵਿੱਚ ਕੁੱਝ ਪ੍ਰਥਾਵਾਂ ਅਜਿਹੀਆਂ ਚੱਲੀਆਂ ਆਉਂਦੀਆਂ ਹਨ ਜਿੰਨ੍ਹਾਂ ਵਿੱਚ ਇਨਸਾਨ ਦੀ ਮੌਤ ਵੀ ਹੋ ਜਾਂਦੀ ਹੈ। ਇਸ ਵਿੱਚ ਅੰਧਵਿਸ਼ਵਾਸ਼ ਫੈਲਾਉਣ ਵਾਲੇ ਵਿਅਕਤੀਆਂ ਉੱਪਰ ਵੀ ਕਾਰਵਾਈ ਕੀਤੀ ਜਾ ਸਕਦੀ ਹੈ। ਅੰਧਵਿਸ਼ਵਾਸ਼ ਦਾ ਪ੍ਰਚਾਰ ਕਰਨ ਵਾਲਿਆਂ ਜਾਂ ਪੇਂਡੂਆਂ ਨੂੰ ਝਾੜਫੂਕ ਦੇ ਜਾਲ ਵਿੱਚ ਫਸਾਉਣ ਵਾਲੇ ਵਿਅਕਤੀਆਂ ਵਿਰੁੱਧ ਵੀ ਕਾਰਵਾਈ ਕੀਤੀ ਜਾ ਸਕਦੀ ਹੈ। ਇਸ ਬਿਲ ਅਨੁਸਾਰ ਨਰਬਲੀ ਤੇ ਪੂਰੀ ਤਰ੍ਹਾਂ ਪਾਬੰਦੀ ਲਾ ਦਿੱਤੀ ਗਈ ਹੈ ਅਤੇ ਪਸ਼ੂ ਬਲੀ ਵੀ ਬੰਦ ਕਰ ਦਿੱਤੀ ਗਈ ਹੈ। ਵਾਨਾਮਤੀ ਦੇ ਨਾਂ ਤੇ ਪੱਥਰ ਮਾਰਨੇ ਪ੍ਰੇਤਾਂ ਨੂੰ ਬੁਲਾਉਣਾ ਬੱਚੀਆਂ ਨੂੰ ਦੇਵਦਾਸੀਆਂ ਬਣਾਉਣਾ ਭੂਤ-ਚੁੜੇਲ ਭਜਾਉਣ ਵਾਲਿਆਂ ਨੂੰ ਸੱਦਣ ਤੇ ਪੂਰੀ ਤਰ੍ਹਾਂ ਪਾਬੰਦੀ ਲਾ ਦਿੱਤੀ ਗਈ ਹੈ। ਝਾੜਫੂਕ ਰਾਹੀਂ ਇਸਤਰੀ ਦੇ ਪੇਟ ਵਿੱਚ ਪਲ ਰਹੇ ਬੱਚੇ ਦਾ ਲਿੰਗ ਦੱਸਣਾ ਅਤੇ ਦਵਾਈਆਂ ਨਾਲ ਉਹ ਲਿੰਗ ਬਦਲਣਾ ਆਦਿ ਵੀ ਇਸ ਬਿੱਲ ਅਨੁਸਾਰ ਬੰਦ ਕਰ ਦਿੱਤੇ ਗਏ ਹਨ। ਇਸ ਬਿਲ ਰਾਹੀਂ ਵਾਸਤੂ ਸ਼ਾਸ਼ਤਰ ਅਨੁਸਾਰ ਮਕਾਨਾਂ ਨੂੰ ਢਹਾਉਣਾ ਆਦਿ ਤੇ ਪਾਬੰਦੀ ਲਾਈ ਗਈ ਹੈ।

# ਮੋਦੀ ਨੂੰ 16 ਸਵਾਲ



1. ਮਹਿੰਗਾਈ ਘੱਟ ਹੋਈ? ਨਹੀਂ।
2. ਕੀ ਪਾਕਿਸਤਾਨ ਝੁਕਿਆ? ਨਹੀਂ।
3. ਕੀ ਮਹਿਲਾਵਾਂ ਨੂੰ ਸੁਰੱਖਿਆ ਮਿਲੀ? ਨਹੀਂ।
4. ਕੀ ਇੱਕ ਬਦਲੇ ਦਸ ਸਿਰ ਲਿਆਏ ?ਨਹੀਂ
5. ਕੀ ਗੰਗਾ ਦੀ ਸਫ਼ਾਈ ਹੋਈ? ਨਹੀਂ
6. ਕੀ ਨੋਟਬੰਦੀ ਦਾ ਫਾਇਦਾ ਹੋਇਆ? ਨਹੀਂ
7. ਕੀ ਆਰਥਿਕ ਸਥਿਤੀ ਸੁਧਰੀ? ਨਹੀਂ।
8. ਕੀ ਕਾਲੇ ਧਨ ਵਾਲੇ ਫੜੇ ਗਏ? ਨਹੀਂ
9. ਕੀ ਦੇਸ਼ ਵਿੱਚੋਂ ਭ੍ਰਿਸ਼ਟਾਚਾਰ ਖਤਮ ਹੋਇਆ? ਨਹੀਂ।
10. ਕੀ ਪਿੰਡਾਂ ਦੀ ਦਸ਼ਾ ਸੁਧਰੀ? ਨਹੀਂ।
11. ਕੀ ਦੇਸ਼ ਵਿੱਚੋਂ ਜਾਤੀਵਾਦ ਖਤਮ ਹੋਇਆ? ਨਹੀਂ।
12. ਕੀ ਕਿਸਾਨ ਦੀਆਂ ਆਤਮਹੱਤਿਆਵਾਂ ਰੁਕੀਆਂ? ਨਹੀਂ
13. ਕੀ ਹਰੇਕ ਭਾਰਤੀਆਂ ਦੇ ਬੈਂਕ ਖਾਤਿਆਂ ਵਿੱਚ ਪੰਦਰਾਂ-ਪੰਦਰਾਂ ਲੱਖ ਰੁਪਏ ਜਮ੍ਹਾਂ ਹੋਏ? ਨਹੀਂ।
14. ਕੀ ਜੀ.ਐਸ.ਟੀ. ਦਾ ਆਮ ਦੁਕਾਨਦਾਰਾਂ ਜਾਂ ਸਰਕਾਰ ਨੂੰ ਫਾਇਦਾ ਹੋਇਆ? ਨਹੀਂ।
15. ਕੀ ਗਰੀਬਾਂ ਨੂੰ ਘਰ ਮਿਲੇ? ਨਹੀਂ।
16. ਕੀ ਬੇਰੁਜ਼ਗਾਰਾਂ ਨੂੰ ਨੌਕਰੀਆਂ ਮਿਲੀਆਂ? ਨਹੀਂ।

**- ਮੇਘ ਰਾਜ ਮਿੱਤਰ**

# ਕਵਿਤਾ ਪੂਰਾ ਸੱਚ

**-ਕੁਲਦੀਪ ਸਿਰਸਾ**

ਪੂਰਾ ਸੱਚ ਦੀ ਕਲਮ ਨੇ ਸੱਚ ਲਿਖਿਆ
ਸੌਦਾ ਝੂਠ ਦਾ ਹੋ ਗਿਆ ਬੰਦ ਮੀਆਂ।

ਹੁਣ ਛੱਤ ਦੀਆਂ ਬਾਲੀਆਂ ਗਿਣਦਾ ਹੈ
ਜਿਹੜਾ ਗਿਣਦਾ ਸੀ ਸ਼ੇਰ ਦੇ ਦੰਦ ਮੀਆਂ।

ਜਿਸਨੂੰ ਸੁਪਨੇ 'ਚ 'ਸ਼ਹਿਦ-ਪ੍ਰੀਤ' ਦਿਸਦੀ
ਸੀ
ਹੁਣ ਦਿਸਦਾ ਏ 'ਫਕੀਰ ਚੰਦ' ਮੀਆਂ।

ਜਦੋਂ ਮੀਡੀਆ ਦੀ ਪੂਛ ਨੂੰ ਅੱਗ ਲੱਗੀ
ਹੋ ਗਿਆ ਉਹਦਾ ਵੀ ਰੂਪ ਪ੍ਰਚੰਡ ਮੀਆਂ।

ਬਾਪੂ ਦੀ ਸ਼ਰਧਾ ਨੇ ਕੀਤੇ ਉੱਲੂ ਜਿਹੜੇ
ਕੁੱਟੇ ਗਏ ਉਹ ਸਾਰੇ ਫ਼ਰਜ਼ੰਦ ਮੀਆਂ।

'ਰਣਜੀਤ' ਮਰ ਕੇ ਵੀ ਰਣ ਗਿਆ
ਤੋੜ ਗਿਆ ਘਮੰਡੀ ਦਾ ਘਮੰਡ ਮੀਆਂ।

'ਕੁੱਲ ਦਾ ਕਰਾਊਨ' ਸੀ ਅਸਲ ਉਹ ਬੇਟੀ
ਜੀਹਨੇ ਢਾਹ ਦਿੱਤਾ ਕਿਲ੍ਹਾ ਪਾਖੰਡ ਮੀਆਂ।

ਜਿਹੜਾ 'ਦਸਮ ਦੁਆਰ' ਨੂੰ ਖੋਲ੍ਹਦਾ ਸੀ
ਹੋ ਗਏ ਸਾਰੇ ਦੁਆਰ ਉਹਦੇ ਬੰਦ ਮੀਆਂ।

'ਕੁਲਦੀਪ ਸਿਰਸਾ' ਸਰਸੇ 'ਚ ਰਿਹਾ ਲਿਖਦਾ
ਉਹਦੀਆਂ ਆਸਾਂ ਨੂੰ ਲੱਗ ਗਏ ਅੰਬ ਮੀਆਂ।

ਇਹ ਲੜਾਈ ਨਾ ਪਹਿਲੀ ਨਾ ਆਖਰੀ ਹੈ
ਇਹ ਤਾਂ ਲੰਬੀ ਚੱਲਣੀ ਹੈ ਜੰਗ ਮੀਆਂ।

ਅਧਿਆਤਮਵਾਦ ਹੈ ਭਰਮ ਪੈਦਾ ਕਰਦਾ
ਇਹੀ ਲਾਉਂਦਾ ਡੇਰਿਆਂ ਦੇ ਖੰਭ ਮੀਆਂ।